*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-1, ਜਨਵਰੀ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਵਰ੍ਹਾ 2024 : ਆਓ ਅਗਾਂਹ ਵਧਣ ਦਾ ਪ੍ਰਣ ਲਈਏ

ਵਰ੍ਹਾ 2023 ਭਿਆਨਕ ਘਟਨਾਵਾਂ ਅਤੇ ਤਰਾਸਦੀਆਂ ਨਾਲ ਭਰਿਆ ਰਿਹਾ। ਦੁਨੀਆ ਦੇ ਹਰੇਕ ਕੋਨੇ ਤੋਂ ਸ਼ਾਂਤੀ ਅਤੇ ਅਮਨ ਲਗਭਗ ਖੰਭ ਲਾ ਕੇ ਉਡ ਗਿਆ ਸੀ। ਲਾਤੀਨੀ ਅਮਰੀਕਾ ਤੋਂ ਲੈ ਕੇ ਅਫਰੀਕਾ ਤੇ ਏਸ਼ੀਆ ਤੱਕ ਕੋਈ ਵੀ ਕੋਨਾ ਆਰਥਿਕ, ਸਮਾਜਿਕ ਅਤੇ ਰਾਜਨੀਤਕ ਮੰਦਵਾੜੇ ਵਿਚੋਂ ਉਭਰ ਨਹੀਂ ਸਕਿਆ। ਲਗਾਤਾਰ ਸੱਜੇਪੱਖੀ ਹੁਕਮਰਾਨ ਆਪਣੀ ਤਾਕਤ ਘਟਾਉਣ ਦੀ ਥਾਂ ਵਧਾਉਂਦੇ ਗਏ। ਜਿਨ੍ਹਾਂ ਨੇ ਦੁਨੀਆ ਭਰ ਵਿਚ ਪੂੰਜੀਵਾਦ ਨੂੰ ਨਵੀਂ ਰੂਹ ਫੂਕਣ ਲਈ ਕਾਰਪੋਰੇਟ ਘਰਾਣਿਆਂ ਦਾ ਸਾਥ ਦਿੱਤਾ। ਇਸ ਕਰਕੇ ਦੁਨੀਆ ਭਰ ਦਾ ਮੀਡੀਆ ਕਾਰਪੋਰੇਟ ਘਰਾਣਿਆਂ ਦੀ ਜ਼ੁਬਾਨ ਆਵਾਜ਼ ਅਤੇ ਦ੍ਰਿਸ਼ਟੀ ਬਣ ਗਿਆ। ਜਿਸ ਦੀ ਸਭ ਤੋਂ ਤਰਾਸਦਿਕ ਉਦਾਹਰਣ ਹੈ ਕਿ ਫਲਸਤੀਨ ਦੇ ਲੋਕਾਂ ’ਤੇ ਜਿਸ ਕਦਰ ਤਬਾਹੀ ਦਾ ਆਲਮ ਚਲ ਰਿਹਾ ਹੈ ਦੁਨੀਆ ਦੇ ਇਤਿਹਾਸ ਦੀ ਸਭ ਤੋਂ ਵੱਡੀ ਮਾਨਵੀ ਤਰਾਸਦੀ ਦੇ ਤੌਰ ’ਤੇ ਇਜ਼ਰਾਇਲੀ ਲੋਕਾਂ ਹੋਣੀ ਅਤੇ ਅਣਹੋਣੀ ਹਾਲੇ ਵੀ ਦੁਨੀਆ ਲੋਕਾਂ ਨੂੰ ਬੇਚੈਨ ਨਹੀਂ ਕਰ ਰਹੀ। ਕਿ ਕਿਸ ਕਿਸਮ ਨਾਲ ਦੁਨੀਆ ਜਦੋਂ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਹੈ ਅਤੇ ਖਤਰਨਾਕ ਹਥਿਆਰ ਚੱਪੇ ਚੱਪੇ ’ਤੇ ਅਮਰੀਕਾ ਵਲੋਂ ਵਿਛਾ ਦਿੱਤੇ ਗਏ ਹਨ। ਅਰਬ ਦਾ ਖਿੱਤਾ ਬੁਰੀ ਤਰ੍ਹਾਂ ਵੱਖ-ਵੱਖ ਜੰਗਾਂ ਰਾਹੀਂ ਪੀੜਤ




ਰਿਹਾ ਹੈ। ਇਕ ਪਾਸੇ ਜੰਗਾਂ ਅਤੇ ਦੂਜੇ ਪਾਸੇ ਨਵੇਂ ਕਿਸਮ ਦੇ ਫਾਸਿਸਟ ਤਾਕਤਵਰ ਹੁੰਦੇ ਜਾ ਰਹੇ ਹਨ। ਇਨ੍ਹਾਂ ਰਾਹੀਂ ਦੇਸ਼ਾਂ ਦੀ ਹੋਣੀ ਅਤੇ ਅਣਹੋਣੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਜਿਸ ਦੀ ਸਭ ਤੋਂ ਵੱਡੀ ਉਦਾਹਰਣ ਏਸ਼ੀਆ ਦੇ ਸਭ ਤੋਂ ਵੱਡੇ ਖਿੱਤੇ ਵਿਚਲੇ ਮੁਲਕ ਭਾਰਤ ਜੋ ਕਿ ਵੱਖ ਵੱਖ ਭਾਸ਼ਾਵਾਂ, ਨਸਲਾਂ, ਘੱਟ ਗਿਣਤੀਆਂ, ਸਭਿਆਚਾਰਾਂ ਅਤੇ ਵੱਖ ਵੱਖ ਰਾਜਨੀਤੀਆਂ ਦੇ ਰੰਗ ਬਿਰੰਗਾਂ ਦੇ ਨਾਲ ਨਾਲ ਕਈ ਕੌਮਾਂ ਦਾ ਸਮੂਹ ਹੈ। ਜਿਸ ਦੀ ਸਿਰਜਨਾ ਹੁੰਦਿਆਂ ਕਈ ਸਦੀਆਂ ਅਤੇ ਦਹਾਕੇ ਲੱਗੇ ਸਨ ਉਹ ਬੁਰੀ ਤਰ੍ਹਾਂ ਇਕ ਰੰਗ, ਇਕ ਨਸਲ, ਇਕ ਭਾਸ਼ਾ ਅਤੇ ਇਕ ਵਿਚਾਰ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਜਿਸ ਦਾ ਖਤਰਾ ਆਉਣ ਵਾਲੇ ਵਰ੍ਹੇ 2024 ਵਿਚ ਹੋਰ ਵੀ ਵਧੇਗਾ। ਅਜਿਹੇ ਗੁੰਝਲਦਾਰ ਮੁਲਕ ਦੁਨੀਆ ਬੁਨਿਆਦਾਂ ਨੂੰ ਹਿਲਾਉਣ ਲਈ ਪਹਿਲਾਂ ਹੀ ਪਿਛਲੇ ਦਸ ਸਾਲਾਂ ਤੋਂ ਅਮਲ ਸ਼ੁਰੂ ਹੋ ਚੁੱਕਾ ਹੈ। ਜਿਸ ਦੇ ਵਧਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਇਸ ਬੇਚੈਨ ਅਤੇ ਅਸੰਤੁਲਨ ਮੁਲਕ ਦੇ ਭਵਿੱਖ ’ਤੇ ਸਵਾਲੀਆਚਿੰਨ੍ਹ ਲੱਗ ਗਿਆ ਹੈ। ਇਸੇ ਤਰ੍ਹਾਂ ਲੋਕ ਉਖੜਕੇ ਕੋਈ ਪ੍ਰਵਾਸ ਦਾ ਰਸਤਾ ਦੇਖ ਰਿਹਾ ਹੈ, ਕੋਈ ਰਾਜਨੀਤਕ ਵਿਚਾਰਾਂ ਨੂੰ ਖੁੱਲ੍ਹ ਕੇ ਰੱਖਣ ਤੋਂ ਝਿਜਕ ਰਿਹਾ ਹੈ ਅਤੇ ਚਾਰਾ ਪਾਸੇ ਖੌਫ਼ ਅਤੇ ਨਵਰਤ ਦਾ ਵਾਤਾਵਰਣ ਛਾਇਆ ਹੋਇਆ ਹੈ।

ਅੱਜ ਜਦੋਂ ਅਸੀਂ 2024 ਵਿਚ ਪ੍ਰਵੇਸ਼ ਕਰ ਗਏ ਹਾਂ ਤਾਂ ਵੱਡੀਆਂ ਚੁਣੌਤੀਆਂ ਸਾਡੇ ਸਨਮੁੱਖ ਹਨ। ਇਨ੍ਹਾਂ ਚੁਣੌਤੀਆਂ ਨੂੰ ਸਮਝਣਾ, ਬੁੱਝਣਾਂ ਅਤੇ ਸੋਚ ਕੇ ਅਗਾਂਹ ਚਲਣਾ ਆਉਣ ਵਾਲੇ ਸਮਿਆਂ ਦੇ ਸਰੋਕਾਰਾਂ ਚਾਹੀਦੇ ਹਨ। ਇਸ ਦਿਸ਼ਾ ਵੱਲ ਵਧਣ ਲਈ ਜਿਥੇ ਵਿਚਾਰਾਂ ਦਾ ਸ਼ਾਨ ਤਿੱਖੀ ਕਰਨੀ ਚਾਹੀਦੀ ਹੈ, ਉਥੇ ਸਵਾਲਾਂ ਦੇ ਸਹੀ ਹੱਲ ਲੱਭਣ ਲਈ ਬੌਧਿਕ ਸਮਰੱਥਾ ਅਤੇ ਸ਼ਕਤੀ ਵੀ ਉਤਪੰਨ ਕਰਨੀ ਚਾਹੀਦੀ ਹੈ। ਇਤਿਹਾਸ ਦੇ ਜਿਸ ਪੜਾਅ ’ਤੇ ਅਸੀਂ ਖੜ੍ਹੇ ਹਾਂ ਉਸ ਵਿਚ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਵੱਖ ਵੱਖ ਹਿੱਸਿਆਂ ਨੂੰ ਇਕਜੁਟ ਪਲੇਟਫਾਰਮਾਂ ਵੱਲ ਵਧਣਾ ਚਾਹੀਦਾ ਹੈ। ਚਾਹੇ ਉਹ ਸੰਘਰਸ਼ਾਂ ਦੇ ਕੇਂਦਰ ਹੋਣ, ਚਾਹੇ ਵਿਚਾਰਾਂ ਦੇ ਕੇਂਦਰ ਹੋਣ ਅਤੇ ਚਾਹੇ ਰਾਜਨੀਤੀ ਦੇ ਕੇਂਦਰ ਹੋਣ। ‘ਸਰੋਕਾਰਾਂ ਦਾ ਆਵਾਜ਼’ ਇਸ ਵਿਚ ਆਪਣਾ ਯੋਗਦਾਨ ਪਾਉਣ ਦਾ ਵਾਅਦਾ ਕਰਦੀ ਹੈ। ਵਰ੍ਹਾ 2024 ਵਿਚ ਇਕ ਬਦਲ ਉਸਾਰਨ ਲਈ ਕੇਂਦਰ ਬਣਨ ਦੀ ਇੱਛਾ ਰੱਖਦੀ ਹੈ।

ਅਸੀਂ ਵਰ੍ਹਾ 2024 ਦੀ ਆਮਦ ’ਤੇ ਹਰ ਇਕ ਨੂੰ ਸ਼ਾਨਦਾਰ ਵਿਚਾਰਾਂ ਨਾਲ ਲੈਸ ਕਰਨ ਦਾ ਕਾਰਜ ਕਰਨ ਵਿਚ ਪਹਿਲਕਦਮੀ ਕਰਦੇ ਰਹਾਂਗੇ ਤਾਂ ਕਿ ਦੁਨੀਆ ਦੇ ਹਰੇਕ ਕੋਨੇ ’ਤੇ ਕਿਰਤ ਕਰਨ ਵਾਲੇ ਲੋਕ ਆਪਣੀ ਕਿਰਤ ਵਾਲੇ ਰਾਜ਼ ਸਥਾਪਤ ਕਰਨ ਵਿਚ ਭਾਈਵਾਲ ਹੋ ਸਕਣ। ਸਾਡੇ ਕੋਲ ਇਤਿਹਾਸ, ਸਭਿਆਚਾਰ, ਰਾਜਨੀਤੀ ਅਤੇ ਨਵੇਂ ਸਮਾਜ ਦੀ ਸਿਰਜਨਾ ਦਾ ਵਿਚਾਰ ਹੈ ਜੋ ਇਸ ਧਰਤੀ ’ਤੇ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਉਸ ਦਿਸ਼ਾ ਵੱਲ ਹਰੇਕ ਕਦਮ ਸਾਡਾ ਰਾਹ ਦਰਸਾਵਾ ਹੋਵੇਗਾ।

**- ਸੰਪਾਦਕੀ ਬੋਰਡ**





















14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |















**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਂਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary
Ph. : 403-701-4947

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194





SAVANNA Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3 403-590-4888
www.savannamarketdental.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® R REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed



Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਨਸਲੀ ਹਿੰਸਾ ਵਿਚ ਪਾਣੀ ਨੂੰ ਇਕ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਇਜ਼ਰਾਇਲ

ਨਰਭਿੰਦਰ
93544-30711

ਗਾਜ਼ਾ ਪੱਟੀ ਦੁਨੀਆ ਦੀ ਸਭ ਤੋਂ ਸੰਘਣੀ ਆਬਾਦੀ ਵਾਲੇ ਖੇਤਰਾਂ ਵਿਚੋਂ ਇਕ ਹੈ। 2005 ਤੋਂ ਲੈ ਕੇ ਇਜ਼ਰਾਇਲ ਨੇ ਇਥੋਂ ਦੀਆਂ 21 ਬਸਤੀਆਂ ਨੂੰ ਪਹਿਲਾਂ ਹੀ ਖਾਲੀ ਕਰ ਦਿੱਤਾ ਸੀ ਤੇ ਫਿਰ ਅਕਤੂਬਰ ਤੋਂ ਜਿਹੜੀ ਭਿਆਨਕ ਤ੍ਰਾਸਦੀ ਚਲ ਰਹੀ ਹੈ ਇਹ ਦੁਨੀਆ ਦੇ ਅੱਖਾਂ ਸਾਹਮਣੇ ਹੈ। ਇਥੇ ਉਸ ਤ੍ਰਾਸਦੀ ਭੋਗ ਰਹੇ ਫਲਸਤੀਨੀ ਲੋਕਾਂ ਦੀ ਸਿਹਤ ਤੇ ਜ਼ਿੰਦਗੀ ਦੀ ਹੋਂਦ ਬਾਰੇ ਗੱਲ ਕਰਾਂਗੇ ਜਿਸ ਨੇ ਉਨ੍ਹਾਂ ਦੀ ਹੋਂਦ ਨੂੰ ਹੀ ਖਤਰਾ ਖੜ੍ਹਾ ਕਰ ਦਿੱਤਾ ਹੈ। ਇਜ਼ਰਾਇਲੀ ਇਤਿਹਾਸਕਾਰ ਇਲਾਨ ਪੱਪੇ ਨੇ ਤੇ ਦੁਨੀਆ ਦੇ ਕਈ ਚਿੰਤਕਾਂ ਨੇ ਇਹਨੂੰ 'ਵਧਦਾ ਹੋਇਆ ਨਰਸੰਹਾਰ' ਕਿਹਾ ਹੈ।

ਇਜ਼ਰਾਇਲ ਦੀ ਲੰਬੀ ਨਾਕੇਬੰਦੀ ਅਤੇ ਦਰਜਨ ਤੋਂ ਵੱਧ ਫੌਜੀ ਹਮਲਿਆਂ ਕਰਕੇ ਗਾਜ਼ਾ ਪੱਟੀ ਵਿਚ ਪੀਣਯੋਗ ਪਾਣੀ ਦੀ ਵਿਆਪਕ ਘਾਟ ਖੜ੍ਹੀ ਕਰ ਦਿੱਤੀ ਗਈ ਹੈ। ਯਾਦ ਹੋਵੇਗਾ ਇਸ ਅਕਤੂਬਰ ਵਿਚ ਹੀ ਇਜ਼ਰਾਇਲ ਨੇ ਹਮਾਮ ਹਮਲੇ ਪਿਛੋਂ ਗਾਜ਼ਾ 'ਚ ਬਿਜਲੀ ਪਾਣੀ ਤੇ ਹੋਰ ਖੁਰਾਕੀ ਵਸਤੂਆਂ ਦੀ ਸਪਲਾਈ ਬੰਦ ਕਰ ਦਿੱਤੀ ਤੇ ਯੂਐਨਓ ਦੇ ਵਾਰ ਵਾਰ ਕਹਿਣ 'ਤੇ ਵੀ ਇਜ਼ਰਾਇਲ ਦਾ ਰਵੱਈਆ ਅੜੀਅਲ ਹੀ ਰਿਹਾ ਹੈ। ਭਾਵ ਭੁੱਖੇ ਤਿਹਾਏ ਰੱਖ ਕੇ ਮਾਰਨ ਦੀ ਸਾਮਰਾਜੀ ਨੀਤੀ ਉਘੜਵੀਂ ਮਿਸਾਲ ਹੈ। ਫਲਸਤੀਨੀ ਆਬਾਦੀ ਵਿਚ ਅੱਧੇ ਤੋਂ ਵੱਧ ਬੱਚੇ ਹਨ। ਇਜ਼ਰਾਇਲ ਨੇ ਜਿਥੇ ਬੰਬਾ 'ਤੇ ਹਮਲੇ ਦਾ ਨਿਸ਼ਾਨਾ ਬੱਚੇ ਬਣਾਏ ਹਨ, ਉਥੇ ਉਨ੍ਹਾਂ ਦੇ ਕਤਲੇਆਮ ਵਿਚ ਭੁੱਖਾ ਤਿਹਾਇਆ ਰੱਖ ਕੇ ਮਾਰਨ ਦਾ ਹਥਿਆਰ ਵੀ ਵਰਤ ਰਿਹਾ ਹੈ। ਦੁਨੀਆ ਸਾਹਮਣੇ ਸਵਾਲ ਹੈ ਕਿ ਇਜ਼ਰਾਇਲ ਅੰਦਰ ਇਹ ਗਾਜ਼ਾ ਪੱਟੀ ਉਨ੍ਹਾਂ ਲਈ 'ਇਕ ਗਣਿਹਯੋਗ ਸਥਾਨ' ਵੀ ਬਣੀ ਰਹੇਗੀ ਕਿ ਨਹੀਂ। ਸਿਰਫ਼ 25 ਮੀਲ ਲੰਮੀ ਅਤੇ ਕੁਝ ਮੀਲ ਚੌੜੀ ਗਾਜ਼ਾ ਪੱਟੀ 'ਚ 23 ਲੱਖ ਲੋਕਾਂ ਦਾ ਵਸੇਬਾ ਹੈ। ਜਿਸ 'ਚੋਂ 70 ਫੀਸਦੀ ਰਾਜਣਹੀਲ ਸ਼ਰਨਾਰਥੀ ਅਤੇ ਉਨ੍ਹਾਂ ਦੇ ਵੰਜ਼ਸ਼ ਅਤੇ ਸ਼ਰਨਾਰਥੀ ਕੈਂਪਾਂ ਵਿਚ ਰਹਿ ਰਹੇ ਹਨ। ਜਿਹੜੇ 1948 'ਚ ਰਾਜ ਬਣਾਉਣ ਦੇ ਸਮੇਂ ਤੋਂ ਬਾਹਰ ਕੱਢ ਦਿੱਤੇ ਗਏ। ਹੁਣ ਆਪਣੇ ਪੁਰਾਣੇ ਘਰਾਂ ਤੋਂ ਕੁਝ ਹੀ ਦੂਰ ਪਿੰਜਰਿਆਂ ਵਰਗੀਆਂ ਥਾਵਾਂ ਵਿਚ ਕੈਦ ਹਨ। ਇਜ਼ਰਾਇਲ ਨੇ ਫਲਸਤੀਨ ਉਤੇ 1967 ਤੋਂ ਕਬਜ਼ਾ ਕਰਨਾ ਸ਼ੁਰੂ ਕੀਤਾ ਅਤੇ ਵੱਡੀ ਗਿਣਤੀ 'ਚ ਹਜ਼ਾਰਾਂ ਇਜ਼ਰਾਈਲੀਆਂ ਨੂੰ ਫੌਜ ਦੀ ਮਦਦ ਨਾਲ ਫਲਸਤੀਨ ਦੇ ਅੰਦਰ ਵਸਾ ਕੇ ਉਨ੍ਹਾਂ ਦੀ ਧਰਤੀ ਉਤੇ ਕਬਜ਼ਾ ਕਰ ਲਿਆ। 1967 ਤੱਕ 20 ਫੀਸਦੀ ਫਲਸਤੀਨੀ ਧਰਤੀ ਇਜ਼ਰਾਇਲ ਦੇ ਕਬਜ਼ਾ 'ਚ ਆ ਚੁੱਕੀ ਸੀ। 2006 ਦੀਆਂ ਫਲਸਤੀਨੀ ਸਥਾਨਕ ਚੋਣਾਂ ਹਮਾਸ ਵਲੋਂ ਵੱਡੀ ਗਿਣਤੀ ਵਿਚ ਜਿੱਤੀਆਂ ਗਈਆਂ ਤੇ ਗਾਜ਼ਾ ਪੱਟੀ 'ਚ ਆਪਣੀ ਸੱਤਾ ਸਥਾਪਤ ਕਰ ਲਈ। ਇਜ਼ਰਾਇਲ ਨੇ ਮਿਸਰ ਦੀ ਸਹਾਇਤਾ ਤੇ ਅਮਰੀਕੀ ਥਾਪੀ ਨਾਲ ਗਾਜ਼ਾ ਪੱਟੀ ਦੀ ਨਾਕਾਬੰਦੀ ਕਰਕੇ ਦੁਨੀਆ ਤੋਂ ਉਹਨੂੰ ਕੱਟ ਦਿੱਤਾ ਗਿਆ ਅੱਜ ਤੱਕ ਜਾਰੀ ਹੈ।

ਇਸ ਨਾਕੇਬੰਦੀ ਨੇ ਗਾਜ਼ਾ ਦੀ ਅਰਥ ਵਿਵਸਥਾ ਨੂੰ ਨਸ਼ਟ ਕਰ ਦਿੱਤਾ। ਹਿਊਮੈਨ ਰਾਈਟਸ ਵਾਚ ਨੇ ਗਾਜ਼ਾ ਪੱਟੀ ਨੂੰ 'ਖੁੱਲ੍ਹਾ ਹਵਾ ਵਾਲੀ ਜੇਲ੍ਹ' ਦੇ ਰੂਪ ਵਿਚ ਚਿੰਤਨ ਕੀਤ ਹੈ। ਇਹਦੀ ਆਬਾਦੀ ਬਾਹਰ ਇਜ਼ਰਾਇਲੀ ਫੌਜੀ ਕੰਧਾ 'ਤੇ ਵਾੜਾਂ ਵਿਚ ਫਸੀ ਹੋਈ ਹੈ ਅਤੇ ਲਗਾਤਾਰ ਡਰੋਨ ਦੀ ਨਿਗਰਾਨੀ ਹੇਠ ਹੈ। ਜਦੋਂਕਿ ਇਜ਼ਰਾਇਲ ਜ਼ਮੀਨੀ ਅਤੇ ਸਮੁੰਦਰੀ ਰਾਹਾਂ ਰਾਹੀਂ ਮਾਲ ਅਤੇ ਲੋਕਾ ਦੀ ਆਵਾਜਾਈ ਉਤੇ ਸਖ਼ਤ ਪਹਿਰਾ ਰੱਖਦਾ ਆ ਰਿਹਾ ਹੈ। ਸਮੇਂ ਸਮੇਂ ਉਤੇ ਘਾਤਕ ਹਮਲੇ "ਮੂਵਿੰਗ ਦਾ ਗ੍ਰਾਸ' ਰਣਨੀਤੀ ਵਾਲੀਆਂ ਫੌਜੀ ਮੁਹਿੰਮਾਂ ਵਿਚ ਲੱਗਾ ਰਹਿੰਦਾ ਰਿਹਾ ਹੈ। 'ਮੂਵਿੰਗ ਦਾ ਗ੍ਰਾਸ' ਤੋਂ ਭਾਵ ਇਹ ਕਿ ਇਜ਼ਰਾਇਲ ਵਲੋਂ 'ਗਾਜ਼ਾ ਦੇ ਵਿਰੋਧ ਲੜਿਆ ਜਾਣ ਵਾਲਾ ਇਹ ਇਕ ਅਜਿਹਾ ਯੁੱਧ ਹੈ ਜਿਸ ਵਿਚ ਇਜ਼ਰਾਇਲ ਇਹ ਮੰਨ ਕੇ ਚਲ ਰਿਹਾ ਹੈ ਕਿ ਇਹਦਾ ਕੋਈ ਰਾਜਸੀ ਹੱਲ ਨਹੀਂ। ਨਾ ਹੀ ਉਹ ਕਿਸੇ ਰਾਜਨੀਤਕ ਹੱਲ ਤੱਕ ਪਹੁੰਚਣ ਲਈ ਤਿਆਰ ਹੈ।



**ਪਾਣੀ ਇਕ ਹਥਿਆਰ** : ਗਾਜ਼ਾ ਪੱਟੀ ਵਿਚ ਨਵੇਂ ਮਿੱਠੇ ਪਾਣੀ ਦਾ ਇਕੋ ਇਕ ਸਰੋਤ ਹੈ। ਇਹ ਉਤਰੀ ਇਜ਼ਰਾਇਲ ਤੋਂ ਮਿਸਰ ਵਿਚ ਉਤਰੀ ਸਿਨਾਈ ਜਲਟਾਪੂ ਤੱਕ ਫੈਲਿਆ ਤੱਟਵਰਤੀ ਪਾਣੀ ਦਾ ਸੋਮਾ ਹੈ। ਵੈਸਟ ਬੈਂਕ ਦੇ ਹੇਠਲੇ ਜਲ ਸਰੋਤਾਂ ਦੇ ਨਾਲ ਨਾਲ ਕਬਜ਼ਾ ਸ਼ੁਰੂ ਹੋਣ ਤੋਂ ਪਿਛੋਂ ਤੱਟਵਰਤੀ ਪਾਣੀ ਦੇ ਸੋਮੇ ਵੀ ਪੂਰੀ ਤਰ੍ਹਾਂ ਇਜ਼ਰਾਇਲੀ ਕੰਟਰੋਲ ਵਿਚ ਆ ਗਏ ਹਨ। 2013 ਵਿਚ ਸੰਯੁਕਤ ਰਾਸ਼ਟਰ ਨੇ ਇਕ ਅਧਿਐਨ ਕਰਵਾਇਆ ਸੀ, ਜਿਸ ਅਨੁਸਾਰ ਤੱਟ ਵਾਲੇ ਸੋਮਿਆਂ ਵਿਚੋਂ 66 ਫੀਸਦੀ ਪਾਣੀ ਇਜ਼ਰਾਇਲ ਕੱਢਦਾ ਹੈ। ਜਦੋਂਕਿ ਗਾਜ਼ਾ ਪੱਟੀ ਸਿਰਫ਼ 23 ਫੀਸਦੀ ਹੀ ਕੱਢਦੀ ਹੈ ਤੇ ਮਿਸਰ 11 ਫੀਸਦੀ ਪਾਣੀ ਕੱਢਦਾ ਹੈ।

ਜਦੋਂ ਤੋਂ ਇਜ਼ਰਾਇਲੀ 'ਸ਼ਰਨਾਰਥੀ' ਬਣ ਕੇ ਹਜ਼ਾਰਾਂ ਦੀ ਗਿਣਤੀ ਵਿਚ ਗਾਜ਼ਾ ਪੱਟੀ ਵਿਚ ਜਾ ਵਸੇ ਜਲ ਸਰੋਤਾਂ ਉਤੇ ਭਾਰੀ ਦਬਾਅ ਪੈ ਗਿਆ। ਆਪਣੀ ਧਰਤੀ ਉਤੇ ਸਦੀਆਂ ਤੋਂ ਵਸਣ ਵਾਲੇ ਮੂਲ ਨਿਵਾਸੀਆਂ (ਫਲਸਤੀਨੀਆਂ) ਨਾਲੋਂ ਇਹ ਇਜ਼ਰਾਇਲੀ ਪਰਵਾਸੀ ਵਧੇਰੇ ਪਾਣੀ ਕੱਢ ਰਹੇ ਹਨ। 1995 ਤੋਂ 2011 ਦੇ ਸਮੇਂ ਵਿਚ ਹੇਠਲੇ ਪਾਣੀ ਦੀ ਨਿਕਾਸੀ 30 ਫੀਸਦੀ ਵਧ ਗਈ ਹੈ। ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋ ਗਿਆ ਹੈ ਜਿਸ ਨਾ ਸਮੁੰਦਰੀ ਪਾਣੀ ਦੇ ਜਲ ਸਰੋਤਾਂ ਨੂੰ ਅੰਦਰ ਆਉਣ ਦਾ ਰਾਹ ਮਿਲ ਗਿਆ ਹੈ। ਇਜ਼ਰਾਇਲ ਦੇ ਡੂੰਘੇ ਖੂਹਾਂ ਨੇ ਗਾਜ਼ਾ ਦੇ ਨਾਲ ਲਗਦੇ ਬੋਰਹੋਲ (ਧਰਤੀ 'ਚੋਂ ਪਾਣੀ ਕੱਢਣ ਵਾਲੇ ਟਿਊਬਵੈਲ) ਅਤੇ ਬੰਨ੍ਹਾਂ ਨੂੰ ਗਾਜ਼ਾ ਪੱਟੀ ਵਿਚ ਪਾਣੀ ਦੀ ਲੋੜ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ।

ਸੰਯੁਕਤ ਰਾਸ਼ਟਰ ਨੇ ਆਪਣੀ 2012 ਦੀ ਸਰਵੇ ਰਿਪੋਰਟ ਵਿਚ ਕਿਹਾ ਸੀ ਕਿ "ਗਾਜ਼ਾ ਦੀ ਪਾਣੀ ਦੇ ਸਰੋਤਾਂ ਵਿਚ 60 ਫੀਸਦੀ ਵਧੇਰੇ ਪਾਣੀ ਕੱਢਣ ਬਿਨਾਂ 2020 ਤੱਕ ਜਲ ਸਰੋਤ ਆਪਣੇ ਆਪ ਹੀ ਨੁਕਸਾਨੇ ਜਾ ਸਕਦੇ ਹਨ।" ਵਿਸ਼ਵ ਬੈਂਕ ਨੇ 2010-16 ਦੇ ਸਮੇਂ ਦੌਰਾਨ ਗਾਜ਼ਾ ਵਿਚ 'ਚਿੰਤਾਜਨਕ ਤੇ ਵਿਗੜੀ ਹੋਈ ਹਾਲਤ" ਦਾ ਹਵਾਲਾ ਦਿੱਤਾ ਅਤੇ ਇਹ ਨੋਟ ਕੀਤਾ ਕਿ '2016 ਤੱਕ ਗਾਜ਼ਾ ਵਿਚ ਚੰਗੇ ਪੀਣ ਵਾਲੇ ਪਾਣੀ ਦੀ ਪਹੁੰਚ ਸਿਫਰ (ਜ਼ੀਰੋ) ਦੇ ਕਰੀਬ ਸੀ।'

2020 ਤੱਕ ਗਾਜ਼ਾ ਨਿਵਾਸੀ ਅਜੇ ਵੀ ਆਪਣੇ ਵਰਤੋਂ ਲਈ ਪਾਣੀ ਦਾ 95 ਫੀਸਦੀ ਤੋਂ ਵੱਧ ਪ੍ਰਦੂਸ਼ਿਤ ਪਾਣੀ ਧਰਤੀ ਹੇਠੋਂ ਹੀ ਹਾਸਲ ਕਰਦੇ ਰਹੇ ਹਨ ਅਤੇ ਇਸ ਦੀ ਟਿਕਾਊ ਉਪਜ ਦਾ ਇਕ ਤਿਹਾਈ ਤੋਂ ਵੱਧ ਕੱਢ ਰਹੇ ਸਨ, ਜਦੋਂਕਿ ਪਾਣੀ ਸਪਲਾਈ ਸੰਭਾਲਣ ਦੇ ਜ਼ੁਰਜ਼ਰ ਬੁਨਿਆਦੀ ਢਾਂਚੇ ਕਰਕੇ ਇਕ ਤਿਹਾਈ ਤੋਂ ਵੱਧ ਪਾਣੀ ਕੁਸਟ ਹੋ ਜਾਂਦਾ ਸੀ। ਜ਼ਿਆਦਾ ਖਣਿਜ ਤੇ ਲੂਣ ਦੀ ਮਿਕਦਾਰ ਹੋਣ ਕਰਕੇ ਉਸ ਜ਼ਮੀਨੀ ਪਾਣੀ ਦਾ ਲਗਭਗ 97 ਫੀਸਦੀ ਪਾਣੀ ਅਯੋਗ ਸੀ। ਗਾਜ਼ਾ ਦੀ ਬਾਕੀ ਪੂਰਤੀ ਛੋਟੇ ਅਨਿਯਮਤ ਪਾਣੀ ਨੂੰ ਸ਼ੁੱਧ ਕਰਨ ਵਾਲੇ ਯੰਤਰਾਂ ਰਾਹੀਂ ਹਾਸਲ ਕੀਤੀ ਜਾਂਦੀ ਹੈ। ਲਗਭਗ 2.6 ਫੀਸਦੀ ਅਤੇ ਬਾਕੀ ਪਾਣੀ ਇਜ਼ਰਾਇਲੀ ਕੌਮੀ ਜਲ ਕੰਪਨੀ ਮੇਰੋਰੈਂਟ ਪਾਸੋਂ ਨਗਦ ਰਾਸ਼ੀ ਦੇ ਕੇ ਖਰੀਦਦਾ ਹੈ। ਜੇ ਕਿਤੇ ਫਲਸਤੀਨੀ ਇਸ ਮੁੱਲ ਦੇ ਪਾਣੀ ਦੀ ਕੀਮਤ ਅਦਾ ਨਾ ਕਰ ਸਕਣ ਜਾਂ ਅਦਾ ਕਰਨ 'ਚ ਲੇਟ ਹੋ ਜਾਣ ਤਾਂ ਇਜ਼ਰਾਨ ਫਲਸਤੀਨੀ ਨੂੰ ਆਏ ਫੰਡਾਂ ਵਿਚੋਂ ਪਾਣੀ ਦੇ ਬਿੱਲਾ ਦੀ ਰਾਸ਼ੀ ਕੱਟ ਲੈਂਦਾ ਹੈ।

ਸਾਲ 2020 ਵਿਚ ਪ੍ਰਕਾਸ਼ਤ ਵਾਤਾਵਰਣ ਮੁਲਾਂਕਣ ਵਿਸ਼ੇਸ਼ ਰੂਪ ਵਿਚ ਨਿਰਾਸ਼ਾਜਨਕ ਸੀ। ਇਸ ਵਿਚ ਦੱਸਿਆ ਗਿਆ ਕਿ ਤੱਟੀ ਦੇ ਇਲਾਕੇ ਦੇ ਜਲ ਸਰੋਤ ਸਮੁੰਦਰੀ ਤਲ ਤੋਂ ਦਸ ਮੀਟਰ ਹੇਠਾਂ ਤੱਕ ਘੱਟ ਗਏ ਹਨ। ਜਦੋਂਕਿ ਸਿਰਫ਼ 50-60 ਮਿਲੀਅਨ ਕਿਊਬਕ ਮੀਟਰ ਧਰਤੀ ਹੇਠਲੇ ਪਾਣੀ ਨੂੰ ਹੀ ਸੁਰੱਖਿਅਤ ਰੂਪ ਵਿਚ ਕੱਢਿਆ ਜਾ ਸਕਦਾ ਸੀ। ਜਦੋਂਕਿ ਇਹ ਹਰ ਸਾਲ ਲਗਭਗ 160-200 ਐਮ.ਸੀ.ਐਮ. (ਮਿਲੀਅਨ ਕਿਊਬਕ ਮੀਟਰ) ਕੱਢਿਆ ਜਾ ਰਿਹਾ ਸੀ। ਨਗਰ ਪਾਲਿਕਾਵਾਂ ਸਿਰਫ਼ 80 ਫੀਸਦੀ ਵਾਸੀਆਂ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਸਮਰੱਥ ਸਨ ਅਤੇ ਪਾਈਪਾਂ ਰਾਹੀਂ ਪਾਣੀ ਕਈ ਦਿਨਾਂ ਤੱਕ ਘਰਾਂ ਤੱਕ ਪਹੁੰਚਾਉਣ ਵਿਚ ਨਾਕਮ ਰਹੀਆਂ।

ਸਾਫ਼ ਪਾਣੀ ਦੀ ਘਾਟ ਸਮੱਸਿਆ ਇਕ ਛੋਟਾ ਹਿੱਸਾ ਹੀ ਹੈ। ਅਕਸਰ ਪ੍ਰਦੂਸ਼ਤ ਪਾਣੀ ਵਾਲੇ ਟੈਂਕਰ ਨੂੰ ਖ੍ਰੀਦਣ ਦੀ ਲਾਗਤ ਕਈ ਗਾਜ਼ਾ ਵਾਸੀਆਂ ਲਈ ਬਹੁਤ ਹੀ ਜ਼ਿਆਦਾ ਹੈ। ਜਿਨ੍ਹਾਂ ਵਿਚੋਂ ਅੱਧੇ ਤੋਂ ਵੱਧ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। 2021 ਤੱਕ ਗਾਜ਼ਾ ਦੀ ਅੱਧੀ ਆਬਾਦੀ ਬੇਰੁਜ਼ਗਾਰ ਸੀ। ਉਹ ਜਿਸ ਪਾਣੀ ਦੀ ਵਰਤੋਂ ਕਰਦੇ ਹਨ, ਉਹ ਵਿਸ਼ਵ ਸਿਹਤ ਸੰਗਠਨ ਵਲੋਂ ਪ੍ਰਤੀ ਵਿਅਕਤੀ ਘਰੇਲੂ ਲੋੜਾਂ ਦੇ ਲਈ ਨਿਰਧਾਰਤ 100 ਲੀਟਰ ਪ੍ਰਤੀ ਦਿਨ ਦੇ ਮਾਪਦੰਡ ਤੋਂ ਕਾਫ਼ੀ ਘੱਟ ਹੈ। 22 ਮਾਰਚ 2022 ਜਿਹੜਾ ਵਿਸ਼ਵ ਜਲ ਦਿਵਸ ਦੇ ਰੂਪ ਵਿਚ ਚਿੰਤਨ ਹੈ, ਉਤੇ ਫਲਸਤੀਨੀ ਅੰਕੜਾ ਬਿਊਰੋ ਅਤੇ ਫਲਸਤੀਨੀ ਜਲ ਸਪਲਾਈ ਵਿਭਾਗ ਵਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਇਹ ਦੱਸਿਆ ਗਿਆ ਕਿ ਗਾਜ਼ਾ ਵਿਚ ਘਰੇਲੂ ਵਰਤੋਂ ਲਈ ਪ੍ਰਤੀ ਦਿਨ ਪ੍ਰਤੀ ਵਿਅਕਤੀ 86.6 ਲੀਟਰ ਪਾਣੀ ਹੀ ਦਿੱਤਾ ਗਿਆ। ਹਾਲਾਂ ਕਿ ਮਨੁੱਖੀ ਵਰਤੋਂ ਲਈ ਭਾਵ ਪੀਣ ਵਾਲਾ ਤੇ ਰਸੋਈ ਦੀ ਵਰਤੋਂ ਵਾਲੇ ਪਾਣੀ ਦੀ ਮਾਤਰਾ ਪ੍ਰਤੀ ਦਿਨ ਸਿਰਫ਼ 26.8 ਲੀਟਰ ਹੈ। ਜਦੋਂਕਿ ਇਜ਼ਰਾਈਲ ਵਿਚ ਪ੍ਰਤੀ ਵਿਅਕਤੀ ਪਾਣੀ ਦੀ ਖਪਤ 230 ਲੀਟਰ ਪ੍ਰਤੀ ਦਿਨ ਹੈ। ਭਾਵ ਇਕ ਇਜ਼ਰਾਈਲੀ ਜੇ 230 ਲੀਟਰ ਪਾਣੀ ਹਰ ਰੋਜ਼ ਵਰਤ ਰਿਹਾ ਹੈ ਤਾਂ ਇਕ ਫਲਸਤੀਨੀ ਲਈ ਇਹ 86.6 ਲੀਟਰ ਪ੍ਰਤੀ ਦਿਨ ਪ੍ਰਤੀ ਵਿਅਕਤੀ ਹੈ। ਭਾਵ ਇਜ਼ਰਾਈਲੀ ਵਿਅਕਤੀ 144 ਲੀਟਰ ਪਾਣੀ ਦੀ ਵੱਧ ਵਰਤੋਂ ਕਰਦਾ ਹੈ।

**ਗਾਜ਼ਾ ਪੱਟੀ ਦਾ ਪਾਣੀ ਇਜ਼ਰਾਈਲ ਦੇ ਨਿਸ਼ਾਨੇ ਹੇਠ** : ਫੌਜੀ ਹਮਲਿਆਂ ਅਤੇ ਊਰਜਾ ਸਰੋਤਾਂ ਦੀ ਘਾਟ ਕਾਰਨ ਬੇਕਾਰ ਹੋਈ ਪਾਣੀ ਸਪਲਾਈ ਕਰਨ ਵਾਲੇ ਢਾਂਚੇ ਕਰਕੇ ਗਾਜ਼ਾ ਦੀਆਂ ਪਾਣੀ ਦੀਆਂ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ। 2006 ਵਿਚ ਵੀ ਗਾਜ਼ਾ ਵਿਚ ਇਜ਼ਰਾਈਲ ਵਲੋਂ ਸੁੱਟੀਆਂ ਮਿਜ਼ਾਇਲਾਂ ਨੇ ਇਕੋ ਇਕ ਬਿਜਲੀ ਪੈਦਾ ਕਰਨ ਵਾਲੇ ਸਰੋਤ ਨੂੰ ਵੀ ਨਸ਼ਟ ਕਰ ਦਿੱਤਾ। ਜਦੋਂ ਅਗਲੇ ਸਾਲ 2007 ਵਿਚ ਇਜ਼ਰਾਈਲ ਨੇ ਗਾਜ਼ਾ ਪੱਟੀ ਵੀ ਨਾਕੇਬੰਦੀ ਕਰ ਦਿੱਤੀ ਤਾਂ ਗਾਜ਼ਾ ਪੱਟੀ ਦਾ ਬੁਨਿਆਦੀ ਢਾਂਚਾ ਖਤਰਨਾਕ ਹਾਲਤ ਵਿਚ ਪਹੁੰਚ ਗਿਆ ਸੀ। 2007 ਵਿਚ ਇਕ ਸੀਵਰੇਜ ਦੇ ਹਿੱਸੇ ਦੇ ਢਹਿਣ ਨਾਲ ਪੰਜ ਫਲਸਤੀਨੀਆਂ ਦੀ ਡੁੱਬ ਕੇ ਮੌਤ ਹੋ ਗਈ। ਇਵੇਂ ਹੀ ਸਾਲ 2008-09, 2012, 2014, 2021 ਅਤੇ ਅਗਸਤ 2022 ਵਿਚ ਇਜ਼ਰਾਈਲ ਵਲੋਂ ਲਗਾਤਾਰ ਕੀਤੇ ਫੌਜੀ ਹਮਲਿਆਂ ਕਾਰਨ, ਗਾਜ਼ਾ ਪੱਟੀ ਦੇ ਅੰਦਰਲਾ ਬੁਨਿਆਦੀ ਢਾਂਚਾ, ਤਬਾਹ ਕਰ ਦਿੱਤਾ। ਜਿਸ 'ਚ ਜਿਲੀ, ਊਰਜਾ ਦੇ ਹੋਰ ਸਰੋਤਾਂ (ਜਿਨ੍ਹਾਂ 'ਚ ਤੇਲ ਤੇ ਹੋਰ), ਪਾਣੀ, ਸੜਕਾਂ ਆਵਾਜਾਈ ਆਦਿ ਆਉਂਦੇ ਹਨ। 2008-09 ਵਿਚ ਇਜ਼ਰਾਈਲ ਨੇ ਅਪ੍ਰੇਸ਼ਨ 'ਕਾਸਟਲੀਡ' ਦਰਮਿਆਨ ਪਾਣੀ ਦੇ ਚਾਰ ਵੱਡੇ ਖੂਹਾਂ ਅਤੇ ਪਾਣੀ ਦੇ ਸਟੋਰੇਜ ਲਈ ਬਣੇ ਤਲਾਬਾਂ ਨੂੰ ਤਬਾਹ ਕਰ ਦਿੱਤਾ ਸੀ ਨਾਲ ਹੀ ਉਹ ਪੰਪਿੰਗ ਸਟੇਸ਼ਨਾਂ, ਜੋ ਸਪਲਾਈ ਕਰਨ ਦਾ ਸਾਧਨ ਸੀ, ਇਕ ਸੀਵਰੇਜ ਨੂੰ ਕੰਟਰੋਲ ਕਰਨ ਵਾਲਾ ਪਲਾਂਟ ਤੇ 19990 ਮੀਟਰ ਪਾਣੀ ਦੀ ਪਾਈਪ ਲਾਈਨ, 2445 ਮੀਟਰ ਸੀਵਰੇਜ ਦੀ ਪਾਈਪ ਲਾਈਨ ਅਤੇ ਬੇਕਾਰ ਪਾਣੀ ਦੀ ਵਰਤੋਂ ਲਈ ਜ਼ਰੂਰੀ ਬਿਜਲੀ ਨੈਟਵਰਕ ਦੇ ਹਿੱਸੇ ਵੀ ਬਰਬਾਦ ਹੋ ਗਏ। 2014 ਵਿਚ ਵੀ ਅਪ੍ਰੇਸ਼ਨ-'ਪ੍ਰੋਟੇਕਟਿਵ ਏਜ਼' ਨੇ ਖੂਹਾਂ, ਤਲਾਬਾਂ, ਬੇਕਾਰ ਪਾਣੀ ਦੇ ਸੋਧ ਕੇਂਦਰ ਤੇ ਮਸ਼ੀਨਰੀ, ਪਾਣੀ ਸਾਫ਼ ਕਰਨ ਵਾਲੇ ਪਲਾਂਟਾਂ ਤੇ ਪੰਪਿੰਗ ਸਟੇਸ਼ਨਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ।

ਮਈ 2021 ਵਿਚ 11 ਦਿਨ ਦੌਰਾਨ, ਹਵਾਈ ਹਮਲਿਆਂ ਨਾਲ 13 ਪਾਣੀ ਦੇ ਖੂਹ ਭਾਵ ਸਟੋਰ ਤਿੰਨ ਪਾਣੀ ਸਾਫ਼ ਕਰਨ ਵਾਲੇ ਪਲਾਂਟਾਂ ਦੀ ਮਸ਼ੀਨਰੀ ਅਤੇ 250000 ਮੀਟਰ ਪਾਣੀ ਦੀ ਪਾਈਪਾਂ ਤਬਾਹ ਹੋਈਆਂ। ਇਸ ਵਿਚ ਉਹ ਪਾਈਪ ਲਾਈਨ ਵੀ ਸ਼ਾਮਲ ਸੀ ਜੋ ਇਜ਼ਰਾਈਲੀ ਕੰਪਨੀ ਮੇਕੋਰੇਟ ਦੀ ਮਾਲਕੀ ਵਾਲੀ ਸੀ ਜੋ ਫਲਸਤੀਨੀਆਂ ਨੂੰ ਮੁੱਲ ਦਾ ਪਾਣੀ ਸਪਲਾਈ ਕਰਦੀ ਸੀ। ਇਵੇਂ ਹੀ ਅਗਸਤ 2022 ਵਿਚ ਵੀ ਜਿਹੜੇ ਹਮਲੇ ਇਜ਼ਰਾਈਲ ਨੇ ਕੀਤੇ ਦਰਮਿਆਨ ਪਾਣੀ ਦੀ ਸਪਲਾਈ ਵੀ ਨੁਕਸਾਨੀ ਗਈ। ਭਾਵ ਇਜ਼ਰਾਈਲ ਨੇ ਗਾਜ਼ਾ ਪੱਟੀ ਅੰਦਰ ਫਲਸਤੀਨੀਆਂ ਨੂੰ ਮੁਹੱਈਆ ਹੋਣ ਵਾਲੇ ਪੀਣ ਵਾਲੇ ਤੇ ਵਰਤੋਂ ਵਾਲੇ ਪਾਣੀ ਨੂੰ ਨਿਸ਼ਾਨਾ ਬਣਾਇਆ। ਉਧਰ ਤੇਲ ਤੇ ਊਰਜਾ ਦੀ ਕਮੀ ਕਰਕੇ ਅਸਥਾਈ ਰੂਪ ਵਿਚ ਪਾਣੀ ਦੇ ਉਤਪਾਦਨ ਅਤੇ ਸਪਲਾਈ ਵਿਚ 50 ਫੀਸਦੀ ਤੋਂ ਵਧ ਕਮੀ ਆਈ। ਮੌਜੂਦਾ ਹਮਲਿਆਂ ਵਿਚ ਵੀ ਪਾਣੀ ਦੀ ਸਪਲਾਈ ਹੀ ਮੁੱਖ ਨਿਸ਼ਾਨਾ ਹੈ ਅਤੇ ਮੁਢਲੇ ਦਿਨਾਂ 'ਚ ਇਜ਼ਰਾਇਲ ਨੇ ਪਾਣੀ ਦੀ ਸਪਲਾਈ ਬੰਦ ਹੀ ਕਰ ਦਿੱਤੀ ਸੀ।

ਹਰ ਇਕ ਫੌਜੀ ਹਮਲੇ ਪਿਛੋਂ, ਇਜ਼ਰਾਇਲ ਦੀ ਨਾਕੇਬੰਦੀ ਨੇ ਮੁੜ ਨਿਰਮਾਣ ਪ੍ਰਕਿਰਿਆ ਵਿਚ ਮਹੀਨਿਆਂ ਨਹੀਂ ਸਾਲਾਂ ਦੀ ਦੇਰੀ ਕਰਨ ਵਿਚ ਲੱਤ ਅੜਾਈ ਹੈ ਜਿਸ ਨਾਲ ਗਾਜ਼ਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਘਾਟ ਅਤੇ ਸੜਕਾਂ ਉਤੇ ਵਹਿਣ ਵਾਲੇ ਸੀਵਰੇਜ ਵਰਗੀਆਂ ਬਦਤਰ ਹਾਲਤਾਂ ਵਿਚ ਸਮੱਸਿਆਵਾਂ ਪ੍ਰਤੀ ਸੰਯੁਕਤ ਰਾਸ਼ਟਰ ਨੇ ਪੁਨਰ ਨਿਰਮਾਣ ਸਮੱਗਰੀ ਗਾਜ਼ਾ ਪੱਟੀ ਵਿਚ ਪਹੁੰਚਾਉਣ ਲਈ, 'ਗਾਜ਼ਾ ਪੁਨਰ ਨਿਰਮਾਣ ਤੰਤਰ' (ਜੀ.ਆਰ.ਐਮ.) ਦੀ ਸਥਾਪਨਾ ਕਦੀਤੀ। ਇਸ ਨੇ ਮੁੱਖ ਤੌਰ 'ਤੇ ਜੋ ਭੂਮਿਕਾ ਨਿਭਾਉਣੀ ਸੀ ਉਹ ਇਹ ਸੀ ਕਿ ਇਜ਼ਰਾਈਲ ਦਾ ਸ਼ਿਕਵਾ ਸੀ ਕਿ ਸਮਾਨ ਦੀ ਸਪਲਾਈ ਦੇ ਨਾਲ ਗਾਜ਼ਾ ਪੱਟੀ 'ਚ ਹਥਿਆਰਾਂ ਦੀ ਸਪਲਾਈ ਨਾ ਪਹੁੰਚਾਈ ਜਾਵੇ। ਜਿਸ ਦੀ ਨਿਗਰਾਨੀ ਇਸ ਜੀਆਰਐਮ ਨੇ ਕਰਨੀ ਸੀ।

ਜੀਆਰਐਮ ਦੀ ਨੌਕਰਸ਼ਾਹ ਟੀਮ ਨੇ ਦੋਹਰੀ ਵਰਤੋਂ ਵਾਲੀਆਂ ਚੀਜ਼ਾਂ 'ਤੇ ਪਾਬੰਦੀ ਲਾ ਦਿੱਤੀ। ਜਿਹਦੇ ਵਿਚ ਸੀਮਿੰਟ, ਲੱਕੜੀ, ਇਲੈਕਟ੍ਰੋ ਮਕੈਨੀਕਲ ਮਸ਼ੀਨਰੀ ਅਤੇ ਪਾਈਪ ਤੇਲ ਸ਼ਾਮਲ ਸੀ। ਉਨ੍ਹਾਂ ਨੂੰ ਖਦਸ਼ਾ ਸੀ ਕਿ ਇਨ੍ਹਾਂ ਦੀ ਵਰਤੋਂ ਹਮਾਸ ਫੌਜੀ ਵਰਤੋਂ ਲਈ ਕਰ ਸਕਦਾ ਹੈ। ਕਿੰਨਾ ਭੱਦਾ ਮਜ਼ਾਕ ਸੀ ਸੰਯੁਕਤ ਰਾਸ਼ਟਰ ਦੀ ਨਿਗਰਾਨ ਟੀਮ ਦਾ ਗਾਜ਼ਾ ਪੱਟੀ ਨਾਲ। ਉਪਰੋਕਤ ਸਮੱਗਰੀ ਤੋਂ ਬਿਨਾਂ ਕਿਹੜੇ 'ਪੁਨਰ ਨਿਰਮਾਣ' ਨੂੰ ਸਿਰੇ ਚਾੜ੍ਹਿਆ ਜਾ ਸਕਦਾ ਸੀ। ਇਹ ਗਾਜ਼ਾ ਉਤੇ 'ਤੰਤਰ' ਤਾਂ ਜ਼ਰੂਰੀ ਸੀ ਪੁਨਰ ਨਿਰਮਾਣ ਨਹੀਂ ਸੀ। ਇਵੇਂ ਹੀ 2017 ਵਿਚ ਗਾਜ਼ਾ ਪੱਟੀ ਨੂੰ ਹੋਰਾਂ ਦੇਸ਼ਾਂ ਵਲੋਂ ਭੇਜੀ ਜਾ ਰਹੀ ਸਮੱਗਰੀ ਵਿਚ 'ਦੋਹਰੀ ਵਰਤੋਂ" ਵਾਲੀਆਂ ਚੀਜ਼ਾਂ ਦੀ ਸੂਚੀ ਵਿਚ 8500 ਆਈਟਮਾਂ ਸ਼ਾਮਲ ਸਨ। 'ਦੋਹਰੀ ਵਰਤੋਂ" ਵਾਲੀਆਂ ਵਸਤੂਆਂ ਦੀ ਸੂਚੀ ਵਿਚ ਹਜ਼ਾਰਾਂ ਵਸਤੂਆਂ ਉਤੇ ਪਾਬੰਦੀ ਨੇ ਗਾਜ਼ਾ ਪੱਟੀ ਦੇ ਵਾਸੀਆਂ ਦੀ ਜ਼ਿੰਦਗੀ ਨੂੰ ਹੀ ਪ੍ਰਭਾਵਿਤ ਕੀਤਾ। ਉਥੋਂ ਦੀ ਅਰਥਵਿਵਸਥਾ ਵਿਚ ਵੀ ਖੜੋਤ ਆ ਗਈ ਤੇ ਉਧਰ ਫਲਸਤੀਨੀਆਂ ਦੇ ਜਿਉਂਦੇ ਰਹਿਣਯੋਗ ਉਹ ਨਿਰਧਾਰਤ ਕਲੋਰੀ ਵਾਲੀ ਖੁਰਾਕ ਦੀ ਪੂਰਤੀ ਨਾ ਹੋਣ ਕਾਰਨ ਸਿਹਤ ਉਤੇ ਵੀ ਬੁਰਾ ਪ੍ਰਭਾਵ ਪਿਆ ਜਨਵਰੀ 2022 ਤੱਕ, ਇਜ਼ਰਾਈਲ ਨੇ ਜੋ ਮਈ 2021 ਤੱਕ ਪੀਣ ਵਾਲੇ ਪਾਣੀ ਦੇ ਢਾਂਚੇ ਨੂੰ ਤਬਾਹ ਕੀਤਾ ਸੀ, ਦੀ ਮੁਰੰਮਤ ਕਰਨ ਲਈ ਜ਼ਰੂਰੀ ਸਾਮਾਨ ਗਾਜ਼ਾ ਪੱਟੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਸੀ, ਹਾਲਾਂਕਿ ਇਹ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਟੀਮ ਦੀ ਨਿਗਰਾਨੀ ਵਿਚ ਹੀ ਜਾਣਾ ਸੀ। ਵਿਸ਼ੇਸ਼ ਕਰਕੇ ਤੱਟੀ ਜਲ ਸਰੋਤਾਂ ਨੂੰ ਹੋਰ ਨੁਕਸਾਨ ਗਾਜ਼ਾ ਪੱਟੀ ਨੂੰ ਘੇਰਨ ਵਾਲੀ ਨਵੀਂ 20 ਫੁੱਟ ਉਚੀ ਕੰਧ ਕਰਕੇ ਵੀ ਹੋਇਆ ਜਿਹੜੀ ਧਰਤੀ ਹੇਠਾਂ ਪਾਣੀ ਸਪਲਾਈ ਦੀ ਵਿਵਸਥਾ ਨੂੰ ਰੋਕਦੀ ਹੈ।

ਊਰਜਾ ਭਾਵ ਤੇਲ ਤੇ ਬਿਜਲੀ ਦੀ ਸਮੱਸਿਆ ਕਰਕੇ ਯੂਰਪੀਨ ਸੰਘ ਵਲੋਂ ਵਿੱਤੀ ਸਹਾਇਤਾ ਨਾਲ ਸੂਰਜੀ ਊਰਜਾ ਪੈਨਲ ਪਾਣੀ ਸੋਧ ਕਰਨ ਵਾਲੇ ਪਲਾਂਟਾਂ ਨੂੰ ਲੋੜੀਂਦੀ ਬਿਜਲੀ ਦੀ ਮਹਿਜ਼ 12 ਫੀਸਦੀ ਹੀ ਪੂਰਤੀ ਕਰ ਰਹੇ ਹਨ। ਜਿਹੜਾ ਦੱਖਣੀ ਗਾਜ਼ਾ ਪੱਟੀ ਵਿਚ 75000 ਲੋਕਾਂ ਨੂੰ ਪਾਣੀ ਮੁਹੱਈਆ ਕਰਾਉਣ ਲਈ 2017 ਵਿਚ ਖੋਹਲਿਆ ਗਿਆ ਸੀ ਉਤਰੀ ਗਾਜ਼ਾ ਸਮੁੰਦਰੀ ਪਾਣੀ ਦੇ ਸੋਧ ਪਲਾਂਟਾਂ ਨੂੰ ਜਿਨ੍ਹਾਂ ਨੂੰ ਮਈ 2021 ਵਿਚ ਬੰਦ ਕਰ ਦਿੱਤਾ ਗਿਆ ਸੀ, ਜਿਸ ਨਾਲ 250000 ਲੋਕ ਪਾਣੀ ਤੋਂ ਵਾਂਝੇ ਹੋ ਗਏ। ਇਹ ਗਾਜ਼ਾ ਪੱਟੀ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਸਾਹਮਣੇ ਖੜ੍ਹੀਆਂ ਰੁਕਾਵਟਾਂ ਨੂੰ ਦਰਸਾਉਂਦੀ ਹੈ। ਉਪਰੋਕਤ ਸਾਰੇ ਤੱਥ 2022 ਤੱਕ ਦੇ ਹਨ। ਹੁਣ 2023 ਵਿਚ ਜੋ ਭਿਆਨਕ ਹਮਲੇ ਹੋ ਰਹੇ ਹਨ ਜਿਸ ਵਿਚ ਹਜ਼ਾਰਾਂ ਮਕਾਨ ਤੇ ਸਾਰੇ ਪਾਣੀ ਬਿਜਲੀ ਦੇ ਸਰੋਤ ਤਬਾਹ ਕਰ ਦਿੱਤੇ ਹਨ। ਇਥੇ ਹੀ ਨਹੀਂ ਹਸਪਤਾਲਾਂ ਤੇ ਬੱਚਿਆਂ ਨੂੰ ਬੰਬਾਰੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਨੇ ਕਿਹਾ ਜਿਹੀ ਹਾਲਤ ਵਿਚ ਫਲਸਤੀਨੀ ਲੋਕਾਂ ਨੂੰ ਪਹੁੰਚਾ ਦਿੱਤਾ ਹੈ। ਇਹਦੀਆਂ ਕਿਆਸਰਾਈਆਂ ਤਾਂ ਕੀਤੀਆਂ ਜਾ ਸਕਦੀਆਂ ਹਨ। ਹਕੀਕੀ ਤਸਵੀਰ ਇਹ ਹਾਲਤ ਕੁਝ ਸੁਧਾਰਨ ਉਤੇ ਸਾਹਮਣੇ ਆਵੇਗੀ।

ਪਰ ਇਕ ਗੱਲ ਸਾਫ਼ ਹੈ ਕਿ ਇਨ੍ਹਾਂ ਹਮਲਿਆਂ ਤੋਂ ਪਹਿਲਾਂ ਵੀ ਫਲਸਤੀਨੀ ਲੋਕਾਂ ਦੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਪਈ ਸੀ। ਗਾਜ਼ਾ ਪੱਟੀ ਵਿਚ ਇਕ ਚੌਥਾਈ ਬੀਮਾਰੀਆਂ ਦੀ ਵਜ੍ਹਾ ਪਾਣੀ ਹੈ ਜੋ ਅਸ਼ੁੱਧ ਵੀ ਹੈ ਤਾਂ ਲੋੜੀਂਦੀ ਮਾਤਰਾ ਵਿਚ ਵੀ ਨਹੀਂ

(**ਬਾਕੀ ਸਫ਼ਾ 23 'ਤੇ**)

# ਸਾਮਰਾਜਵਾਦ, ਪ੍ਰਵਾਸ ਅਤੇ ਵਿਦਿਆਰਥੀ

*ਨੌਜਵਾਨ ਪੰਜਾਬੀ ਵਿਦਿਆਰਥੀਆਂ ਦੇ ਪ੍ਰਵਾਸ ਦਾ ਮਸਲਾ ਬੜਾ ਗੰਭੀਰ ਹੈ। ਇਸ ਦੀਆਂ ਵੱਖ ਵੱਖ ਪਰਤਾਂ ਨੂੰ ਫਰੋਲਣ ਦੀ ਜ਼ਰੂਰਤ ਹੈ। ਉਸ ਦੇ ਕੁਝ ਬੁਨਿਆਦੀ ਸਵਾਲਾਂ ਨੂੰ ਸਮਝਣ ਹਿੱਤ ਇਹ ਮਹੱਤਵਪੂਰਨ ਲਿਖਤ ਦੇ ਰਹੇ ਹਾਂ ਤਾਂ ਕਿ ਬਦਲੀ ਗਈ ਇਮੀਗ੍ਰੇਸ਼ਨ ਦੀ ਅਸਲ ਨੀਤੀ ਬਾਰੇ ਸਹੀ ਸਮਝਦਾਰੀ ਉਤਪੰਨ ਹੋ ਸਕੇ। – ਸੰਪਾਦਕ*

 

ਪਰਮਜੀਤ ਸਿੰਘ +16474683380
ਪਰਗਟ ਸਿੰਘ +919417862967

ਕੈਨੇਡਾ ਜੋ ਕਿ ਇੱਕ ਸਾਮਰਾਜਵਾਦ ਮੁਲਕ ਹੈ, ਨੇ ਹਾਲ ਹੀ ਵਿੱਚ ਆਪਣੀ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਨੀਤੀ ਵਿੱਚ ਕੁਝ ਅਹਿਮ ਬਦਲਾਅ ਕੀਤੇ ਹਨ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਭਾਰਤ ਤੋਂ ਕਨੇਡਾ ਜਾਂਦੇ ਹਨ। ਭਾਰਤ ਦੇ ਸਾਰੇ ਸੂਬਿਆਂ ਵਿੱਚੋਂ ਕਨੇਡਾ ਵੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੋ ਰਹੇ ਪ੍ਰਵਾਸ ਵਿੱਚ ਪੰਜਾਬ ਨੰਬਰ ਇੱਕ ਤੇ ਹੈ। ਇਸ ਲਈ ਕਨੇਡਾ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਸੰਬੰਧੀ ਨੀਤੀ ਵਿੱਚ ਹੋਏ ਪਰਿਵਰਤਨਾਂ ਦਾ ਸਿੱਧਾ ਅਸਰ ਪੰਜਾਬ ਤੋਂ ਕਨੇਡਾ ਜਾਣ ਵਾਲੇ ਵਿਦਿਆਰਥੀਆਂ ਤੇ ਪੈਣ ਦੇ ਕਿਆਸੇ ਲਗਾਏ ਜਾ ਰਹੇ ਹਨ। ਬੁਧੀਜੀਵੀਆਂ ਦੇ ਇਸ ਬਾਰੇ ਵੱਖ-ਵੱਖ ਬਿਆਨ ਹੋ ਸਕਦੇ ਹਨ। ਪਰ ਜ਼ਿਆਦਾਤਰ ਵਿਸ਼ਲੇਸ਼ਣ ਇਸ ਸਮੱਸਿਆ ਦਾ ਦਵੰਦਵਾਦੀ (dialectical) ਵਿਸ਼ਲੇਸ਼ਣ ਕਰਨ ਦੇ ਬਜਾਏ ਇਸ ਦਾ ਸਤਈ ਜਿਹਾ ਨਿਰੀਖਣ ਕਰਦੇ ਹਨ। ਇਹ ਲੇਖ ਦਾ ਉਦੇਸ਼ ਕਨੇਡਾ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਨੀਤੀਆਂ ਦੀ ਮਾਰਕਸਵਾਦੀ ਰਾਜਨੀਤਿਕ-ਆਰਥਿਕਤਾ ਅਨੁਸਾਰ ਪੜਚੋਲਣ ਕਰਦੇ ਹੋਏ ਪਾਠਕਾਂ ਦਾ ਇਸ ਸਮੱਸਿਆ ਦੇ ਅਸਲ ਕਾਰਨਾ ਵੱਲ ਧਿਆਨ ਦਿਵਾਉਣਾ ਹੈ। ਸਾਡਾ ਇਹ ਮੰਨਣਾ ਹੈ ਕਿ ਸਾਮਰਾਜਵਾਦੀ ਮੁਲਕਾਂ ਦੀ ਰਾਜਨੀਤਿਕ-ਆਰਥਿਕਤਾ ਦਾ ਪ੍ਰਵਾਸ ਨਾਲ ਗੁਝਲਦਾਰ ਰਿਸ਼ਤਾ ਹੈ। ਇਸ ਲਈ ਕੈਨੇਡਾ ਦੀਆਂ ਨੀਤੀਆਂ ਵਿੱਚ ਬਦਲਾਅ ਅਤੇ ਪੰਜਾਬੀ ਵਿਦਿਆਰਥੀਆਂ ਨਾਲ ਇਸਦੇ ਸੰਬੰਧਾਂ ਦੀ ਗੁਝਲਦਾਰਤਾ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ।

**ਸਾਮਰਾਜਵਾਦੀ ਸੰਕਟ ਅਤੇ ਪ੍ਰਵਾਸ** : ਜੇਕਰ ਅਸੀਂ ਸਾਮਰਾਜਵਾਦੀ ਮੁਲਕਾਂ ਦੇ ਸੰਕਟ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਦੇ ਦੋ ਪ੍ਰਮੁੱਖ ਪਹਿਲੂ ਹਨ ਜੋ ਇਹਨਾਂ ਮੁਲਕਾਂ ਦੇ ਪੂੰਜੀਵਾਦੀ ਪ੍ਰਬੰਧ ਨੂੰ ਤਬਾਹੀ ਵੱਲ ਲੈ ਕੇ ਜਾ ਸਕਦੇ ਹਨ। ਪਹਿਲਾ, ਪੂੰਜੀਵਾਦੀ ਜਮਾਤ ਦੇ ਮੁਨਾਫੇ ਵਿੱਚ ਕਮੀ। ਦੂਜਾ, ਕਿਰਤੀਆਂ ਦੀ ਰਾਖਵੀਂ ਸੈਨਾ (Reserve army of labour) ਵਿੱਚ ਲਗਾਤਾਰ ਵਾਧਾ। ਇਹ ਦੋਵੇਂ ਸੰਕਟਾਂ ਦਾ ਆਪਸ ਵਿੱਚ ਵੀ ਗੂੜਾ ਰਿਸ਼ਤਾ ਹੈ। ਪੂੰਜੀਵਾਦੀ ਪ੍ਰਬੰਧ ਵਿੱਚ ਮੁਨਾਫੇ ਦੇ ਪੱਧਰ ਨੂੰ ਕਾਇਮ ਰੱਖਣ ਲਈ ਇੱਕ ਪੱਧਰ ਤੱਕ ਦੀ ਬੇਰੁਜ਼ਗਾਰੀ ਲਾਜ਼ਮੀ ਹੁੰਦੀ ਹੈ ਜ਼ੇਕਰ ਪੂੰਜੀਵਾਦੀ ਮੁਲਕਾਂ ਦੀ ਆਰਥਿਕਤਾ ਵਿੱਚ ਪੂਰਨ ਰੁਜ਼ਗਾਰ ਹੋ ਜਾਵੇ ਤਾਂ ਇਸ ਨਾਲ ਉਹਨਾਂ ਮੁਲਕਾਂ ਦੀ ਮਜ਼ਦੂਰ ਜਮਾਤ ਦੀ ਮਜ਼ਦੂਰੀ ਨਿਰਧਾਰਨ ਇੱਕਜੁਟਤਾ (bargaining power) ਵੱਧ ਜਾਂਦੀ ਹੈ ਜਿਸ ਦਾ ਪੂੰਜੀਵਾਦੀ ਲਾਭ ਦਰ ਨਾਲ ਉਲਟਾ ਸੰਬੰਧ ਹੈ। ਇਸ ਲਈ ਇਹਨਾਂ ਮੁੱਲਕਾਂ ਦੀ ਪੂੰਜੀਵਾਦੀ ਜਮਾਤ ਅਤੇ ਰਾਜ ਪ੍ਰਬੰਧ ਇਸ ਗੱਲ ਦਾ ਖਾਸ ਧਿਆਨ ਰੱਖਦੇ ਹਨ ਕਿ ਇਹਨਾਂ ਮੁਲਕਾਂ ਵਿੱਚ ਮਜ਼ਦੂਰ ਜਮਾਤ ਦੀ ਮਜ਼ਦੂਰੀ ਨਿਰਧਾਰਨ ਇੱਕਜੁਟਤਾ ਕੰਟਰੋਲ ਵਿੱਚ ਰਹੇ। ਇਸ ਨੂੰ ਕੰਟਰੋਲ ਵਿੱਚ ਰੱਖਣ ਦੇ ਲਈ ਉਹ ਤੀਜੀ ਦੁਨੀਆ ਦੀ ਸੰਭਾਵਿਤ (potential) ਕਿਰਤੀਆਂ ਦੀ ਰਾਖਵੀਂ ਸੈਨਾ ਨੂੰ ਇੱਕ ਕੂਟਨੀਤਕ ਤਰੀਕੇ ਰਾਹੀਂ ਅਪਣੇ ਮੁਲਕਾਂ ਵਿੱਚ ਆਯਾਤ ਕਰਦੇ ਹਨ। ਪੂੰਜੀਵਾਦੀ ਮੁਲਕਾਂ (ਕਨੇਡਾ, ਆਸਟਰੇਲੀਆ, ਬਰਤਾਨੀਆ, ਆਦਿ) ਦੀਆਂ ਵੱਖ-ਵੱਖ ਕਿਸਮ ਦੀਆਂ ਪ੍ਰਵਾਸ ਸਕੀਮਾਂ/ਨੀਤੀਆਂ ਦਾ ਸੂਖਮ (micro) ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ।

ਸਾਮਰਾਜਵਾਦੀ ਸੰਕਟ ਦਾ ਦੂਜਾ ਵੱਡਾ ਕਾਰਨ ਵਧ ਰਹੀ ਬੇਰੁਜ਼ਗਾਰੀ ਹੁੰਦਾ ਹੈ ਜਿਸ ਦਾ ਵੀ ਪ੍ਰਵਾਸ ਨਾਲ ਗੂੜਾਂ ਸੰਬੰਧ ਹੈ। ਜੇਕਰ ਸਾਮਰਾਜਵਾਦੀ ਮੁਲਕਾਂ ਵਿੱਚ ਕਿਰਤੀਆਂ ਦੀ ਰਾਖਵੀਂ ਸੈਨਾ ਇੱਕ ਸੀਮਾ ਤੋਂ ਵੱਧ ਹੋ ਜਾਵੇ ਤਾਂ ਉਹ ਆਰਥਿਕ ਢਾਂਚੇ ਦੀ ਸਥਿਰਤਾ ਲਈ ਇੱਕ ਵੱਡਾ ਸੰਕਟ ਬਣ ਜਾਂਦੀ ਹੈ। ਇਸ ਲਈ ਆਰਥਿਕ ਮੰਦੀ ਦੇ ਦੌਰ ਵਿੱਚ ਸਾਮਰਾਜਵਾਦੀ ਮੁਲਕ ਕਿਰਤੀਆਂ ਦੀ ਰਾਖਵੀਂ ਸੈਨਾ ਦੇ ਵਾਧੇ ਨੂੰ ਰੋਕਣ ਲਈ ਕਈ ਹੱਥ ਕੰਡੇ ਅਪਨਾਉਂਦੇ ਹਨ। ਉਨਾਂ ਹੱਥ ਕੰਡਿਆਂ ਵਿੱਚੋਂ ਇੱਕ ਪ੍ਰਮੁੱਖ ਹੱਥ ਕੰਡਾ ਇਹਨਾਂ ਮੁਲਕਾਂ ਦੀਆ ਪ੍ਰਵਾਸ ਨੀਤੀਆ ਵਿੱਚ ਫੇਰ-ਬਦਲ ਹੈ। ਜੇਕਰ ਸਾਮਰਾਜਵਾਦੀ ਮੁਲਕਾਂ ਵਿੱਚ ਅੰਦਰੂਨੀ ਬੇਰੁਜ਼ਗਾਰੀ ਬਹੁਤ ਜਿਆਦਾ ਹੋ ਜਾਵੇ, ਤਾਂ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਨੂੰ ਹੱਲ ਕਰਨ ਲਈ ਇਹ ਮੁਲਕ ਜਾ ਤਾਂ ਜੰਗ ਦਾ ਸਹਾਰਾ ਲੈਂਦੇ ਹਨ ਜਾ ਬੇਰੁਜ਼ਗਾਰ ਵਸੌਂ ਦਾ ਹੋਰ ਮੁਲਕਾਂ ਨੂੰ ਨਿਰਯਾਤ ਕਰਦੇ ਹਨ। 19ਵੀ ਸਦੀ ਦੇ ਅੰਤ ਵਿੱਚ ਅਤੇ 20ਵੀਂ ਸਦੀ ਵਿੱਚ ਬੇਰੁਜ਼ਗਾਰ ਦੀ ਸੱਮਸਿਆ ਹੱਲ ਕਰਨ ਲਈ ਇਹ ਦੋਵੇ ਹੀ ਬਹੁਤ ਮਹੱਤਵਪੂਰਨ ਸਾਧਨ ਰਹੇ ਹਨ। ਇਸ ਦੀ ਕਲਾਸਿਕ ਉਦਾਹਰਨ 1870 ਤੋਂ 1915 ਤੱਕ ਯੂਰਪ ਤੋਂ ਅਮਰੀਕਾ, ਕੈਨੇਡਾ ,ਆਸਟਰੇਲੀਆ, ਨਿਊਜ਼ੀਲੈਂਡ,



ਅਰਜਨਟੀਨਾ, ਦੱਖਣੀ ਅਫਰੀਕਾ ਆਦਿ ਮੁਲਕਾਂ ਨੂੰ ਹੋਇਆ ਪ੍ਰਵਾਸ ਹੈ। ਇਸ ਪ੍ਰਵਾਸ ਦਾ ਮੁੱਖ ਕਾਰਨ ਉਸ ਸਮੇ ਦੇ ਯੂਰਪ ਦੇ ਸਾਮਰਾਜਵਾਦੀ ਮੁਲਕਾਂ ਵਿੱਚ ਵੱਧ ਰਹੀ ਬੇਰੁਜ਼ਗਾਰੀ ਸੀ ਜੋ ਪੂੰਜੀਵਾਦ ਪ੍ਰਬੰਧ ਲਈ ਇੱਕ ਵੱਡਾ ਖਤਰਾ ਬਣ ਗਈ ਸੀ। ਇਸ ਖਤਰੇ ਦੀ ਉਦਾਹਰਨ ਲੈਨਿਨ ਨੇ ਸੀਸਲ ਰੋਡ ਦੁਆਰਾ ਬਰਤਾਨੀਆ ਦੀ 1895 ਦੀ ਹਾਲਤ ਨੂੰ ਬਿਆਨ ਕਰਦੇ ਹੋਏ ਦਿੱਤੀ ਹੈ। ਸੀਸਿਲ ਰੋਡ ਅਨੁਸਾਰ ਬਰਤਾਨੀਆ ਵਿੱਚ ਬੇਰੁਜ਼ਗਾਰੀ ਵਿੱਚ ਹੋ ਰਿਹਾ ਵਾਧਾ ਸਾਰੇ ਦੇ ਸਾਰੇ ਪੂੰਜੀਵਾਦੀ ਪ੍ਰਬੰਧ ਲਈ ਇੱਕ ਵੱਡਾ ਖਤਰਾ ਬਣ ਰਿਹਾ ਸੀ। ਇਹ ਸਮੱਸਿਆ ਕਾਰਨ ਉਹ ਬਰਤਾਨੀਆ ਵਿੱਚ ਖੂਨੀ ਘਰੇਲੂ ਜੰਗ ਦਾ ਖਦਸ਼ਾ ਮਹਿਸੂਸ ਕਰ ਰਿਹਾ ਸੀ। ਉਸ ਅਨੁਸਾਰ ਇਸ ਸਮੱਸਿਆ ਦੇ ਹੱਲ ਲਈ ਸਭ ਤੋਂ ਅਸਰਦਾਰ ਪ੍ਰਬੰਧ ਇਹ ਹੈ ਕਿ ਬੇਰੁਜ਼ਗਾਰ ਸਮੱਸਿਆ ਦੇ ਹੱਲ ਲਈ ਵਸੋਂ ਦਾ ਨਿਰਯਾਤ ਕੀਤਾ ਜਾਵੇ। 1871 ਤੋਂ 1915 ਦੌਰਾਨ 36 ਮਿਲੀਅਨ ਯੂਰੋਪੀਅਨ ਦਾ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵੱਲ ਨੂੰ ਨਿਰਯਾਤ ਕੀਤਾ ਗਿਆ ਜੋ ਕਿ ਲਿਖਤ ਇਤਿਹਾਸ ਵਿੱਚ ਸਭ ਤੋਂ ਵੱਡੇ ਪ੍ਰਵਾਸ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਵੀ ਪੂੰਜੀਵਾਦੀ ਪ੍ਰੰਬੰਧ ਰੁਜਗਾਰ ਵਿੱਚ ਜ਼ਿਆਦਾ ਵਾਧਾ ਹੁੰਦਾ ਹੈ ਅਤੇ ਮਜ਼ਦੂਰਾਂ ਦੀ ਮਜ਼ਦੂਰੀ ਨਿਰਧਾਰਨ ਇੱਕਜੁਟਤਾ ਵਿੱਚ ਵਾਧਾ ਹੁੰਦਾ ਹੈ ਇਹ ਪੂੰਜੀਵਾਦੀ ਮੁਨਾਫੇ ਦਾ ਸੰਕਟ ਪੈਦਾ ਕਰ ਦਿੰਦਾ ਹੈ। ਅਜਿਹੀ ਹਾਲਤ ਵਿਚ ਘੱਟ ਵਿਕਸਿਤ ਮੁਲਕਾਂ ਤੋਂ ਸਸਤੀ ਅਤੇ ਨੌਜਵਾਨ ਕਿਰਤ ਸ਼ਕਤੀ ਆਯਾਤ ਕੀਤੀ ਜਾਂਦੀ ਹੈ ਤਾ ਜੋ ਘਰੇਲੂ ਮਜ਼ਦੂਰਾਂ ਦੀ ਮਜ਼ਦੂਰੀ ਨਿਰਧਾਰਨ ਇੱਕਜੁਟਤਾ ਨੂੰ ਕਮਜ਼ੋਰ ਕੀਤਾ ਜਾ ਸਕੇ।

**ਕਨੇਡੀਅਨ ਨਵ-ਉਦਾਰਵਾਦ ਅਤੇ ਵਿਦਿਆਰਥੀ** : ਜੇਕਰ ਅਸੀਂ ਕਨੇਡਾ ਦੀਆਂ ਅਜੋਕੀਆਂ ਆਰਥਿਕ ਅਤੇ ਪ੍ਰਵਾਸ ਨੀਤੀਆਂ ਨੂੰ, ਉਪਰੋਕਤ ਵਿਸ਼ਲੇਸ਼ਣ ਦੇ ਸੰਦਰਭ ਵਿੱਚ, ਜੋੜ ਕੇ ਪਰਖਣ ਦੀ ਕੋਸ਼ਿਸ਼ ਕਰੀਏ ਤਾਂ ਪੂੰਜੀਵਾਦ, ਪ੍ਰਵਾਸ ਅਤੇ ਪੰਜਾਬੀ ਵਿਦਿਆਰਥੀ ਦੇ ਦਵੰਦਵਾਦੀ ਸਬੰਧ ਦੀ ਅਸਲ ਤਸਵੀਰ ਬਣ ਕੇ ਉਭਰਦੀ ਹੈ। ਕਨੇਡਾ ਵਿੱਚ 1990ਵੀਆਂ ਤੋਂ ਬਾਅਦ ਨਵ-ਉਦਾਰਵਾਦ ਨੀਤੀਆਂ ਦੇ ਫੈਲਾਅ ਨੇ ਕੁਝ ਬੁਨਿਆਦੀ ਪਰਿਵਰਤਨ ਲਿਆਂਦੇ ਜਿਸ ਕਾਰਨ ਉਹਨਾਂ ਲਈ ਪ੍ਰਵਾਸ ਇੱਕ ਲਾਜ਼ਮੀ ਜਰੂਰਤ ਬਣ ਗਿਆ। ਇਸ ਲੇਖ ਦੇ ਵਿਸ਼ਾ ਖੇਤਰ ਅਨੁਸਾਰ ਇਹਨਾਂ ਨੀਤੀਆਂ ਵਿੱਚੋ ਦੋ ਨੀਤੀਆਂ ਨੂੰ ਸਮਝਣਾ ਲਾਜ਼ਮੀ ਹੈ ਜਿਨ੍ਹਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਰਾਹੀਂ ਦੋ ਸਮੱਸਿਆਵਾਂ ਦਾ ਹੱਲ ਕੀਤਾ। ਪਹਿਲਾ, ਦੁਨੀਆਂ ਦੇ ਬਾਕੀ ਮੁਲਕਾਂ ਵਾਂਗ ਕਨੇਡਾ ਵਿੱਚ ਵੀ ਸਰਕਾਰ ਨੇ ਉੱਚ-ਸਿੱਖਿਆ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਘਟਾਉਣੀ ਸ਼ੁਰੂ ਕਰ ਦਿੱਤੀ। ਇਸ ਦੇ ਨਾਲ-ਨਾਲ ਪ੍ਰਾਈਵੇਟ ਮੁਨਾਫਾ ਆਧਾਰਿਤ ਵਿਦਿਅਕ ਅਦਾਰੇ ਖੋਲਣ ਦੀ ਖੁੱਲ ਦੇ ਦਿੱਤੀ। ਇਹਨਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਨੂੰ ਇਹ ਵੀ ਖੁੱਲ ਮਿਲ ਗਈ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਜਿੰਨੀ ਮਰਜ਼ੀ ਫੀਸ ਲੈਣ ਅਤੇ ਜੋ ਮਰਜ਼ੀ ਕੋਰਸ ਚਲਾਉਣ। ਇਸ ਖੁੱਲ ਦੇ ਦੋ ਅੰਦਰੂਨੀ ਉਦੇਸ਼ ਬਣਦੇ ਹਨ। ਪਹਿਲਾ, ਇਹ ਅਦਾਰੇ ਸਰਕਾਰ ਉੱਤੇ ਕਿਸੇ ਤਰ੍ਹਾਂ ਦਾ ਵਾਧੂ ਵਿੱਤੀ ਬੋਝ ਨਹੀਂ ਹਨ। ਦੂਜਾ ਅਤੇ ਮਹੱਤਵਪੂਰਨ, ਇਹਨਾਂ ਅਦਾਰਿਆ ਦੁਆਰਾ ਚਲਾਏ ਜਾਂਦੇ ਕੋਰਸਾਂ ਦਾ ਕਨੇਡਾ ਦੀ ਉੱਚ-ਪੱਧਰੀ ਕਿਰਤ ਬਾਜ਼ਾਰ ਵਿੱਚ ਕੋਈ ਖਾਸ ਪੁੱਛ-ਗਿਛ ਨਹੀਂ ਹੈ। ਇਸ ਤਰ੍ਹਾਂ ਇਹਨਾਂ ਵਿਦਿਅਕ ਸੰਸਥਾਵਾਂ ਵਿੱਚ ਜੋ ਪੰਜਾਬੀ ਵਿਦਿਆਰਥੀ ਜਾ ਰਹੇ ਹਨ ਉਹ ਆਪਣੇ ਮਾਪਿਆਂ ਤੋਂ ਕਾਫੀ ਪੂੰਜੀ ਲੈ ਕੇ ਜਾ ਰਹੇ ਹਨ। ਇਸ ਪੂੰਜੀ ਨਾਲ ਨਾ ਸਿਰਫ ਮੁਨਾਫਾ ਆਧਾਰਿਤ ਕਾਲਜਾਂ ਦਾ ਮੁਨਾਫਾ ਵੱਧ ਰਿਹਾ ਹੈ ਪਰ ਇਸ ਦੇ ਨਾਲ-ਨਾਲ ਬੈਕਾਂ ਅਤੇ ਹੋਰ ਪੂੰਜੀਵਾਦੀ ਕਾਰੋਬਾਰ ਦਾ ਵੀ ਮੁਨਾਫਾ ਵੱਧ ਰਿਹਾ ਹੈ।

ਦੂਜੇ ਪਾਸੇ ਨਵ-ਉਦਾਰਵਾਦੀ ਨੀਤੀਆਂ ਦਾ ਇੱਕ ਪ੍ਰਮੁੱਖ ਉਦੇਸ਼ ਕਨੇਡਾ ਵਿੱਚ ਕਿਰਤੀਆਂ ਦੀ ਵਧ ਰਹੀ ਇੱਕਜੁੱਟਤਾ ਨੂੰ ਠੱਲ ਪਾਉਣਾ ਸੀ। ਜਿਸ ਲਈ ਕਨੇਡਾ ਦੀ ਲੋਅਰ-ਟੇਅਰ ਕਿਰਤ ਸ਼ਕਤੀ, ਜੋ ਅੰਦਾਜਨ ਕਨੇਡਾ ਵਿਚ ਕੁੱਲ ਕਾਮਿਆਂ ਦਾ 80% ਤੋ ਵੀ ਵੱਧ ਹੋਵੇਗੀ, ਨੂੰ ਕਟਰੋਲ ਕਰਨਾ ਲਾਜ਼ਮੀ ਸੀ। ਇਸ ਤਰ੍ਹਾਂ ਕਨੇਡਾ ਦੀ ਪੂੰਜੀਵਾਦੀ ਜਮਾਤ ਦੇ ਏਜੰਡੇ ਅਨੁਸਾਰ, ਤੀਜੀ ਦੁਨੀਆਂ ਦੇ ਮੁਲਕਾਂ ਵਿੱਚ ਜੋ ਕਿਰਤੀ ਜਮਾਤ ਬੁਲਾਈ ਜਾਵੇ ਉਹ ਕੁਝ ਹੱਦ ਤੱਕ ਪੜ੍ਹੀ ਲਿਖੀ ਹੋਵੇ, ਨੌਜਵਾਨ ਹੋਵੇ ਅਤੇ ਲੋਅਰ-ਟੇਅਰ ਕੰਮ ਲਈ ਤਿਆਰ ਹੋਵੇ ਤਾਂਕਿ ਘਰੇਲੂ ਮਜਦੂਰ ਜਮਾਤ ਨੂੰ ਇਹ ਸੰਕੇਤ ਮਿਲਦਾ ਰਹੇ ਕਿ ਕਨੇਡਾ ਦੇ ਆਰਥਿਕ ਢਾਂਚੇ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੂਪ ਵਿੱਚ ਵਾਧੂ ਕਿਰਤ ਸ਼ਕਤੀ ਮੌਜੂਦ ਹੈ। ਕਨੇਡਾ ਦੀ ਪੂੰਜੀਵਾਦੀ ਜਮਾਤ ਦੇ ਮੁਨਾਫੇ ਨੂੰ ਬਣਾ ਕੇ ਰੱਖਣ ਦੀ ਇਸ ਕੂਟਨੀਤੀ ਨੂੰ ਇੱਕ ਉਦਾਹਰਨ ਰਾਹੀਂ ਸਮਝਿਆ ਜਾ ਸਕਦਾ ਹੈ ਮੰਨ ਲਓ ਕਿ ਇੱਕ ਪੂੰਜੀਵਾਦੀ ਪ੍ਰਬੰਧ ਅਧਾਰਿਤ ਇੱਕ ਉਦਯੋਗ ਵਿੱਚ 100 ਕਾਮੇ ਲੱਗੇ ਹੋਏ ਹਨ। ਜੇਕਰ 100 ਕਾਮੇ ਇੱਕ ਜੁੱਟ ਹੋ ਕੇ ਪ੍ਰਤੀ ਘੰਟਾ ਮਜ਼ਦੂਰੀ ਵਧਾਉਣ ਲਈ ਹੜਤਾਲ ਕਰਦੇ ਹਨ ਅਤੇ ਮਜ਼ਦੂਰੀ ਵਧਾਉਣ ਵਿੱਚ ਸਫਲ ਹੋ ਜਾਂਦੇ ਹਨ ਤਾਂ ਪੂੰਜੀਵਾਦੀ ਉਦਯੋਗਪਤੀ ਨੂੰ ਅੱਠ ਘੰਟਿਆਂ ਦੇ ਹਿਸਾਬ ਨਾਲ 100 ਮਜ਼ਦੂਰਾਂ ਨੂੰ ਕਿੰਨੀ ਵੱਧ ਮਜ਼ਦੂਰੀ ਦੇਣੀ ਪਵੇਗੀ। ਇਸ ਪ੍ਰਕਾਰ ਦੀ ਹੜਤਾਲ ਅਤੇ ਇੱਕਜੁੱਟਤਾ ਹਰ ਇੱਕ ਉਦਯੋਗ ਵਿੱਚ ਤਾਂ ਹੀ ਸੰਭਵ ਅਤੇ ਸਫਲ ਹੋ ਸਕਦੀ ਹੈ ਜੇਕਰ ਆਰਥਿਕ ਢਾਂਚੇ ਵਿੱਚ ਸਸਤੀ ਅਤੇ ਵਾਧੂ ਕਿਰਤ ਸ਼ਕਤੀ ਨਾ ਹੋਵੇ।

ਸੋ ਇਸ ਤਰ੍ਹਾਂ ਦੀ ਮਜ਼ਦੂਰ ਇੱਕਜੁੱਟਤਾ ਨੂੰ ਠੱਲ ਪਾਉਣ ਲਈ ਅਤੇ ਮੁਨਾਫੇ ਦੀ ਦਰ ਨੂੰ ਕਾਇਮ ਰੱਖਣ ਲਈ ਕਨੇਡਾ ਨੇ ਵਿਦਿਆਰਥੀਆਂ ਦੇ ਰੂਪ ਵਿੱਚ ਜੋ ਨਵੀਂ ਸਸਤੀ ਕਿਰਤ ਸ਼ਕਤੀ ਪੈਦਾ ਕੀਤੀ ਉਸ ਨੂੰ ਕੰਮ ਲੱਗੀ ਹੋਈ ਕਿਰਤ ਸ਼ਕਤੀ (active army of labour) ਦੇ ਸਾਮਾਨਅੰਤਰ ਖੜ੍ਹਾ ਕਰ ਦਿੱਤਾ। ਪੂੰਜੀਪਤੀ ਜਮਾਤ ਲਈ ਇਹ ਸ਼ਕਤੀ ਮੁਹੱਈਆ ਹੋਣ ਕਾਰਨ ਇਸ ਜਮਾਤ ਦੀ ਮਜ਼ਦੂਰੀ ਨਿਧਾਰਨ ਸ਼ਕਤੀ ਮਜ਼ਦੂਰੀ ਜਮਾਤ ਦੀ ਸ਼ਕਤੀ ਨਾਲੋਂ ਵੱਧ ਗਈ। ਇਸ ਤਰ੍ਹਾਂ ਇਸ ਨਵ-ਉਦਾਰਵਾਦੀ ਸਸਤੀ ਕਿਰਤ ਪ੍ਰਵਾਸ ਨੀਤੀ ਦੀ ਨਾ ਸਿਰਫ ਪੂੰਜੀਵਾਦੀ ਲਾਭ ਦਰ ਕਾਇਮ ਰੱਖਣ ਲਈ ਵਰਤੋਂ ਕੀਤੀ ਗਈ ਬਲਕਿ ਮਜ਼ਦੂਰ ਜਮਾਤ ਦੀ ਸੰਗਠਿਤ ਸ਼ਕਤੀ ਨੂੰ ਠੱਲ ਪਾਉਣ ਲਈ ਵੀ ਵਰਤੋਂ ਕੀਤੀ ਗਈ। ਇਸ ਸੰਦਰਭ ਵਿੱਚ ਨਵ-ਉਦਾਰਵਾਦੀ ਵਿਦਿਆਰਥੀ ਕੂਟਨੀਤੀ ਨੇ ਕਾਰਪੋਰੇਟ ਜਮਾਤ ਅਤੇ ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਧੀਮਾ ਹੀ ਨਹੀਂ ਕੀਤਾ ਬਲਕਿ ਮਜ਼ਦੂਰ ਜਮਾਤ ਅੰਦਰ ਪਾੜਾ ਪਾਉਣ ਦਾ ਕੰਮ ਵੀ ਕੀਤਾ। ਇੱਥੇ ਇਹ ਗੌਰਤਲਬ ਹੈ, ਕਿ ਪਹਿਲੀ ਸਟੇਜ ਤੇ, ਪ੍ਰਵਾਸੀ ਵਿਦਿਆਰਥੀਆਂ ਦੀ ਸਭ ਤੋਂ ਵੱਧ ਟਸਲ ਕੁੱਝ ਸਾਲ ਪਹਿਲਾਂ ਆ ਚੁੱਕੇ ਪੰਜਾਬੀਆਂ, ਜੋ ਵਿਦਿਆਰਥੀਆਂ ਜਾਂ ਕਾਮਿਆਂ ਦੇ ਰੂਪ ਵਿੱਚ ਆਏ ਸਨ, ਨਾਲ ਪੈਦਾ ਕਰ ਦਿੱਤੀ ਹੈ।

ਜੇਕਰ ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਸਬੰਧੀ ਨੀਤੀ ਵਿੱਚ ਆਏ ਤਾਜੇ ਪਰਿਵਰਤਨਾਂ ਦਾ ਵਿਸ਼ੇਸ਼ਣ ਕਰੀਏ ਤਾਂ ਇਸ ਦੇ ਦੋ ਪ੍ਰਮੁੱਖ ਕਾਰਨ ਹਨ। ਪਹਿਲਾ, ਕਨੇਡਾ ਵਿੱਚ ਮੰਦੀ ਦਾ ਦੌਰ, ਜਿਸ ਕਾਰਨ ਬੇਰੁਜ਼ਗਾਰੀ ਦੀ ਦਰ ਵਧਣੀ ਸ਼ੁਰੂ ਹੋ ਗਈ ਹੈ। ਪੂੰਜੀਵਾਦ ਪ੍ਰਬੰਧ ਅਧੀਨ ਇਸ ਵਧ ਰਹੀ ਬੇਰੁਜ਼ਗਾਰੀ ਨੂੰ ਵੱਡੇ ਸੰਕਟ ਵਿੱਚ ਪਰਿਵਰਤਿਤ ਹੋਣ ਤੋਂ ਰੋਕਣ ਲਈ ਸਭ ਤੋਂ ਪਹਿਲਾ ਹਥਿਆਰ ਪ੍ਰਵਾਸ ਤੇ ਰੋਕ ਲਗਾਉਣੀ ਹੁੰਦੀ ਹੈ। ਪਰ ਇਸ ਸੰਦਰਭ ਵਿੱਚ ਕਨੇਡੀਅਨ ਪੂੰਜੀਵਾਦ ਲਈ ਇਹ ਵੀ ਮਹੱਤਵਪੂਰਨ ਹੈ ਕਿ ਪੰਜਾਬ ਤੋਂ ਆ ਰਹੀ ਪੂੰਜੀ ਘੱਟ ਨਾ ਹੋਵੇ ਤਾਂ ਜੋ ਕਾਲਜ, ਬੈਂਕ ਅਤੇ ਹੋਰ ਪੂੰਜੀਵਾਦੀ ਸੰਸਥਾਵਾਂ ਦਾ ਮੁਨਾਫਾ ਬਣਿਆ ਰਹੇ। ਇਸ ਲਈ ਕੈਨੇਡਾ ਨੇ ਜੀ.ਆਈ.ਸੀ (Guaranteed Investment Certificate) ਦੁਗਣਾ ਕਰ ਦਿੱਤਾ ਹੈ। ਜਿਸ ਦਾ ਭਾਵ ਇਹ ਹੈ ਕਿ ਜੇਕਰ ਕਨੇਡਾ ਪ੍ਰਵਾਸੀ ਵਿਦਿਆਰਥੀਆਂ ਦੀ ਗਿਣਤੀ ਅੱਧੀ ਵੀ ਕਰ ਦਿੰਦਾ ਹੈ ਤਾਂ ਕੈਨੇਡਾ ਨੂੰ ਜਾ ਰਹੀ ਪੂੰਜੀ ਵਿੱਚ ਕੋਈ ਖਾਸ ਕਮੀ ਨਾ ਆਵੇ। ਦੂਜਾ, ਕਨੇਡਾ ਵਿੱਚ ਆਮ ਚੋਣਾਂ ਦੇ ਸੰਦਰਭ ਵਿੱਚ ਹੋਏ ਇਕ ਸਰਵੇ ਅਨੁਸਾਰ ਲਿਬਰਲ ਪਾਰਟੀ ਨੂੰ ਆਉਣ ਵਾਲੀਆ ਚੋਣਾਂ ਵਿੱਚ ਹਾਰ ਦਿੱਖ ਰਹੀ ਹੈ। ਲਿਬਰਲ ਪਾਰਟੀ ਦੀ ਕਈ ਦਹਾਕੇ ਤੋਂ ਕਨੇਡਾ ਰਹਿ ਰਹੀ ਪੰਜਾਬੀ ਪ੍ਰਵਾਸੀ ਵਸੋਂ ਨਾਲ ਬਹੁਤ ਚੰਗੀ ਸਾਂਝ ਹੈ। ਪੰਜਾਬੀ, ਜਿਨ੍ਹਾਂ ਦੀ ਲਿਬਰਲ ਪਾਰਟੀ ਤੱਕ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪਹੁੰਚ ਹੈ ਨੇ ਪਾਰਟੀ ਨੂੰ ਇਹ ਗੱਲ ਜਚਾ ਦਿੱਤੀ ਹੈ ਕਿ ਜੇਕਰ ਉਹ ਅੰਤਰਰਾਸ਼ਟਰੀ ਪੰਜਾਬੀ ਵਿਦਿਆਰਥੀਆਂ ਦੀ ਸੰਖਿਆ ਨੂੰ ਰੈਗੂਲੇਟ ਨਹੀਂ ਕਰਦੇ ਤਾਂ ਉਹਨਾਂ ਨੂੰ ਪੰਜਾਬੀ ਅਸਰ ਵਾਲੇ ਹਲਕਿਆਂ ਵਿੱਚ ਆਉਣ ਵਾਲੀਆ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦਾ ਮੁੱਖ ਕਾਰਨ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਅਤੇ ਸਮਾਜਿਕ ਉਪਰੀ ਢਾਂਚੇ ਦੀ ਕਮੀ ਹੋ ਜਾਣ ਕਾਰਨ ਆ ਰਹੀਆਂ ਕਿਲਤਾਂ ਹਨ। ਸੋ ਪ੍ਰਵਾਸ ਨੀਤੀ ਵਿੱਚ ਪਰਿਵਰਤਨ ਜੋ ਕਿ ਪੂੰਜੀਵਾਦੀ ਆਰਥਿਕ ਅਤੇ ਰਾਜਨੀਤਕ ਪ੍ਰਬੰਧ ਨੂੰ ਕਾਇਮ ਰੱਖਣ ਦਾ ਇੱਕ ਅਹਿਮ ਹਥਿਆਰ ਹੈ, ਵਿੱਚ ਫੇਰਬਦਲ ਦਾ ਕਾਰਨ ਕੈਨੇਡਾ ਦਾ ਰਾਜਨੀਤਿਕ ਆਰਥਿਕ ਸੰਕਟ ਹੈ।

**ਪੰਜਾਬੀ ਜਵਾਨੀ ਦੀ ਹੋਣੀ** : ਉਪਰੋਤਕ ਸੰਦਭਵ ਵਿੱਚ ਪ੍ਰਵਾਸ ਸੰਬੰਧੀ ਨੀਤੀਆਂ ਵਿੱਚ ਆਏ ਪਰਿਵਰਤਨ ਨੇ ਪੰਜਾਬ ਤੋ ਹੋਣ ਵਾਲੇ ਵਿਦਿਆਰਥੀ ਪ੍ਰਵਾਸ ਨੂੰ ਇਕ ਵਾਰ ਫੇਰ ਬੁਧੀਜੀਵੀਆਂ ਦੇ ਵਿਸਲੇਸ਼ਣ ਦੇ ਘੇਰੇ ਵਿੱਚ ਲੈ ਆਂਦਾ ਹੈ। ਪੰਜਾਬ ਦੇ ਅੰਦਰੂਨੀ ਆਰਥਿਕ-ਰਾਜਨੀਤਿਕ ਸੰਕਟ ਅਤੇ ਕਨੇਡਾ ਦੇ ਆਰਥਿਕ-ਰਾਜਨੀਤਿਕ ਪ੍ਰਬੰਧ ਦਾ ਪੰਜਾਬੀ ਦੀ ਨੋਜਵਾਨ ਪੀੜੀ ਦੀ ਹੋਣੀ ਨਾਲ ਕਿਹੋ ਜਿਹਾ ਸੰਬੰਧ ਬਣਦਾ ਹੈ ਦਾ ਵੀ ਦਵੰਤਵਾਦੀ ਅਧਿਆਨ ਕਰਨਾ ਉਨ੍ਹਾਂ ਹੀ ਮਹੱਤਵਪੂਰਨ ਹੈ ਜਿਨਾਂ ਕਿ ਕਨੇਡਾ ਦੀ ਪ੍ਰਵਾਸ ਨੀਤੀ ਵਿੱਚ ਆਏ ਪਰਿਵਰਤਨ ਦਾ। ਪੰਜਾਬੀ ਔਸਤਨ ਨੌਜਵਾਨ ਜੋ ਪੰਜਾਬ ਨੂੰ ਛੱਡ ਕੇ ਕਨੇਡਾ ਆਉਣ ਦੀ ਤਾਂਘ ਰੱਖਦਾ ਹੈ ਉਹ ਕਨੇਡਾ ਦੀ ਸਸਤੀ ਕਿਰਤ ਸ਼ਕਤੀ ਦਾ ਹਿੱਸਾ ਬਣ ਕੇ ਰਹਿ ਜਾਂਦਾ ਹੈ। ਪੰਜਾਬ ਤੋਂ ਪ੍ਰਵਾਸ ਕਰਨ ਵਾਲੇ 95% ਤੋਂ ਵੀ ਵੱਧ ਨੌਜਵਾਨਾਂ ਦਾ ਉਦੇਸ਼ ਕਨੇਡਾ ਵਿੱਚ ਪੜ੍ਹ ਕੇ ਕਨੇਡਾ ਦੇ ਸੰਸਥਾਗਤ ਢਾਂਚੇ ਦਾ ਹਿੱਸਾ ਬਣਨਾ ਨਹੀਂ ਹੈ ਬਲਕਿ ਪੈਸੇ ਕਮਾਉਣ ਤੱਕ ਸੀਮਿਤ ਹੈ। ਇਸ ਕਰਕੇ ਉਹ ਪ੍ਰਵਾਸ ਏਜੰਟਾਂ ਤੋਂ ਕਦੇ ਇਹ ਪੁੱਛਣਾ ਵਾਜਬ ਨਹੀਂ ਸਮਝਦੇ ਕਿ ਜਿਹੜੇ ਕੋਰਸ ਅਤੇ ਕਾਲਜ ਵਿੱਚ ਏਜੰਟ ਉਹਨਾਂ ਨੂੰ ਭੇਜ ਰਿਹਾ ਹੈ ਉਸ ਦੀ ਕਿਰਤ ਬਾਜ਼ਾਰ ਵਿੱਚ ਕਿੰਨੀ-ਕੁ ਮੰਗ ਹੈ। ਪੰਜਾਬੀ ਨੌਜਵਾਨਾਂ ਦੀ ਇਹ ਪੜ੍ਹਾਈ ਅਤੇ ਕਾਲਜ ਨੂੰ ਆਪਣੀ ਕੈਨੇਡਾ ਵਾਲੀ ਜ਼ਿੰਦਗੀ ਵਿੱਚ ਸੈਕੰਡਰੀ ਜਾਂ ਮਨਫੀ ਕਰ ਦੇਣ ਦੀ ਪ੍ਰਵਿਰਤੀ ਕੈਨੇਡਾ ਦੇ ਪੂੰਜੀਵਾਦੀ ਪ੍ਰਬੰਧ ਲਈ ਇੱਕ ਪੂੰਜੀ ਦਾ ਕੰਮ ਕਰਦੀ ਹੈ। ਇਹ ਪੂੰਜੀ ਦਾ ਰੂਪ ਸਸਤੀ ਕਿਰਤ ਸ਼ਕਤੀ, ਪੜ੍ਹਨ ਅਤੇ ਕਾਲਜ ਜਾਣ ਦੀ ਇੱਛਾ ਨਾ ਰੱਖਣਾ, ਉੱਚ ਪੱਧਰੀ ਕਿਰਤ ਸ਼ਕਤੀ ਨਾਲ ਮੁਕਾਬਲੇ ਵਿੱਚ ਨਾ ਆਉਣਾ, ਸੰਸਥਾਗਤ ਢਾਂਚੇ ਦਾ ਹਿੱਸਾ ਨਾ ਬਣਨਾ, ਅੰਨ੍ਹਾ ਉਪਭੋਗਤਾਵਾਦ (hyper consumerism), ਆਦਿ ਹਨ। ਇਹ ਪੂੰਜੀ ਕਨੇਡੀਅਨ ਪੂੰਜੀਵਾਦ ਸੰਕਟ ਦੇ ਹੱਲ ਲਈ ਸਭ ਤੋਂ ਢੁਕਵੀਂ ਹੈ। ਅਜੋਕੇ ਰੁਝਾਨ ਅਨੁਸਾਰ ਪੰਜਾਬੀ ਨੌਜਵਾਨ ਪੜ੍ਹਾਈ ਤੋਂ ਗੁਰੇਜ ਰੱਖ ਕੇ ਅਤੇ ਕੈਨੇਡਾ ਦੇ ਪੱਕੇ ਵਸਨੀਕ ਬਣ ਕੇ ਇੱਥੋਂ ਦੀ ਰਾਜਨੀਤਿਕ ਜਮਾਤ ਲਈ ਵੋਟ ਬੈਂਕ ਤਾਂ ਬਣ ਸਕਦੇ ਹਨ ਪਰ ਕਨੇਡਾ ਦੇ ਆਰਥਿਕ ਅਤੇ ਸੰਸਥਾਗਤ ਢਾਂਚੇ ਦੇ ਥੰਮਾਂ (ਆਰਥਿਕ ਨੀਤੀਆਂ ਵਾਲੇ ਅਦਾਰੇ, ਯੂਨੀਵਰਸਿਟੀਆਂ, ਖੋਜ ਸੰਸਥਾਵਾਂ, ਆਦਿ) ਅੰਦਰ ਆਪਣੀ ਹੋਂਦ ਨਹੀਂ ਬਣਾ ਸਕਦੇ। ਇਸ ਦੇ ਉਲਟ ਚੀਨ, ਦੱਖਣੀ ਕੋਰੀਆ, ਇਜਰਾਇਲ, ਭਾਰਤੀ ਸੂਬੇ ਕੇਰਲਾ ਅਤੇ ਬੰਗਾਲ ਆਦਿ ਤੋਂ ਆਉਣ ਵਾਲੇ ਵਿਦਿਆਰਥੀਆਂ ਦਾ ਸਾਰਾ ਦਾਰੋਮਦਾਰ ਚੰਗੀ ਸਿੱਖਿਆ ਹਾਸਲ ਕਰ ਕੇ ਸੰਸਥਾਗਤ ਢਾਂਚੇ ਦਾ ਹਿੱਸਾ ਬਣਨਾ ਹੈ। ਇਹ ਰੁਝਾਨ ਪੰਜਾਬੀਆਂ ਵਿਦਿਆਰਥੀਆਂ ਦੀ ਛੇਤੀ-ਛੇਤੀ ਪਦਾਰਥਵਾਦੀ ਅਮੀਰ ਬਣਨ ਦੀ ਤਾਂਘ ਨੂੰ ਬਾਖੂਬੀ ਬਿਆਨ ਕਰਦਾ ਹੈ ਜਿਸ ਦੇ ਸਾਮਣੇ ਬਹੁਤੇ ਵਿਦਿਆਰਥੀਆਂ ਲਈ ਸਭ ਕੁਝ ਫਿੱਕਾ ਹੈ। ਪੰਜਾਬੀ ਵਿਦਿਆਰਥੀਆਂ ਵਿਚ ਅਜਿਹਾ ਕਿਉ ਹੈ, ਇਕ ਵੱਖਰੇ ਲੇਖ ਦਾ ਹਿੱਸਾ ਹੋ ਸਕਦਾ ਹੈ। ਪਰ ਇਕ ਗੱਲ ਤਹਿ ਹੈ ਕਿ ਪੰਜਾਬੀਆਂ ਨੌਜਵਾਨ ਪੀੜ੍ਹੀ ਦੁਆਰਾ ਛੇਤੀ-ਛੇਤੀ ਪਦਾਰਥਵਾਦੀ ਅਮੀਰ ਬਣਨ ਨੂੰ ਪ੍ਰਮੁੱਖ ਰੱਖ ਕੇ ਅਪਣੇ ਚੰਗੇ ਭਵਿੱਖ ਵਿੱਚੋ ਉੱਚ-ਪੱਧਰੀ ਸਿੱਖਿਆ ਨੂੰ ਮਨਫੀ ਕਰ ਦੇਣਾ ਪੰਜਾਬੀ ਕੌਮ ਨੂੰ ਕਨੇਡਾ ਅਤੇ ਵਿਸ਼ਵ ਪੱਧਰ ਤੇ ਇੱਕ ਸੂਝਵਾਨ ਕੌਮ ਬਣਨ ਅਤੇ ਉੱਚ ਸੰਸਥਾਗਤ ਢਾਂਚੇ ਨੂੰ ਸਮਝ ਕੇ ਉਸ ਦਾ ਹਿੱਸਾ ਬਣਨ ਜਾਂ ਉਸ ਨੂੰ ਕਿਸੇ ਬੇਹਤਰ ਢਾਂਚੇ ਵਿੱਚ ਪਰਿਵਰਤਨ ਕਰਨ ਦੀ ਪ੍ਰਤਿਭਾ ਨਾਲ ਮੇਲ ਨਹੀਂ ਖਾਂਦਾ।

ਸੋ ਅੰਤ ਵਿੱਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਅਜੋਕੇ ਸਾਮਰਾਜਵਾਦੀ ਮੁਲਕਾਂ ਦੀ ਵਿਦਿਆਰਥੀ/ਨੌਜਵਾਨ ਪ੍ਰਵਾਸ ਸਬੰਧੀ ਨੀਤੀਆਂ ਸਿੱਧੇ ਤੌਰ 'ਤੇ ਉਹਨਾਂ ਮੁਲਕਾਂ ਦੇ ਪੂੰਜੀਵਾਦੀ ਜਮਾਤ ਦੇ ਸੰਕਟ ਨੂੰ ਹੱਲ ਕਰਨ ਨਾਲ ਸੰਬੰਧਿਤ ਹਨ। ਇਹਨਾਂ ਨੀਤੀਆਂ ਵਿੱਚ ਹਾਂਲੇ ਵਿੱਚ ਹੋਈ ਫੇਰ-ਬਦਲ ਦਾ ਸਿੱਧਾ ਸੰਬੰਧ ਪੰਜਾਬੀ ਵਿਦਿਆਰਥੀਆਂ, ਕੈਨੇਡੀਅਨ ਮਜ਼ਦੂਰ ਜਮਾਤ ਅਤੇ ਪੰਜਾਬ ਤੋਂ ਹੋਣ ਵਾਲੀ ਪੂੰਜੀ ਦੇ ਨਿਰਯਾਤ ਨਾਲ ਹੈ। ਇਸਦੇ ਨਾਲ-ਨਾਲ ਇਹਨਾਂ ਨੀਤੀਆਂ ਦੇ ਉਦੇਸ਼ਾਂ ਨੂੰ ਸਮਝੇ ਬਗੈਰ ਪੰਜਾਬ ਦੇ ਰਾਜਨੀਤਿਕ-ਆਰਥਿਕ ਸੰਕਟ ਤੋਂ ਨਿਕਲਣ ਵਾਲੀ ਨੌਜਵਾਨ ਪੀੜ੍ਹੀ ਜਿਹੜੀ ਸੋਚ ਨਾਲ ਕੈਨੇਡਾ ਜਾ ਕੇ ਜਿਸ ਨਵੇਂ ਰਾਜਨੀਤਿਕ-ਆਰਥਿਕ ਪ੍ਰਬੰਧ ਦਾ ਹਿੱਸਾ ਬਣਦੀ ਹੈ ਉਹ ਉਹਨਾਂ ਅਤੇ ਕਨੇਡੀਅਨ ਮਜ਼ਦੂਰ ਜਮਾਤ ਲਈ ਕੋਈ ਆਸ਼ਾਵਾਦੀ ਭਵਿੱਖ ਨਹੀਂ ਸਿਰਜ ਸਕਦੀ।



ਡਾ. ਬਲਜਿੰਦਰ
94170-79720
singh.drbaljinder@gmail.com

# 70 ਘੰਟੇ ਕੰਮ ਬਨਾਮ ਕਿਰਤੀਆਂ ਦੇ ਹੱਕ



*ਅਮਰੀਕਾ ਸਥਿਤ ਵਰਕ ਫੋਰਸ (ਮਜ਼ਦੂਰ ਜਮਾਤ) ਨੂੰ ਮੈਨੇਜ ਕਰਨ ਵਾਲੀ ਇੱਕ ਬਹੁ-ਕੌਮੀ ਫਰਮ ਕਰੋਨੋਜ਼ ਇਨਕਾਰਪੋਰੇਟਡ ਨੇ ਅਸਲ 'ਚ ਦਰਜ ਕੀਤਾ ਹੈ ਕਿ ਭਾਰਤੀ ਵਰਕਰ ਦੁਨੀਆਂ ਭਰ ਅੰਦਰ ਸੱਭ ਤੋਂ ਵੱਧ ਮੁਸ਼ੱਕਤ ਕਰਨ ਵਾਲੇ ਲੋਕ ਹਨ ਅਤੇ ਇਸ ਦੇ ਨਾਲ ਹੀ ਆਨਲਾਈਨ ਵਪਾਰ ਕਰਨ ਵਾਲੀ ਇੱਕ ਕੌਮਾਂਤਰੀ ਫਰਮ ਪਿਕੋਡੀ.ਕਾਮ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀਆਂ ਦੀ ਪ੍ਰਤੀ ਮਹੀਨਾ ਆਮਦਨ ਨੂੰ ਦੇਖਦਿਆਂ ਇਹ ਪਤਾ ਲੱਗਦਾ ਹੈ ਕਿ ਭਾਰਤੀਆਂ ਦੀ ਪ੍ਰਤੀ ਮਹੀਨਾ ਔਸਤ ਤਨਖਾਹ ਸਾਰੀ ਦੁਨੀਆਂ ਨਾਲੋਂ ਘੱਟ ਹੈ । - ਸੰਪਾਦਕ*

ਕਿਰਤ ਤੇ ਪੂੰਜੀ ਦਰਮਿਆਨ ਜੱਦੋਜਹਿਦ ਸੰਸਾਰ ਪੱਧਰ 'ਤੇ ਸਰਮਾਏਦਾਰਾਨਾ ਢਾਂਚੇ ਦੇ ਹੋਂਦ 'ਚ ਆਉਣ ਨਾਲ ਜੁੜੀ ਹੋਈ ਹੈ। ਹੋਰਨਾਂ ਢੰਗਾਂ ਨਾਲ ਕਿਰਤ ਦੀ ਲੁੱਟ ਨੂੰ ਬਰਕਰਾਰ ਰੱਖਣ ਤੇ ਹੋਰ ਜ਼ਿਆਦਾ ਵਧਾਉਣ ਲਈ ਪੂੰਜੀ ਕੋਲ ਮਜ਼ਦੂਰਾਂ ਦੀ ਲੁੱਟ ਨੂੰ ਜ਼ਰਬਾਂ ਦੇਣ ਲਈ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਲੈਣ ਤੇ ਇਓਂ ਵਧੇਰੇ ਮੁਨਾਫੇ ਕਮਾਉਣ ਦਾ ਇੱਕ ਬਹੁਤ ਹੀ ਬੁਨਿਆਦੀ ਢੰਗ ਮਜਦੂਰਾਂ ਦੇ ਕੰਮ ਦੇ ਘੰਟੇ ਵਧਾਉਣਾ ਰਿਹਾ ਹੈ। ਇਸ ਪ੍ਰਸੰਗ 'ਚ ਹੀ ਆਈਟੀ ਖੇਤਰ ਦੀ ਉੱਘੀ ਕੰਪਨੀ ਇੰਨਫੋਸਿਸ ਦੇ ਬਾਨੀ ਚੇਅਰਮੈਨ ਐੱਨਆਰ ਨਰਾਇਣਾਮੂਰਤੀ (ਮੂਰਤੀ) ਵੱਲੋਂ ਦੇਸ਼ ਦੇ ਨੌਜਵਾਨਾਂ ਨੂੰ ਦਿੱਤੀ ਸਲਾਹ ਨੂੰ ਵਾਚਿਆ ਜਾਣਾ ਚਾਹੀਦਾ ਹੈ।

ਮੂਰਤੀ ਦਾ ਦੱਸਣਾ ਹੈ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਦੇ ਅਰਸੇ 'ਚ ਜੇਕਰ ਜਾਪਾਨ ਤੇ ਜਰਮਨੀ ਵਰਗੇ ਦੇਸ਼ਾਂ ਦੇ ਲੋਕ ਆਪੋ-ਆਪਣੇ ਮੁਲਕਾਂ ਦੇ ਅਰਥਚਾਰਿਆਂ ਨੂੰ ਮੁੜ ਲੀਹਾਂ 'ਤੇ ਲਿਆਉਣ ਤੇ ਉਸਾਰ ਢਾਂਚੇ ਨੂੰ ਮੁੜ ਉਸਾਰਣ 'ਚ ਕਾਮਯਾਬ ਹੋਏ ਹਨ ਤਾਂ ਇਹ ਇਸ ਕਰਕੇ ਹੀ ਸੰਭਵ ਹੋਇਆ ਕਿ ਉਹਨਾਂ ਮੁਲਕਾਂ ਦੇ ਬਸ਼ਿੰਦਿਆਂ ਨੇ ਸਖ਼ਤ ਮਿਹਨਤ ਕੀਤੀ ਅਤੇ ਇਹ ਕਿ ਉਹਨਾਂ ਮੁਲਕਾਂ ਦੇ ਲੋਕਾਂ ਨੇ ਆਮ ਨਾਲੋਂ ਵੱਧ ਘੰਟੇ ਕੰਮ ਕਰਕੇ ਆਪਣੇ ਦੇਸ਼ ਦੀ ਮੁੜ ਉਸਾਰੀ ਕੀਤੀ ਹੈ। ਹੋਰ ਅੱਗੇ ਚੱਲਕੇ ਮੂਰਤੀ ਦੀ ਇਹ ਨਸੀਹਤ ਹੈ ਕਿ ਸਾਰੇ ਭਾਰਤੀਆਂ ਨੂੰ ਹਰ ਹਫ਼ਤੇ 70 ਘੰਟੇ ਯਾਨੀ ਕਿ ਹਫ਼ਤੇ ਦੇ ਕੰਮ ਦੇ ਛੇ ਦਿਨਾਂ ਦੇ ਹਿਸਾਬ ਨਾਲ ਹਰ ਦਿਨ 12 ਘੰਟੇ ਕੰਮ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਉਹਦਾ ਕਹਿਣਾ ਹੈ ਕਿ ਭਾਰਤ ਦੇ ਮਜ਼ਦੂਰਾਂ ਦੀ ਲੇਬਰ ਪ੍ਰੋਡਕਟੀਵਿਟੀ (ਉਤਪਾਦਕਤਾ) ਸੰਸਾਰ ਦੇ ਸਾਰੇ ਮੁਲਕਾਂ ਨਾਲੋਂ ਸੱਭ ਤੋਂ ਘੱਟ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਵਰਕਰ ਪ੍ਰੋਡਕਟਿਵਿਟੀ ਕੀ ਹੁੰਦੀ ਹੈ? ਕੀ ਇਹ ਲੇਬਰ ਪ੍ਰੋਡਕਟਿਵਿਟੀ ਵਰਗੀ ਕੋਈ ਸ਼ੈਅ ਹੈ? ਦੋਨਾਂ ਦਰਮਿਆਨ ਫ਼ਰਕ ਸਿਰਫ਼ ਇਹ ਹੈ ਕਿ ਵਰਕਰ ਉਤਪਾਦਕਤਾ ਅੰਦਰ 'ਵਰਕ' ਦਾ ਅਰਥ ਮਾਨਸਕ ਗਤੀਵਿਧੀ ਤੋਂ ਲਿਆ ਜਾਂਦਾ ਹੈ ਅਤੇ ਇੱਥੇ ਵਰਕਰ ਦਾ ਅਰਥ ਮਾਨਸਕ ਰੂਪ 'ਚ ਕੰਮ ਕਰਨ ਵਾਲੇ ਤੋਂ ਹੈ। ਜਦਕਿ ਲੇਬਰ ਉਤਪਾਦਕਤਾ ਦੇ ਮਾਮਲੇ 'ਚ 'ਵਰਕ' ਦਾ ਅਰਥ ਸਰੀਰਕ ਮੁਸ਼ੱਕਤ ਤੋਂ ਹੁੰਦਾ ਹੈ ਅਤੇ ਉਹ ਲੇਬਰ ਕੋਈ ਨਾ ਕੋਈ ਵਸਤ ਦੀ ਸਿਰਜਣਾ ਕਰਦੀ ਹੈ। ਅਤੇ ਉਤਪਾਦਕਤਾ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਲੇਬਰ ਟਾਈਮ ਤੇ ਲੇਬਰ ਕੌਸਟ ਦੇ ਇੱਕ ਯੂਨਿਟ ਨੇ ਕਿੰਨਾ ਉਤਪਾਦਨ ਕੀਤਾ ਹੈ। ਵਿਸ਼ਾਲ ਅਰਥਾਂ 'ਚ ਇਹਦਾ ਮਤਲਬ ਹਰ ਵਰਕਰ ਪਿੱਛੇ ਹਰ ਖੇਤਰ ਅਨੁਸਾਰ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਦੇ ਹਿਸਾਬ ਨਾਲ ਲਾਇਆ ਜਾਂਦਾ ਹੈ।

ਇੱਕ ਢੰਗ ਨਾਲ ਹੀ ਅਜਿਹਾ ਹੋ ਸਕਦਾ ਹੈ ਕਿ ਵਾਧੂ ਕੀਤੇ ਜਾਣ ਵਾਲੀ ਪੈਦਾਵਾਰ (ਉਤਪਾਦਨ) 'ਚ ਲਾਏ ਗਏ ਕੰਮ ਦੇ ਘੰਟਿਆਂ ਲਈ ਕੋਈ ਪੈਸੇ ਅਦਾ ਨਾ ਕੀਤੇ ਜਾਣ। ਇਹ ਗੱਲ ਉਹਨਾਂ ਲੋਕਾਂ (ਸਰਮਾਏਦਾਰਾਂ) ਲਈ ਆਮ ਹੁੰਦੀ ਹੈ ਜਿਹੜੇ ਆਪਣੇ ਮੁਨਾਫ਼ਿਆਂ ਨੂੰ ਜ਼ਰਬਾਂ ਦੇਣੀਆਂ ਚਾਹੁੰਦੇ ਹਨ। ਇਹ ਮਜ਼ਦੂਰਾਂ ਨੂੰ ਅਦਾ ਨਾ ਕੀਤੇ ਗਏ ਉਹਨਾਂ ਵੱਲੋਂ ਕੀਤੇ ਗਏ ਕੰਮ ਦੇ ਬਲਬੂਤੇ ਆਪਣੇ ਮੁਨਾਫ਼ ?ਆਂ 'ਚ ਵਾਧਾ ਕਰਨਾ ਬਣਦਾ ਹੈ।

ਕੀ ਉਤਪਾਦਕਤਾ ਤੇ ਆਰਥਕ ਵਿਕਾਸ ਦਰਮਿਆਨ ਕੋਈ ਰਿਸ਼ਤਾ ਹੈ?

ਜੇਕਰ ਅਸੀਂ ਮੁਲਕ ਦੀ ਖੁਸ਼ਹਾਲੀ ਤੋਂ ਭਾਵ, ਯਾਨੀ ਕਿ ਕੁੱਲ ਘਰੇਲੂ ਉਤਪਾਦ 'ਚ ਹੋਏ ਵਾਧੇ ਨੂੰ ਲੈਂਦੇ ਹਾਂ ਤਾਂ ਇਹਦਾ ਮਤਲਬ ਇਹ ਨਹੀਂ ਹੋ ਜਾਂਦਾ ਕਿ ਇਸ ਨਾਲ ਮਜ਼ਦੂਰਾਂ ਦੀ ਵੀ ਖੁਸ਼ਹਾਲੀ ਹੋਵੇਗੀ। ਇੱਕ ਅੰਦਾਜ਼ੇ ਅਨੁਸਾਰ ਦੇਖਿਆਂ ਪਤਾ ਲੱਗਦਾ ਹੈ ਕਿ 1980 'ਚ ਭਾਰਤ ਦਾ ਕੁੱਲ ਘਰੇਲੂ ਉਤਪਾਦ 200 ਬਿਲੀਅਨ ਡਾਲਰ ਸੀ, ਜਿਹੜਾ 2015 ਦੇ ਆਉਂਦੇ-ਆਉਂਦੇ 2000 ਬਿਲੀਅਨ ਡਾਲਰਾਂ ਤੋਂ ਵੀ ਵਧੇਰੇ ਦਾ ਹੋ ਗਿਆ। ਪਰ ਪ੍ਰਸਿੱਧ ਅਰਥਸ਼ਾਸਤਰੀਆਂ ਟਾਮਸ ਪਿਕੈਟੀ ਤੇ ਲੁਕਾਸ ਚੇਂਸੇਲ ਨੇ ਆਪਣੇ ਇੱਕ ਅਧਿਐਨ 'ਚ ਦਿਖਾਇਆ ਹੈ ਕਿ 1980-2015 ਦੇ ਅਰਸੇ ਦੌਰਾਨ ਕੌਮੀ ਆਮਦਨ 'ਚ ਲੋਕਾਂ ਦੇ ਵੱਖ-ਵੱਖ ਗੁੱਟਾਂ (ਗਰੁੱਪਾਂ) ਦੀ ਆਮਦਨ ਵਾਲੇ ਹਿੱਸੇ 'ਚ ਕੋਈ ਵਾਧਾ ਦਰਜ ਕੀਤੇ ਜਾਣ ਦੀ ਥਾਂ ਉਲਟਾ ਗਿਰਾਵਟ ਹੀ ਦਰਜ ਕੀਤੀ ਗਈ ਹੈ। ਇਸ ਅਰਸੇ ਦੌਰਾਨ ਕੌਮੀ ਆਮਦਨ 'ਚ ਮੱਧ ਵਰਗ ਦੇ 40ਫੀਸਦੀ ਤੇ ਨਿਚਲੇ ਦਰਜੇ ਦੀ ਆਮਦਨ ਵਾਲੇ ਗਰੁੱਪ ਦੇ 50ਫੀਸਦੀ ਹਿੱਸੇ ਦੀ ਆਮਦਨ ਦਾ ਹਿੱਸਾ 48ਫੀਸਦੀ ਤੋਂ ਘਟਕੇ 29ਫੀਸਦੀ ਰਹਿ ਗਿਆ। ਜਦਕਿ ਮੱਧ ਵਰਗ ਦਾ ਹਿੱਸਾ 23ਫੀਸਦੀ ਤੋਂ ਘਟਕੇ 14ਫੀਸਦੀ ਹੀ ਰਹਿ ਗਿਆ, ਪਰ ਇਸੇ ਹੀ ਅਰਸੇ ਦੌਰਾਨ ਉੱਚ-ਆਮਦਨ ਵਾਲੇ 10ਫੀਸਦੀ ਵਰਗ ਦੀ ਆਮਦਨ ਦਾ ਹਿੱਸਾ 30ਫੀਸਦੀ ਤੋਂ ਵਧਕੇ 58ਫੀਸਦੀ ਹੋ ਗਿਆ। ਇਹਦਾ ਸਿੱਧਾ ਜਿਹਾ ਅਰਥ ਇਹ ਬਣਦਾ ਹੈ ਕਿ ਭਾਰਤ ਦੇ ਹੇਠਲੇ 50% ਹਿੱਸੇ ਦੀ ਆਮਦਨ 'ਚ ਬੇਸ਼ੱਕ 90% ਦਾ ਵਾਧਾ ਦਰਜ ਹੋਇਆ ਹੈ ਪਰ ਇਸੇ ਹੀ ਅਰਸੇ ਦੌਰਾਨ ਉਪਰਲੇ 10% ਹਿੱਸੇ ਦੀ ਆਮਦਨ 435% ਵਧੀ ਹੈ। ਜੇ ਹੋਰ ਗਹੁ ਨਾਲ ਵਾਚਿਆ ਜਾਵੇ ਤਾਂ ਇਸ ਵਾਧੇ 'ਚੋਂ ਵੀ ਉੱਚ ਤਬਕੇ ਦੇ 0.01% ਹਿੱਸੇ ਦੀ ਆਮਦਨ 1699% ਵਧੀ ਹੈ ਜਦਕਿ ਇਸ ਤੋਂ ਵਧੇਰੇ ਬਾਰੀਕੀ ਨਾਲ ਜਾਂਚਿਆਂ ਅਸੀਂ ਦੇਖਦੇ ਹਾਂ ਕਿ ਇਸ ਤੋਂ ਵੀ ਉਪਰਲੇ ਹਿੱਸੇ ਦੇ 0.001% ਹਿੱਸੇ ਦੀ ਆਮਦਨ 'ਚ ਦਰਜ ਕੀਤਾ ਗਿਆ ਵਾਧਾ 2040% ਬਣ ਜਾਂਦਾ ਹੈ। ਪਰ ਅਮੀਰਾਂ ਦੀ ਆਮਦਨ 'ਚ ਹੋਏ ਇਸ ਵਾਧੇ ਨੂੰ ਉਹਨਾਂ ਵੱਲੋਂ ਕੀਤੀ ਗਈ ਉਤਪਾਦਕਤਾ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ। ਸਗੋਂ ਉਹਨਾਂ ਦੀ ਆਮਦਨ 'ਚ ਹੋਏ ਵਾਧੇ ਨੂੰ ਦੇਖਿਆਂ ਪਤਾ ਚੱਲਦਾ ਹੈ ਕਿ ਇਹ ਵਾਧਾ ਉਹਨਾਂ ਦੀ ਜੱਦੀ ਜ਼ਾਇਦਾਦ ਦੀ ਅਦਲਾ-ਬਦਲੀ ਤੇ ਉਸਤੋਂ ਹੋਈ ਆਮਦਨ ਨਾਲ ਜੁੜਿਆ ਹੋਇਆ ਹੈ ਜਾਂ ਫਿਰ ਉਹਨਾਂ ਵੱਲੋਂ ਆਪਣੇ ਲਈ ਖੁਦ ਹੀ ਮੁਕੱਰਰ ਕੀਤੇ ਗਏ ਬਹੁਤ ਹੀ ਉੱਚੇ ਪੇ-ਪੈਕੇਜਜ਼ ਰਾਹੀਂ ਉਹਨਾਂ ਵੱਲੋਂ ਖੁਦ ਹੀ ਆਪਣੇ ਗੱਲਿਆਂ 'ਚ ਸੁੱਟੇ ਪੈਸਿਆਂ ਰਾਹੀਂ ਹੋਇਆ ਹੈ। ਪਰ ਇਸ ਵਾਧੇ ਨੂੰ ਉਹਨਾਂ ਵੱਲੋਂ ਦੇਸ਼ ਦੇ ਅਰਥਚਾਰੇ 'ਚ ਕਿਸੇ ਤਰ੍ਹਾਂ ਨਾਲ ਵੀ ਆਪਣੀ ਉਤਪਾਦਕਤਾ ਦੇ ਆਸਰੇ ਪਾਏ ਗਏ ਯੋਗਦਾਨ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ। ਮੂਰਤੀ ਜਿਸ ਵਰਗ ਨਾਲ ਸਬੰਧਤ ਹੈ ਉਸ ਵਰਗ ਦੇ ਲੋਕ ਭਾਵੇਂ ਆਪਣੇ ਲਈ ਆਪ ਭਾਵੇਂ ਕਿੰਨੀ ਵੀ ਸਖ਼ਤ ਮੁਸ਼ੱਕਤ ਕਿਉਂ ਨਾ ਕਰਦੇ ਹੋਣ, ਪਰ ਉਹਨਾਂ ਕੋਲ ਜੋ ਪੈਸਾ ਹੈ ਉਹ ਕਿਸੇ ਵੀ ਰੂਪ 'ਚ ਉਤਪਾਦਕਤਾ 'ਚ ਕੋਈ ਹਿੱਸੇਦਾਰੀ ਨਹੀਂ ਪਾਉਂਦਾ।

ਕੀ ਭਾਰਤ 'ਚ ਪ੍ਰਤੀ ਵਰਕਰ ਉਤਪਾਦਕਤਾ ਸੰਸਾਰ 'ਚ ਸੱਭ ਤੋਂ ਨੀਵੀਂ ਹੈ?

ਇਹਦਾ ਜੁਆਬ ਲੈਣ ਲਈ ਸਾਨੂੰ ਉਹਨਾਂ ਅੰਕੜਿਆਂ 'ਤੇ ਨਿਗਾਹ ਮਾਰਨੀ ਪਵੇਗੀ ਜਿਹੜੇ ਇਹ ਦਿਖਾਉਂਦੇ ਹਨ ਕਿ ਵਰਕਰਾਂ ਦੀਆਂ ਤਨਖਾਹਾਂ ਤੇ ਭੱਤਿਆਂ 'ਚ ਕਟੌਤੀ ਕੀਤੀ ਗਈ ਹੈ ਜਦਕਿ ਮੁਨਾਫ਼ਿਆਂ 'ਚ ਅੰਨ੍ਹਾ ਵਾਧਾ ਦਰਜ ਕੀਤਾ ਗਿਆ ਹੈ। ਇਹ ਗਿਰਾਵਟ ਤੇ ਵਾਧਾ ਕਿੱਥੋਂ ਆਇਆ? ਇਹ ਵਾਧਾ-ਘਾਟਾ ਲੇਬਰ ਕਾਨੂੰਨਾਂ ਦਾ ਵਰਕਰਾਂ ਦੇ ਪੱਖੀ ਨਾ ਹੋਣ ਤੇ ਹਕੂਮਤੀ ਨਿਜ਼ਾਮ ਦੇ ਵਰਕਰ ਪੱਖੀ ਨਾ ਹੋਣ ਕਰਕੇ ਹੈ। ਜਿਸ ਕਰਕੇ ਗ਼ੈਰ ਜੱਥੇਬੰਦਕ ਖੇਤਰ ਅੰਦਰ ਉਤਪਾਦਨ ਲਈ ਰਾਹ ਖੁੱਲਿਆ ਹੋਇਆ ਹੈ ਜਿਹੜਾ ਕਿ ਅੱਗੋਂ ਵਰਕਰਾਂ ਦੀ ਸ਼ਰੇਆਮ ਲੁੱਟ ਕਰਨ ਲਈ ਰਾਹ ਖੋਲ੍ਹਦਾ ਹੈ।

ਅਮਰੀਕਾ ਸਥਿਤ ਵਰਕ ਫੋਰਸ (ਮਜ਼ਦੂਰ ਜਮਾਤ) ਨੂੰ ਮੈਨੇਜ ਕਰਨ ਵਾਲੀ ਇੱਕ ਬਹੁ-ਕੌਮੀ ਫਰਮ ਕਰੋਨੋਜ਼ ਇਨਕਾਰਪੋਰੇਟਡ ਨੇ ਅਸਲ 'ਚ ਦਰਜ ਕੀਤਾ ਹੈ ਕਿ ਭਾਰਤੀ ਵਰਕਰ ਦੁਨੀਆਂ ਭਰ ਅੰਦਰ ਸੱਭ ਤੋਂ ਵੱਧ ਮੁਸ਼ੱਕਤ ਕਰਨ ਵਾਲੇ ਲੋਕ ਹਨ ਅਤੇ ਇਸ ਦੇ ਨਾਲ ਹੀ ਆਨਲਾਈਨ ਵਪਾਰ ਕਰਨ ਵਾਲੀ ਇੱਕ ਕੌਮਾਂਤਰੀ ਫਰਮ ਪਿਕੋਡੀ.ਕਾਮ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀਆਂ ਦੀ ਪ੍ਰਤੀ ਮਹੀਨਾ ਆਮਦਨ ਨੂੰ ਦੇਖਦਿਆਂ ਇਹ ਪਤਾ ਲੱਗਦਾ ਹੈ ਕਿ ਭਾਰਤੀਆਂ ਦੀ ਪ੍ਰਤੀ ਮਹੀਨਾ ਔਸਤ ਤਨਖਾਹ ਸਾਰੀ ਦੁਨੀਆਂ ਨਾਲੋਂ ਘੱਟ ਹੈ। ਇਹੀ ਗੱਲਾਂ ਇਹ ਦਿਖਾਉਂਦੀਆਂ ਹਨ ਕਿ ਮੂਰਤੀ ਦੀ ਗੱਲ 'ਚ ਕੋਈ ਦਮ ਨਹੀਂ ਹੈ। ਬਲਕਿ ਉਹਦੀ ਇਹ ਬਿਆਨਬਾਜ਼ੀ ਸਰਕਾਰ ਨੂੰ ਇਹ ਸ਼ਹਿ ਦੇਣ ਲਈ ਅਤੇ ਦਬਾਅ ਬਣਾਉਣ ਲਈ ਹੈ ਕਿ ਸਰਕਾਰ ਲੇਬਰ ਕਾਨੂੰਨਾਂ ਅੰਦਰ ਕੀਤੀਆਂ ਗਈਆਂ ਸੋਧਾਂ ਨੂੰ ਜਲਦੀ ਤੋਂ ਜਲਦੀ ਅਮਲੀ ਰੂਪ 'ਚ ਲਾਗੂ ਕਰੇ ਤਾਂ ਜੋ ਉਹਨਾਂ ਵਰਕਰਾਂ ਦੀ ਵੱਧ ਤੋਂ ਵੱਧ ਲੁੱਟ ਕੀਤੀ ਜਾ ਸਕੇ। ਕਿਉਂਕਿ ਲੇਬਰ ਸਬੰਧੀ ਇਹ ਨਵੇਂ ਕਾਨੂੰਨ ਸਰਮਾਏਦਾਰਾਂ ਨੂੰ ਇਹ ਖੁੱਲ੍ਹ ਦਿੰਦੇ ਹਨ ਕਿ ਉਹ ਮਜਦੂਰਾਂ ਤੋਂ ਮੌਜੂਦਾ ਕਾਨੂੰਨਾਂ ਮੁਤਾਬਕ ਅੱਠ ਘੰਟੇ ਪ੍ਰਤੀ ਦਿਨ ਦੀ ਬਜਾਏ ਬਾਰਾਂ-ਚੌਦਾਂ ਘੰਟੇ ਪ੍ਰਤੀ ਦਿਨ ਕੰਮ ਲਵੇ। ਅਤੇ ਇਹਦੇ ਨਾਲ ਹੀ ਇਹ ਵੀ ਕੋਈ ਘੱਟ ਅਹਿਮ ਨਹੀਂ ਹੈ ਕਿ ਇਹਨਾਂ ਨਵੇਂ ਕਿਰਤ ਕੋਡਾਂ ਮੁਤਾਬਕ ਮਜ਼ਦੂਰਾਂ ਦੇ ਆਪਣੇ ਹੱਕਾਂ ਲਈ ਜੱਥੇਬੰਦ ਹੋਕੇ ਲੜਾਈ ਲੜਨ ਲਈ ਅਨੇਕਾਂ ਕਿਸਮ ਦੇ ਰੋੜੇ ਖੜ੍ਹੇ ਕੀਤੇ ਗਏ ਹਨ। ਮੂਰਤੀ ਅਤੇ ਉਹਦੇ ਨਾਲਦੇ ਜਿੰਦਲ ਇੰਡਸਟਰੀਜ਼ ਦੇ ਮਾਲਕ ਵਰਗੇ ਹੋਰਨਾਂ ਸਰਮਾਏਦਾਰਾਂ ਦੀ ਇਹ ਬਿਆਨਬਾਜ਼ੀ ਅਤੇ ਲੋਕਾਂ ਨੂੰ ਕੀਤੀ ਅਪੀਲ ਅਸਲ 'ਚ ਸਰਕਾਰ ਨੂੰ ਮਜਦੂਰਾਂ 'ਤੇ ਡੰਡਾ ਚਾੜ੍ਹਣ ਲਈ ਕਹਿਣ ਨਾਲ ਸਬੰਧਤ ਹੈ ਨਾ ਕਿ ਮੁਲਕ ਦੀ ਉਤਪਾਦਕਤਾ ਦਰ ਨੂੰ ਕਿਸੇ ਰੂਪ 'ਚ ਵਧਾਉਣ ਨਾਲ।

ਕੀ ਜਰਮਨੀ ਤੇ ਜਪਾਨ ਦੇ ਅਰਥਚਾਰਿਆਂ ਨਾਲ ਭਾਰਤੀ ਆਰਥਕਤਾ ਦਾ ਮੁਕਾਬਲਾ ਕਰਨਾ ਵਾਜਬ ਹੈ?

ਆਲਮੀ ਪੱਧਰ 'ਤੇ ਮਜ਼ਦੂਰਾਂ ਲਈ ਕੰਮ ਦੇ ਘੰਟੇ ਮੁਕੱਰਰ ਕਰਦੇ ਸਮੇਂ ਇਹ ਗੱਲ ਧਿਆਨ 'ਚ ਰੱਖੀ ਗਈ ਸੀ ਕਿ ਮਜ਼ਦੂਰ ਲਈ ਸਹੀ ਆਰਾਮ ਤੇ ਕੰਮ ਦੇ ਘੰਟਿਆਂ ਦਰਮਿਆਨ ਨੇੜਲਾ ਰਿਸ਼ਤਾ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਅਗਰ ਮਜ਼ਦੂਰ ਸਹੀ ਆਰਾਮ ਨਹੀਂ ਕਰੇਗਾ ਤਾਂ ਉਹ ਸਹੀ ਰੂਪ 'ਚ ਉਤਪਾਦਨ 'ਚ ਆਪਣੇ ਬਣਦਾ ਯੋਗਦਾਨ ਨਹੀਂ ਪਾ ਸਕਦਾ। ਮਜਦੂਰ ਨੂੰ ਆਰਾਮ, ਉਹਦੀ ਮਾਨਸਿਕ ਹਾਲਤ ਨੂੰ ਠੀਕ ਰੱਖਣ ਲਈ ਵੀ ਜ਼ਰੂਰੀ ਹੈ ਅਤੇ ਨਾਲ ਹੀ ਸਰੀਰਕ ਕਸਰਤ ਵੀ ਲਾਜ਼ਮੀ ਹੈ। ਨਹੀਂ ਤਾਂ ਉਹ ਵਰਕਰ ਲਗਾਤਾਰ ਹੀ ਕੰਮ ਦੇ ਬੋਝ ਹੇਠ ਰਹਿੰਦਿਆਂ ਉਤਪਾਦਨ 'ਚ ਆਪਣਾ ਹਿੱਸਾ ਨਹੀਂ ਪਾ ਸਕੇਗਾ। ਕੰਮ ਦੇ ਘੰਟਿਆਂ ਬਾਬਤ ਜੇ ਗੱਲ ਕਰੀਏ ਤਾਂ ਜਰਮਨੀ ਦੇ ਲੋਕ ਹਫ਼ਤੇ 'ਚ 34 ਘੰਟੇ ਕੰਮ ਕਰਦੇ ਹਨ ਜਦਕਿ ਜਾਪਾਨ 'ਚ 37 ਘੰਟੇ, ਆਪਣੇ ਨੇੜਲੇ ਗੁਆਂਢੀ ਮੁਲਕਾਂ 'ਤੇ ਨਿਗਾਹ ਮਾਰਿਆਂ ਪਤਾ ਲੱਗਦਾ ਹੈ ਕਿ ਪਾਕਿਸਤਾਨ 47 ਘੰਟੇ, ਬੰਗਲਾਦੇਸ਼ 47 ਘੰਟੇ, ਭੂਟਾਨ 51 ਘੰਟੇ, ਸ੍ਰੀਲੰਕਾ 36 ਘੰਟੇ, ਨੇਪਾਲ 40 ਘੰਟੇ, ਜਦਕਿ ਭਾਰਤ 'ਚ ਇਹ ਹਫ਼ਤੇ 'ਚ 48 ਘੰਟੇ ਹੈ। ਅਗਲੀ ਗੱਲ ਕਿ ਸਾਡੇ ਮੁਲਕੇ ਦਾ ਜਪਾਨ ਤੇ ਜਰਮਨੀ ਦੇ ਅਰਥਚਾਰਿਆਂ ਦੇ ਸਾਈਜ਼ ਦੇ ਅਰਥਾਂ 'ਚ ਤੇ ਨਾ ਹੀ ਉਹਨਾਂ ਦੇਸ਼ਾਂ ਅੰਦਰਲੀ ਲੇਬਰ ਫੋਰਸ ਦੀ ਤਕਨੀਕੀ ਗੁਣਵੱਤਾ ਦੇ ਅਰਥਾਂ 'ਚ ਕੋਈ ਆਪਸੀ ਮੁਕਾਬਲਾ ਹੀ ਨਹੀਂ ਬਣਦਾ। ਉਹਨਾਂ ਮੁਲਕਾਂ ਦੀ ਤਕਨੀਕੀ ਮੁਹਾਰਤ ਤੇ ਇਸ ਪੱਧਰ ਦੇ ਉਸਾਰ ਢਾਂਚਿਆਂ ਦੇ ਮੁਕਾਬਲੇ ਭਾਰਤ ਦਾ ਅਰਥਚਾਰਾ ਬਹੁਤ ਹੀ ਨਿਗੂਣਾ ਹੈ, ਊਣਾ ਹੈ, ਪੱਛੜਿਆ ਹੋਇਆ ਹੈ, ਇੱਥੇ ਇਨੀਸ਼ੀਏਟਿਵ (ਪਹਿਲ ਕਦਮੀਂ) ਦੀ ਘਾਟ ਹੈ। ਕਾਰਖਾਨਿਆਂ 'ਚ ਵਰਤੀ ਜਾਂਦੀ ਤਕਨੀਕੀ ਮੁਹਾਰਤ ਬਾਹਰਲੇ ਦੇਸ਼ਾਂ ਤੋਂ ਕਿਰਾਏ 'ਤੇ ਲਈ ਹੋਈ ਹੈ। ਅਤੇ ਉਹ ਮੁਲਕ ਓਨਾ ਕੁ ਹੀ ਸਿਖਾਉਂਦੇ ਹਨ ਜਿੰਨਾ ਕੁ ਉਹਨਾਂ ਦੇਸ਼ਾਂ ਜਾਂ ਸਾਮਰਾਜੀਆਂ ਲਈ ਫਾਇਦੇਮੰਦ ਹੁੰਦਾ ਹੈ, ਨਾ ਕਿ ਤਕਨੀਕ ਦੀਆਂ ਬਾਰੀਕੀਆਂ ਤੇ ਉਹਨਾਂ ਨੂੰ ਅੱਗੋਂ ਵਿਕਸਤ ਕਰਨ ਲਈ ਕੋਈ ਉਜ਼ਰ ਕਰਨ ਲਈ ਰਾਹ ਦਰਸਾਵਾ ਬਣਨਾ। ਸਮਾਜਕ ਪੱਧਰ 'ਤੇ ਇਨਵੈਸਟਮੈਂਟ ਕਰਨੀ ਅਤੇ ਘਰੇਲੂ ਪੱਧਰ 'ਤੇ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਰਾਹੀਂ ਦੇਸ਼ ਅੰਦਰ ਪੈਦਾ ਕੀਤੇ ਗਏ ਉਤਪਾਦਾਂ ਦੀ ਖਪਤ ਨੂੰ ਵਧਾਉਣ ਰਾਹੀਂ ਉਤਪਾਦਕਤਾ 'ਚ ਵਾਧਾ ਕੀਤਾ ਜਾ ਸਕਦਾ ਹੈ।

ਡੂੰਘਾਈ ਨਾਲ ਫਰੋਲਦਿਆਂ ਉਤਪਾਦਕਤਾ (ਪ੍ਰੋਡਕਟਿਵਿਟੀ) ਸਿਰਫ ਤੇ ਸਿਰਫ ਕੰਮ ਦੇ ਘੰਟਿਆਂ ਨਾਲ ਨਹੀਂ ਮਾਪੀ ਜਾਣੀ ਚਾਹੀਦੀ ਜਾਂ ਜੁੜੀ ਹੋਈ ਨਹੀਂ ਹੈ। ਵੱਖ-ਵੱਖ ਮੁਲਕਾਂ ਦੇ ਲੋਕ ਵੱਖ-ਵੱਖ ਘੰਟੇ ਕੰਮ ਕਰਦੇ ਹਨ ਇਸ ਲਈ ਉਤਪਾਦਕਤਾ ਨੂੰ ਪ੍ਰਤੀ ਮਜ਼ਦੂਰ ਦੇ ਹਿਸਾਬ ਨਾਲ ਨਹੀਂ ਬਲਕਿ ਪ੍ਰਤੀ ਘੰਟੇ ਦੇ ਹਿਸਾਬ ਨਾਲ ਮਾਪਿਆ ਜਾਣਾ ਚਾਹੀਦਾ ਹੈ। 2017 'ਚ ਭਾਰਤ ਦੀ ਪ੍ਰਤੀ ਘੰਟਾ ਉਤਪਾਦਕਤਾ 8 ਡਾਲਰ ਸੀ ਜਦਕਿ ਜਰਮਨੀ ਦੀ 6908 ਡਾਲਰ। ਜਰਮਨੀ ਦੇ ਵਰਕਰ ਨੂੰ ਔਸਤਨ 5.72 ਘੰਟੇ ਕੰਮ ਕਰਨਾ ਪੈਂਦਾ ਹੈ ਜਿਹੜਾ ਕਿ ਭਾਰਤ ਦੇ ਮੁਤਾਬਲੇ 8.7 ਗੁਣਾ ਹੈ। ਤਾਂ ਫਿਰ ਤਾਂ ਭਾਰਤ ਨੂੰ ਉਸ ਪੱਧਰ ਤੱਕ ਪਹੁੰਚਣ ਲਈ ਭਾਰਤ ਦੇ ਵਰਕਰ ਨੂੰ ਹਰ ਦਿਨ 52 ਘੰਟੇ ਕੰਮ ਕਰਨਾ ਪਊ, ਜਿਹੜਾ ਕਿ ਨਾਮੁਮਕਿਨ ਹੈ। ਮਨੁੱਖਾ ਸ਼ਕਤੀ, ਮਾਨਵ ਵਸੀਲੇ, ਮਨੁੱਖੀ ਸਾਧਨ ਆਦਿ ਕਈ ਸਮਅਰਥੀ ਸ਼ਬਦ ਹਨ ਜਿਹੜੇ ਕਿ ਮਨੁੱਖਾ ਪੂੰਜੀ ਜਾਂ ਮਨੁੱਖਾ ਸਰਮਾਏ ਲਈ ਵਰਤੋਂ 'ਚ ਲਿਆਂਦੇ ਜਾਂਦੇ ਹਨ। ਇਸ ਮਨੁੱਖਾ ਪੂੰਜੀ ਦੇ ਵਿਕਾਸ ਲਈ ਵਿੱਦਿਆ, ਉਹਨਾਂ ਨੂੰ ਤਕਨੀਕੀ ਤੌਰ 'ਤੇ ਸਿੱਖਿਅਤ ਕਰਨਾ, ਉਹਨਾਂ ਦੀ ਪਰਵਰਿਸ਼ ਕਰਨੀ ਯਾਨੀ ਕਿ ਉਹਨਾਂ ਦੀ ਖੁਰਾਕ ਤੇ ਸਿਹਤ ਆਦਿ ਕਾਰਕ ਹਨ ਜਿਹੜੇ ਮਜ਼ਦੂਰਾਂ ਦੀ ਉਤਪਾਦਕਤਾ ਵਧਾਉਣ ਲਈ ਜ਼ਰੂਰੀ ਹਨ। ਜਿਹੜੇ ਕਿ ਓਨੇ ਹੀ ਘੰਟਿਆਂ 'ਚ ਮਜ਼ਦੂਰਾਂ ਵੱਲੋਂ ਕਿਤੇ ਵਧੇਰੇ ਉਤਪਾਦਨ ਕਰਨ ਲਈ ਸਹਾਈ ਹੁੰਦੇ ਹਨ। ਇਸ ਸਮਝ ਮੁਤਾਬਕ ਕੰਮ ਦੇ ਘੰਟਿਆਂ ਨੂੰ ਘਟਾਉਣ ਨਾਲ ਉਤਪਾਦਕਤਾ 'ਤੇ ਕੋਈ ਅਸਰ ਨਹੀਂ ਪੈਂਦਾ। ਸਗੋਂ ਇਹਦੇ ਨਾਲ ਮਜ਼ਦੂਰਾਂ ਲਈ ਆਪਣੇ ਤੇ ਆਪਣੇ ਪਰਿਵਾਰ ਲਈ ਵਿਹਲ ਲਈ ਮੌਕੇ ਮਿਲਦੇ ਹਨ ਜੋ ਮੋੜਵੇਂ ਰੂਪ 'ਚ ਉਤਪਾਦਕਤਾ ਵਧਾਉਣ ਲਈ ਸਹਾਈ ਹੁੰਦੇ ਹਨ। ਸੋ ਲੋੜ ਕੰਮ ਦੇ ਘੰਟੇ ਵਧਾਉਣ ਦੀ ਨਾ ਹੋ ਕੇ ਮਜ਼ਦੂਰਾਂ ਨੂੰ ਕੰਮ 'ਤੇ ਲਾਉਣ ਦੀ ਹੈ ਤਾਂ ਕਿ ਬੇਰੁਜਗਾਰੀ ਨੂੰ ਰੋਕਿਆ ਜਾ ਸਕੇ ਅਤੇ ਸਾਰੇ ਲੋਕਾਂ ਦੀ ਮਿਹਨਤ ਦੇ ਸਿਰ 'ਤੇ ਦੇਸ਼ ਨੂੰ ਖੁਸ਼ਹਾਲ ਬਣਾਇਆ ਜਾ ਸਕੇ।

ਅਤੇ ਨਾਲ ਹੀ ਮੂਰਤੀ ਤੇ ਜਿੰਦਲ ਵਰਗੇ ਸਰਮਾਏਦਾਰਾਂ ਦੇ ਹਿੱਤਾਂ ਦੀ ਪੂਰਤੀ ਕਰਨ ਖਾਤਰ ਨਵੇਂ ਕਿਰਤ ਕੋਡਾਂ ਅਨੁਸਾਰ ਵਰਕਰਾਂ ਦੇ ਕੰਮ ਦੇ ਘੰਟਿਆਂ ਨੂੰ 8 ਤੋਂ ਵਧਾ ਕੇ 12 ਘੰਟੇ ਕਰਨ ਦੇ ਪੰਜਾਬ ਸਮੇਤ ਵੱਖ-ਵੱਖ ਚਾਰ-ਪੰਜ ਸੂਬਾ ਸਰਕਾਰਾਂ ਦੇ ਫ਼ੈਸਲਿਆਂ ਦੀ ਸਖਤ ਸ਼ਬਦਾਂ ਨਾਲ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ ਅਤੇ ਕਿਰਤੀਆਂ ਦੇ ਜੱਥੇਬੰਦ ਹੋਣ ਦੇ ਬੁਨਿਆਦੀ ਹੱਕਾਂ 'ਤੇ ਮਾਰੇ ਜਾ ਰਹੇ ਛਾਪਿਆਂ ਦਾ ਪਰਦਾਚਾਕ ਕੀਤਾ ਜਾਣਾ ਚਾਹੀਦਾ ਹੈ।

# ਧਾਰਾ 370 ਬਾਰੇ ਸੁਪਰੀਮ ਕੋਰਟ ਦਾ 'ਨਿਆਂ' ਅਤੇ ਜੰਮੂ-ਕਸ਼ਮੀਰ ਦਾ ਭਵਿੱਖ



ਬੂਟਾ ਸਿੰਘ
ਮਹਿਮੂਦਪੁਰ
94634-74342

ਆਖ਼ਿਰਕਾਰ 11 ਦਸੰਬਰ ਨੂੰ ਸੁਪਰੀਮ ਕੋਰਟ ਨੇ 476 ਪੰਨਿਆਂ ਦੇ ਫ਼ੈਸਲੇ ਦੁਆਰਾ ਜੰਮੂ-ਕਸ਼ਮੀਰ ਦੀ ਖ਼ੁਦਮੁਖਤਿਆਰ ਹਸਤੀ ਖ਼ਤਮ ਕਰਨ ਦੇ ਹਿੰਦੂਤਵੀ ਪ੍ਰੋਜੈਕਟ ਉੱਪਰ ਸੰਵਿਧਾਨਕ ਮੋਹਰ ਲਾ ਦਿੱਤੀ ਹੈ। ਇਸ ਨਾਲ, ਆਮ ਰੂਪ 'ਚ ਭਾਰਤੀ ਹੁਕਮਰਾਨ ਜਮਾਤ ਦਾ, ਅਤੇ ਖ਼ਾਸ ਕਰਕੇ ਆਰ.ਐੱਸ.ਐੱਸ.-ਭਾਜਪਾ ਦਾ ਜੰਮੂ-ਕਸ਼ਮੀਰ ਨੂੰ ਭਾਰਤ ਦਾ 'ਅਟੁੱਟ ਅੰਗ' ਬਣਾਉਣ ਦਾ ਸੁਪਨਾ ਪੂਰਾ ਹੋ ਗਿਆ ਹੈ। ਸੁਪਰੀਮ ਕੋਰਟ ਅਤੇ ਹੁਕਮਰਾਨਾਂ ਲਈ ਨਾ ਮਸਲੇ ਦੇ ਇਤਿਹਾਸਕ ਤੱਥ ਕੋਈ ਮਾਇਨੇ ਰੱਖਦੇ ਹਨ ਤੇ ਨਾ ਸੰਵਿਧਾਨਕ ਵਾਜਬੀਅਤ।

ਭਗਵਾ ਹਕੂਮਤ ਨੂੰ ਇਸ ਧੱਕੜ ਕਾਰੇ ਲਈ ਸੰਵਿਧਾਨਕ ਤੌਰ 'ਤੇ ਜਵਾਬਦੇਹ ਵੀ ਨਹੀਂ ਹੋਣਾ ਪਿਆ ਕਿਉਂਕਿ ਖ਼ੁਦ ਸੁਪਰੀਮ ਕੋਰਟ ਨੇ ਹੀ ਨੰਗੇ-ਚਿੱਟੇ ਅਨਿਆਂ ਨੂੰ ਜਾਇਜ਼ ਕਰਾਰ ਦੇ ਦਿੱਤਾ ਹੈ ਜਿਸ ਵਿਚ ਪਟੀਸ਼ਨਾਂ ਦਾਇਰ ਕਰਕੇ ਨਿਆਂ ਦੀ ਉਮੀਦ ਕੀਤੀ ਗਈ ਸੀ। ਸੁਪਰੀਮ ਕੋਰਟ ਦਾ ਪੰਜ ਮੈਂਬਰੀ 'ਸੰਵਿਧਾਨਕ ਬੈਂਚ' ਉਨ੍ਹਾਂ 23 ਪਟੀਸ਼ਨਾਂ ਉੱਪਰ ਸੁਣਵਾਈ ਕਰ ਰਿਹਾ ਸੀ ਜਿਨ੍ਹਾਂ ਰਾਹੀਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਅਤੇ ਇਸ ਰਾਜ ਨੂੰ ਤੋੜ ਕੇ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦੇਣ ਦੇ ਧੱਕੜ ਫ਼ੈਸਲੇ ਨੂੰ ਕਾਨੂੰਨੀ ਚੁਣੌਤੀ ਦਿੱਤੀ ਗਈ ਸੀ।

ਸੰਘੀ ਮੁੱਢ ਤੋਂ ਹੀ ਜੰਮੂ-ਕਸ਼ਮੀਰ ਉੱਪਰ ਫਟਾਫਟ ਸਿੱਧਾ ਕਬਜ਼ਾ ਕਰਨ ਦੇ ਹਾਮੀ ਰਹੇ ਹਨ। ਜਦਕਿ ਨਹਿਰੂ ਦੀ ਅਗਵਾਈ ਹੇਠ ਕਾਂਗਰਸ ਪਹਿਲਾਂ ਸੁਤੰਤਰ ਹਸਤੀ ਨੂੰ ਵਿਸ਼ੇਸ਼ ਦਰਜੇ ਤੱਕ ਘਟਾ ਕੇ ਅਤੇ ਫਿਰ ਇਸ ਨੂੰ ਸਿਲਸਿਲੇਵਾਰ ਤਰੀਕੇ ਨਾਲ ਖ਼ੋਰਾ ਲਗਾ ਕੇ ਕਬਜ਼ੇ 'ਚ ਲੈਣ ਦੀ ਕੁਟਲ ਨੀਤੀ 'ਤੇ ਚੱਲ ਰਹੀ ਸੀ। ਇਲਹਾਕ ਦੇ ਸਮੇਂ ਤੋਂ ਹੀ ਭਾਰਤੀ ਹੁਕਮਰਾਨਾਂ ਵੱਲੋਂ ਕਸ਼ਮੀਰੀਆਂ ਨੂੰ ਬਲ ਤੇ ਛਲ ਨਾਲ ਕੁਚਲਿਆ ਜਾ ਰਿਹਾ ਸੀ ਤਾਂ ਜੁ ਉਹ ਸਵੈਨਿਰਣੇ ਦੀ ਝਾਕ ਛੱਡ ਦੇਣ ਅਤੇ ਬਿਨਾਂ ਸ਼ਰਤ ਭਾਰਤ ਦਾ ਹਿੱਸਾ ਬਣਨਾ ਸਵੀਕਾਰ ਕਰ ਲੈਣ। ਹਕੀਕਤ ਤਾਂ ਇਹ ਸੀ ਕਿ 1960ਵਿਆਂ ਤੋਂ ਹੀ ਵਿਸ਼ੇਸ਼ ਦਰਜਾ ਵੀ ਨਾਮਨਿਹਾਦ ਬਣ ਕੇ ਰਹਿ ਗਿਆ ਸੀ।

'ਕਸ਼ਮੀਰੀਅਤ, ਜਮਹੂਰੀਅਤ, ਇਨਸਾਨੀਅਤ' ਦਾ ਦੰਭ ਰਚਣ ਵਾਲੀ ਹਕੂਮਤ ਨੇ ਖ਼ੁਦਮੁਖਤਿਆਰ ਹੈਸੀਅਤ ਵਾਲੇ ਜੰਮੂ-ਕਸ਼ਮੀਰ ਦੀ ਹਸਤੀ ਮਿਟਾਉਣ ਲਈ ਪਹਿਲਾਂ 25 ਜੁਲਾਈ ਨੂੰ ਸੁਰੱਖਿਆ ਲਈ ਇਹਤਿਹਾਤੀ ਪੇਸ਼ਬੰਦੀਆਂ ਦੇ ਬਹਾਨੇ 35000 ਹੋਰ ਨੀਮ-ਫ਼ੌਜੀ ਤਾਕਤ ਭੇਜ ਕੇ ਅਤੇ ਕਸ਼ਮੀਰੀਆਂ ਨੂੰ ਬਾਕੀ ਦੁਨੀਆ ਨਾਲੋਂ ਪੂਰੀ ਤਰ੍ਹਾਂ ਕੱਟ ਕੇ ਪੂਰੇ ਜੰਮੂ-ਕਸ਼ਮੀਰ ਨੂੰ ਖੁੱਲ੍ਹੀ ਜੇਲ੍ਹ ਬਣਾਇਆ (ਜਿੱਥੇ ਪਹਿਲਾਂ ਹੀ




ਇਕ ਲੱਖ 30 ਹਜ਼ਾਰ ਨੀਮ-ਫ਼ੌਜੀ ਦਸਤਿਆਂ ਸਮੇਤ 7 ਲੱਖ ਦੇ ਕਰੀਬ ਫ਼ੌਜੀ ਤਾਕਤ ਚੱਪੇ-ਚੱਪੇ 'ਤੇ ਕੈਂਪ ਲਗਾਈ ਬੈਠੀ ਸੀ)। ਫਿਰ 5 ਅਗਸਤ ਨੂੰ ਅਚਾਨਕ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਰਾਜ ਸਭਾ ਵਿਚ ਵਿਸ਼ੇਸ਼ ਬਿੱਲ ਪੇਸ਼ ਕਰ ਦਿੱਤਾ ਗਿਆ, ਜਿਸ ਨਾਲ ਸਭ ਕਿਆਸ-ਅਰਾਈਆਂ ਖ਼ਤਮ ਹੋ ਗਈਆਂ ਅਤੇ ਅਸਲ ਕਹਾਣੀ ਸਾਹਮਣੇ ਆ ਗਈ। ਧਾਰਾ 370 ਅਤੇ ਧਾਰਾ 35ਏ ਨੂੰ ਖ਼ਤਮ ਕਰਕੇ ਭਾਰਤ ਦੇ ਕਬਜ਼ੇ ਨੂੰ ਮੁਕੰਮਲ ਰੂਪ ਦੇ ਦਿੱਤਾ ਗਿਆ। ਆਰ.ਐੱਸ.ਐੱਸ. ਦੇ ਪੁਰਾਣੇ ਮਨਸੂਬੇ ਅਨੁਸਾਰ ਜੰਮੂ-ਕਸ਼ਮੀਰ ਨੂੰ ਦੋ ਹਿੱਸਿਆਂ 'ਚ ਤੋੜ ਕੇ ਲਦਾਖ਼ ਨੂੰ ਬਿਨਾ ਵਿਧਾਨ-ਸਭਾ ਅਤੇ ਜੰਮੂ-ਕਸ਼ਮੀਰ ਨੂੰ ਵਿਧਾਨ ਸਭਾ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ ਗਿਆ।

ਇਲਹਾਕ ਦੇ ਸਮੇਂ ਹੀ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਹੱਕ ਨੂੰ ਰੱਦ ਕਰਨ ਲਈ ਆਰ.ਐੱਸ.ਐੱਸ. ਅਤੇ ਇਸ ਦੇ ਰਾਜਨੀਤਕ ਵਿੰਗ ਜਨਸੰਘ ਨੇ ਨਾਅਰਾ ਦਿੱਤਾ ਸੀ ਕਿ 'ਇਕ ਦੇਸ਼ ਵਿਚ ਦੋ ਵਿਧਾਨ, ਦੋ ਪ੍ਰਧਾਨ, ਦੋ ਨਿਸ਼ਾਨ ਨਹੀਂ ਹੋ ਸਕਦੇ'। 1953 'ਚ ਸੰਘ ਦੇ ਇਕ ਮੁੱਖ ਆਗੂ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਧਾਰਾ 370 ਅਤੇ ਧਾਰਾ 35ਏ ਨੂੰ ਖ਼ਤਮ ਕਰਨ ਲਈ ਅੰਦੋਲਨ ਵੀ ਚਲਾਇਆ ਸੀ। ਓਦੋਂ ਤੋਂ ਹੀ ਸੰਘ ਦੇ ਆਗੂ ਇਹ ਮੰਗ ਕਰਦੇ ਆ ਰਹੇ ਸਨ ਕਿ ਭਾਰਤ ਦੀ ਹਕੂਮਤ ਫ਼ੌਜੀ ਤਾਕਤ ਦੇ ਜ਼ੋਰ ਕਸ਼ਮੀਰੀਆਂ ਦੀ ਸਵੈਨਿਰਣੇ ਦਾ ਹੱਕ ਲੈਣ ਦੀ ਰੀਝ ਨੂੰ ਬੇਕਿਰਕੀ ਨਾਲ ਕੁਚਲ ਦੇਵੇ ਅਤੇ ਵਿਸ਼ੇਸ਼ ਦਰਜਾ ਖ਼ਤਮ ਕਰਕੇ ਇਸ ਸਰਜ਼ਮੀਨ ਨੂੰ ਭਾਰਤ ਦਾ ਅਖੰਡ ਹਿੱਸਾ ਐਲਾਨ ਦੇਵੇ। 2014 'ਚ ਕੇਂਦਰ 'ਚ ਸਰਕਾਰ ਬਣਨ ਨਾਲ ਉਨ੍ਹਾਂ ਨੂੰ ਆਪਣੇ ਇਸ ਮੁੱਖ ਪ੍ਰੋਜੈਕਟ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਗਿਆ ਅਤੇ ਅਗਸਤ 2019 'ਚ ਉਨ੍ਹਾਂ ਨੇ ਇਹ ਸੁਪਨਾ ਪੂਰਾ ਕਰ ਲਿਆ।

ਸੁਪਰੀਮ ਕੋਰਟ ਵੱਲੋਂ ਮਜ਼ਲੂਮ ਧਿਰ ਦੀ ਹੋਣੀ ਬਾਰੇ ਤੁਰੰਤ ਸੁਣਵਾਈ ਦੀ ਜ਼ਰੂਰਤ ਨਾ ਸਮਝੇ ਜਾਣ ਤੋਂ ਤਕਰੀਬਨ ਹਰ ਕਿਸੇ ਨੂੰ ਇਹ ਅੰਦਾਜ਼ਾ ਤਾਂ ਹੋ ਹੀ ਗਿਆ ਸੀ ਕਿ ਸਰਵਉੱਚ ਅਦਾਲਤ 'ਚ ਕਸ਼ਮੀਰੀ ਲੋਕਾਂ ਨੂੰ ਨਿਆਂ ਨਹੀਂ ਮਿਲੇਗਾ। ਪਰ ਕੁਝ ਹਿੱਸਿਆਂ, ਖ਼ਾਸ ਕਰਕੇ ਜੋ ਭਾਰਤ ਵਰਗੇ ਆਪਾਸ਼ਾਹ ਸਟੇਟ ਦੇ ਸਮੁੱਚੇ ਢਾਂਚੇ ਦੇ ਅੰਦਰ ਅਦਾਲਤੀ ਪ੍ਰਣਾਲੀ ਦੇ ਸਥਾਨ ਅਤੇ ਭੂਮਿਕਾ ਨੂੰ ਸਮਝਣਾ ਨਹੀਂ ਚਾਹੁੰਦੇ, ਨੂੰ ਇਹ ਉਮੀਦ ਜ਼ਰੂਰ ਸੀ ਕਿ ਸੁਪਰੀਮ ਕੋਰਟ ਇਸ ਸਵਾਲ ਦੇ ਸੰਵਿਧਾਨਕ ਪੱਖਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਭਗਵਾ ਗੈਂਗ ਵੱਲੋਂ ਉਸ ਵਿਸ਼ੇਸ਼ ਸੰਵਿਧਾਨਕ ਵਿਵਸਥਾ ਦੀਆਂ ਧੱਜੀਆਂ ਉਡਾਏ ਜਾਣ ਦਾ ਨੋਟਿਸ ਜ਼ਰੂਰ ਲਏਗੀ ਜੋ ਵਿਵਸਥਾ ਜੰਮੂ-ਕਸ਼ਮੀਰ ਦੇ ਭਾਰਤ ਨਾਲ ਇਲਹਾਕ ਤੋਂ ਬਾਅਦ ਇਕ ਇਕਰਾਰ ਦੇ ਰੂਪ 'ਚ ਅਪਣਾਈ ਗਈ ਸੀ। ਇਸ ਦੇ ਉਲਟ, ਸੁਪਰੀਮ ਕੋਰਟ ਨੇ ਤੁਰੰਤ ਸੁਣਵਾਈ ਵਾਲਾ ਮਾਮਲਾ ਅਣਮਿੱਥੇ ਸਮੇਂ ਲਈ ਲਮਕਾ ਦਿੱਤਾ ਅਤੇ ਕੇਂਦਰ ਸਰਕਾਰ ਨੂੰ ਜੰਮੂ-ਕਸ਼ਮੀਰ ਉੱਪਰ ਫ਼ੌਜੀ ਰਾਜ ਦਾ ਕਰੇੜਾ ਹੋਰ ਕੱਸਣ ਦਾ ਖੁੱਲ੍ਹਾ ਸਮਾਂ ਦੇ ਕੇ ਕਸ਼ਮੀਰ ਦੀ ਖ਼ੁਦਮੁਖਤਿਆਰ ਹੈਸੀਅਤ ਨੂੰ ਕੁਚਲਣ 'ਚ ਭਾਈਵਾਲ ਬਣਨ ਦਾ ਰਸਤਾ ਅਖ਼ਤਿਆਰ ਕੀਤਾ।

ਇਸ ਫ਼ੈਸਲੇ ਨਾਲ ਉਹ ਇਤਿਹਾਸਕ ਵਾਅਦਾ ਵੀ ਮੁਕੰਮਲ ਵਿਸ਼ਵਾਸਘਾਤ ਬਣਕੇ ਹਮੇਸ਼ਾ ਲਈ ਦਫ਼ਨਾ ਦਿੱਤਾ ਗਿਆ ਹੈ ਜੋ ਭਰੋਸਾ 7 ਅਗਸਤ 1952 ਨੂੰ ਤੱਤਕਾਲੀ ਪ੍ਰਧਾਨ ਮੰਤਰੀ ਨਹਿਰੂ ਵੱਲੋਂ ਕਸ਼ਮੀਰ ਦੇ ਲੋਕਾਂ ਨੂੰ ਦਿੱਤਾ ਗਿਆ ਸੀ। ਕਸ਼ਮੀਰ ਦੇ ਲੋਕਾਂ ਨਾਲ ਵਾਅਦਾ ਕਰਦਿਆਂ ਨਹਿਰੂ ਨੇ ਕਿਹਾ ਸੀ ਕਿ "ਇਸ ਨੂੰ ਦੁਨੀਆ ਦੇ ਲੋਕਾਂ ਨਾਲ ਵਾਅਦਾ ਵੀ ਕਿਹਾ ਜਾ ਸਕਦਾ ਹੈ"। ਵਾਅਦਾ ਇਹ ਸੀ ਕਿ "ਕਸ਼ਮੀਰ ਦੇ ਲੋਕ ਆਪਣੀ ਇੱਛਾ ਅਨੁਸਾਰ ਇਲਹਾਕ ਉੱਪਰ ਮੋਹਰ ਲਗਾ ਸਕਦੇ ਹਨ ਜਾਂ ਇਸ ਨੂੰ ਰੱਦ ਕਰ ਸਕਦੇ ਹਨ।" ਇੱਥੋਂ ਤੱਕ ਕਿ "ਜੇ ਕਸ਼ਮੀਰ ਦੇ ਲੋਕ ਸਾਡੇ ਤੋਂ ਜੁਦਾ ਹੋਣਾ ਚਾਹੁੰਦੇ ਹਨ, ਉਹ ਆਪਣਾ ਰਾਹ ਅਖ਼ਤਿਆਰ ਕਰ ਸਕਦੇ ਹਨ ਅਤੇ ਸਾਨੂੰ ਆਪਣਾ ਕਰਨਾ ਚਾਹੀਦਾ ਹੈ। ਅਸੀਂ ਕੋਈ ਜਬਰੀ ਰਿਸ਼ਤਾ, ਕੋਈ ਜਬਰੀ ਇਲਹਾਕ ਨਹੀਂ ਚਾਹੁੰਦੇ।"

5 ਅਗਸਤ 2019 ਨੂੰ ਮੋਦੀ-ਸ਼ਾਹ ਵਜ਼ਾਰਤ ਵੱਲੋਂ "ਜੰਮੂ ਐਂਡ ਕਸ਼ਮੀਰ ਰੀਆਰਗੇਨਾਈਜੇਸ਼ਨ ਬਿਲ 2019" ਰਾਹੀਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਦੀ ਤਾਨਾਸ਼ਾਹ ਕਾਰਵਾਈ ਉੱਪਰ ਇਕ ਵੱਡਾ ਸਵਾਲ ਇਹ ਉੱਠਿਆ ਸੀ ਕਿ ਇਹ ਇਲਹਾਕ ਤੋਂ ਬਾਦ ਬਣੀ ਸਹਿਮਤੀ ਦੀ ਘੋਰ ਉਲੰਘਣਾ ਹੈ ਜਿਸ ਵਿਚ ਇਹ ਤੈਅ ਕੀਤਾ ਗਿਆ ਸੀ ਕਿ ਧਾਰਾ 370 ਦੀ ਸੰਵਿਧਾਨਕ ਵਿਵਸਥਾ ਨੂੰ ਕਸ਼ਮੀਰ ਦੇ ਲੋਕਾਂ ਦੀ ਚੁਣੀ ਹੋਈ ਵਿਧਾਨ-ਸਭਾ ਦੀ ਸਹਿਮਤੀ ਨਾਲ ਹੀ ਬਦਲਿਆ ਜਾਵੇਗਾ। ਭਗਵਾ ਹਕੂਮਤ ਨੇ ਇਹ ਸਵਾਲ ਕਰਨ ਵਾਲਿਆਂ ਨੂੰ ਗ਼ਲਤ ਸਾਬਤ ਕਰਨ ਲਈ ਬਹਾਨਾ ਇਹ ਘੜ ਲਿਆ ਕਿ ਜੰਮੂ-ਕਸ਼ਮੀਰ ਵਿਚ ਇਸ ਸਮੇਂ ਕੋਈ ਚੁਣੀ ਹੋਈ ਵਿਧਾਨ-ਸਭਾ ਨਹੀਂ ਹੈ, ਇਸ ਲਈ ਕੇਂਦਰ ਸਰਕਾਰ ਦਾ ਥਾਪਿਆ ਗਵਰਨਰ ਹੀ ਕਸ਼ਮੀਰੀ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ।

ਫ਼ੈਸਲਾ ਲੈਂਦੇ ਵਕਤ ਗ਼ੌਰ ਕਰਨ ਵਾਲਾ ਇਹ ਸਭ ਤੋਂ ਮਹੱਤਵਪੂਰਨ ਪੱਖ ਸੀ ਕਿ ਜੰਮੂ-ਕਸ਼ਮੀਰ ਦੀ ਹੋਣੀ ਬਾਰੇ ਫ਼ੈਸਲੇ ਲੈਂਦੇ ਵਕਤ ਕਸ਼ਮੀਰੀ ਲੋਕਾਂ ਦੀ ਰਾਇ ਨੂੰ ਮਹੱਤਵ ਦੇਣ ਦੀ ਬਜਾਏ ਆਪਾਸ਼ਾਹ ਹਕੂਮਤ ਵੱਲੋਂ ਫ਼ੌਜੀ ਤਾਕਤ ਨਾਲ ਦਬਾ ਦਿੱਤਾ ਗਿਆ। ਇਸ ਦਾ ਨੋਟਿਸ ਲੈਣ ਦੀ ਬਜਾਏ ਸੰਵਿਧਾਨਕ ਬੈਂਚ ਨੇ ਇਸ ਨੂੰ ਇਹ ਕਹਿ ਕੇ ਵਾਜਬ ਠਹਿਰਾਇਆ ਕਿ ਭਾਵੇਂ ਧਾਰਾ 367 ਦਾ ਸਹਾਰਾ ਲੈ ਕੇ ਧਾਰਾ 370 'ਚ ਸੋਧਾਂ ਕਰਨਾ ਗੁਪਤ ਅਤੇ ਵਿਨਾਸ਼ਕਾਰੀ ਹੈ ਪਰ ਰਾਸ਼ਟਰਪਤੀ ਦੇ ਆਦੇਸ਼ਾਂ ਦੇ ਪਿੱਛੇ ਕੋਈ ਮੰਦਭਾਵਨਾ (ਧੋਖਾ ਦੇਣ ਦੀ ਮਨਸ਼ਾ) ਨਹੀਂ ਹੈ। ਜਦਕਿ ਧੋਖੇਬਾਜ਼ੀ ਐਨੀ ਸਪਸ਼ਟ ਹੈ ਕਿ ਹਰ ਕਿਸੇ ਨੂੰ ਸਾਫ਼ ਨਜ਼ਰ ਆਉਂਦੀ ਹੈ। ਬੈਂਚ ਨੇ ਇਹ ਸਵਾਲ ਹੀ ਨਹੀਂ ਉਠਾਇਆ ਕਿ ਸੰਵਿਧਾਨ ਦੀ ਧਾਰਾ 3 ਤਹਿਤ ਰਾਜ ਦਾ ਦਰਜਾ ਘਟਾ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦੇਣ ਦੀ ਸੰਵਿਧਾਨਕ ਤੌਰ 'ਤੇ ਇਜਾਜ਼ਤ ਹੀ ਨਹੀਂ ਹੈ। ਇਸ ਗ਼ੈਰਸੰਵਿਧਾਨਕ ਅਮਲ ਦਾ ਜਵਾਬ ਮੰਗਣ ਦੀ ਬਜਾਏ ਸੁਪਰੀਮ ਕੋਰਟ ਨੇ ਇਸ ਸਵਾਲ ਤੋਂ ਮਹਿਜ਼ ਇਸ ਆਧਾਰ 'ਤੇ ਟਾਲਾ ਵੱਟ ਲਿਆ ਕਿ ਸਾਲਿਸਟਰ ਜਨਰਲ ਨੇ ਅਦਾਲਤ ਨੂੰ ਇਹ ਯਕੀਨ ਦਿਵਾ ਦਿੱਤਾ ਹੈ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਸਹੀ ਵਕਤ ਆਉਣ 'ਤੇ ਬਹਾਲ ਕਰ ਦਿੱਤਾ ਜਾਵੇਗਾ। ਸਾਲਿਸਟਰ ਜਨਰਲ ਸਰਕਾਰ ਦੇ ਵੱਲੋਂ ਕਿਵੇਂ ਯਕੀਨ ਦਿਵਾ ਸਕਦਾ ਹੈ! ਉਸ ਨੇ ਕੋਈ ਸਮਾਂ ਸੀਮਾ ਵੀ ਨਹੀਂ ਦੱਸੀ ਗਈ ਕਿ ਰਾਜ ਦਾ ਦਰਜਾ ਸਰਕਾਰ ਵੱਲੋਂ ਕਿੰਨੇ ਸਮੇਂ 'ਚ ਬਹਾਲ ਕੀਤਾ ਜਾਵੇਗਾ।

ਸੁਪਰੀਮ ਕੋਰਟ ਵੱਲੋਂ ਭਗਵਾ ਹਕੂਮਤ ਦੀ ਇਸ ਬੇਤੁਕੀ ਦਲੀਲ ਨੂੰ ਮੰਨ ਲੈਣ ਦਾ ਅਸਰ ਸਿਰਫ਼ ਕਸ਼ਮੀਰ ਦੀ ਪ੍ਰਭੂਸੱਤਾ ਨੂੰ ਖ਼ਤਮ ਕਰਨ ਤੱਕ ਸੀਮਤ ਰਹਿਣ ਵਾਲਾ ਨਹੀਂ ਹੈ। ਇਸ ਨੇ ਫਾਸ਼ੀਵਾਦੀ ਹਕੂਮਤ ਲਈ ਭਾਰਤ ਦੇ ਕਿਸੇ ਵੀ ਰਾਜ ਨੂੰ ਆਪਣੇ ਸੌੜੇ ਹਿਤਾਂ ਅਨੁਸਾਰ ਤੋੜ ਕੇ ਕੇਂਦਰ ਸ਼ਾਸਤ ਪ੍ਰਦੇਸ਼ (ਯੂਨੀਅਨ ਟੈਰੀਟਰੀ) ਬਣਾਉਣ ਦਾ ਰਾਹ ਖੋਲ੍ਹ ਦਿੱਤਾ ਹੈ। ਇਹ ਰਾਜਾਂ ਦੇ ਅਧਿਕਾਰਾਂ ਲਈ ਖ਼ਾਸ ਤੌਰ 'ਤੇ ਘਾਤਕ ਹੈ ਜੋ ਭਾਰਤ ਦੇ ਨਾਮ-ਨਿਹਾਦ ਸੰਘੀ ਢਾਂਚੇ ਦੇ ਅੰਦਰ ਪਹਿਲਾਂ ਹੀ ਬੇਹੱਦ ਕਮਜ਼ੋਰ ਹਨ। ਸੂਬੇ ਪਹਿਲਾਂ ਹੀ ਆਰ.ਐੱਸ.ਐੱਸ. ਦੇ ਘੋਰ ਕੇਂਦਰੀਕ੍ਰਿਤ ਹਕੂਮਤ ਸਥਾਪਤ ਕਰਨ ਦੇ ਫਾਸ਼ੀਵਾਦੀ ਪ੍ਰੋਜੈਕਟ ਕਾਰਨ ਪਹਿਲਾਂ ਹੀ ਤਿੱਖੇ ਹਮਲੇ ਦੀ ਮਾਰ ਹੇਠ ਹਨ। ਸੁਪਰੀਮ ਕੋਰਟ ਨੇ ਇਸ ਤਾਨਾਸ਼ਾਹ ਅਮਲ ਉੱਪਰ ਸੰਵਿਧਾਨਕ ਮੋਹਰ ਲਾ ਦਿੱਤੀ ਕਿ ਜਿਸ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਹੈ ਉੱਥੇ ਕੇਂਦਰ ਸਰਕਾਰ ਆਪਣੇ ਬਹੁਮੱਤ ਦਾ ਇਸਤੇਮਾਲ ਕਰਕੇ ਰਾਸ਼ਟਰਪਤੀ ਰਾਹੀਂ ਆਪਣੀ ਮਰਜ਼ੀ ਅਨੁਸਾਰ ਰਾਜ ਨਾਲ ਸੰਬੰਧਤ ਕੋਈ ਵੀ ਫ਼ੈਸਲਾ ਥੋਪ ਸਕਦੀ ਹੈ। ਹੁਣ ਕੇਂਦਰ ਸਰਕਾਰ ਨੂੰ ਕਿਸੇ ਰਾਜ ਬਾਰੇ ਫ਼ੈਸਲਾ ਲੈਣ ਲਈ ਰਾਜ ਵਿਧਾਨ ਸਭਾ ਦੀ ਮਨਜ਼ੂਰੀ ਦੀ ਜ਼ਰੂਰਤ ਨਹੀਂ ਹੈ, ਇਸ ਦੀ ਬਜਾਏ ਗਵਰਨਰ ਦੀ ਰਸਮੀਂ ਮਨਜ਼ੂਰੀ ਨੂੰ ਹੀ ਵਿਧਾਨ ਸਭਾ ਦੀ ਮਨਜ਼ੂਰੀ ਮੰਨ ਲਿਆ ਜਾਇਆ ਕਰੇਗਾ। ਇਹ ਫ਼ੈਸਲਾ ਨਾਮ-ਨਿਹਾਦ ਸੰਘੀ ਢਾਂਚੇ ਨੂੰ ਖ਼ਤਮ ਕਰਨ ਦੇ ਭਗਵਾ ਪ੍ਰੋਜੈਕਟ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਸਿਵਾਏ ਹੋਰ ਕੁਝ ਨਹੀਂ ਹੈ।

ਕੁਲ-ਮਿਲਾਕੇ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਸਾਰੇ ਦੱਬੇ-ਕੁਚਲੇ ਵਰਗਾਂ, ਕੌਮੀਅਤਾਂ, ਘੱਟਗਿਣਤੀਆਂ ਦੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦਾ ਕਦਮ-ਬ-ਕਦਮ ਭੋਗ ਪਾਉਣ ਦੇ ਆਰ.ਐੱਸ.ਐੱਸ.-ਭਾਜਪਾ ਦੇ ਪ੍ਰੋਜੈਕਟ ਨੂੰ ਲਾਗੂ ਕਰਨ ਦੀ ਸੰਵਿਧਾਨਕ ਤਾਕਤ ਮੁਹੱਈਆ ਕਰਦਾ ਹੈ। ਇਸ ਨੇ ਕਸ਼ਮੀਰੀ ਲੋਕਾਂ ਦੀ ਨਿਆਂ ਦੀ ਆਖ਼ਰੀ ਉਮੀਦ ਖ਼ਤਮ ਕਰਕੇ ਉਨ੍ਹਾਂ ਨੂੰ ਅੰਨ੍ਹੀ ਗਲੀ 'ਚ ਧੱਕ ਦਿੱਤਾ ਹੈ।

ਬਾਬਰੀ ਮਸਜਿਦ ਕੇਸ ਦੀ ਤਰ੍ਹਾਂ ਆਰ.ਐੱਸ.ਐੱਸ.-ਭਾਜਪਾ ਲਈ ਸੁਪਰੀਮ ਕੋਰਟ ਦਾ ਇਹ ਫ਼ੈਸਲਾ ਰਾਜਨੀਤਕ ਵਰਦਾਨ ਦੀ ਤਰ੍ਹਾਂ ਹੈ। ਜੰਮੂ-ਕਸ਼ਮੀਰ ਦੀ ਖ਼ੁਦਮੁਖਤਿਆਰ ਹੈਸੀਅਤ ਨੂੰ ਖ਼ਤਮ ਕਰ ਦੇਣ ਦੇ ਭਗਵਾ ਪ੍ਰੋਜੇਕਟ ਉੱਪਰ ਸੰਵਿਧਾਨਕ ਮੋਹਰ ਲਾ ਕੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਤੋਂ ਇਲਾਵਾ ਸੱਤਾਧਾਰੀ ਧਿਰ ਨੂੰ ਇਸ ਦਾ ਵਿਸ਼ੇਸ਼ ਰਾਜਨੀਤਕ ਲਾਹਾ ਇਹ ਵੀ ਹੈ ਕਿ ਇਹ ਫ਼ੈਸਲਾ 2024 ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਸੁਣਾਇਆ ਗਿਆ ਹੈ। ਉਨ੍ਹਾਂ ਲਈ ਮੁਲਕ ਦੀ ਅਖੰਡਤਾ ਦੇ ਰਖਵਾਲੇ ਹੋਣ ਦਾ ਦੰਭ ਰਚਣਾ ਅਤੇ ਅਖੰਡ ਭਾਰਤ ਦੇ ਪਸਾਰਵਾਦੀ ਮਨਸੂਬੇ ਨੂੰ ਪ੍ਰਚਾਰਨਾ ਸੌਖਾ ਹੋ ਗਿਆ ਹੈ।

ਬੈਂਚ ਦੇ ਇਕ ਮੈਂਬਰ ਨੇ 'ਸਚਾਈ ਅਤੇ ਸੁਲ੍ਹਾ ਕਮਿਸ਼ਨ' ਬਣਾਉਣ ਦੀ ਸਿਫ਼ਾਰਸ਼ ਵੀ ਕੀਤੀ ਹੈ। ਅਜਿਹੇ ਕਮਿਸ਼ਨ ਦੀ ਉੱਥੇ ਹੀ ਕੋਈ ਵਾਜਬੀਅਤ ਹੋ ਸਕਦੀ ਹੈ ਜਦੋਂ ਮੁੱਖ ਮੁੱਦੇ ਨੂੰ ਹੱਲ ਕਰਕੇ ਅਨਿਆਂ ਨੂੰ ਮੱਦੇਨਜ਼ਰ ਰੱਖਦਿਆਂ ਬੀਤੇ ਦੇ ਜ਼ਖ਼ਮਾਂ ਉੱਪਰ ਮੱਲ੍ਹਮ ਲਗਾਏ ਜਾਣ ਲਈ ਕਦਮ ਚੁੱਕਣੇ ਹੋਣ। ਸਵੈਨਿਰਣੇ ਦਾ ਹੱਕ ਖੋਹ ਕੇ ਬਣਾਇਆ ਜਾਣ ਵਾਲਾ ਅਜਿਹਾ ਕਮਿਸ਼ਨ ਕਸ਼ਮੀਰੀਆਂ ਨਾਲ ਹੋਏ ਇਤਿਹਾਸਕ ਅਨਿਆਂ ਨੂੰ ਦੂਰ ਨਹੀਂ ਕਰ ਸਕਦਾ। ਭਾਰਤ ਦੇ ਇਨਸਾਫ਼ਪਸੰਦ ਲੋਕਾਂ ਨੂੰ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਰੱਦ ਕਰਨਾ ਚਾਹੀਦਾ ਹੈ ਅਤੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਤੁਰੰਤ, ਬਿਨਾਂ ਸ਼ਰਤ ਬਹਾਲ ਕੀਤੇ ਜਾਣ ਦੀ ਮੰਗ ਕਰਨੀ ਚਾਹੀਦੀ ਹੈ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom





ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

# ਮੈਥੋ : ਥੰਗਕਾ ਕਲਾ ਵਿੱਚ ਮੁੜ ਸਾਹ ਫੂਕਣ ਦੀ ਤਾਕਤ

**ਅਵਿਧਾ ਰਾਹਾ**
**ਅਨੁ. : ਇੰਦਰਜੀਤ ਸਿੰਘ**













ਲੱਦਾਖ ਦੀਆਂ ਸਥਾਨਕ ਔਰਤਾਂ ਸਦੀਆਂ ਪੁਰਾਣੇ ਤਿੱਬਤੀ ਬੋਧੀ ਚਿੱਤਰਾਂ ਨੂੰ ਰਿਸਟੋਰ ਕਰਨ ਵਿੱਚ ਮੋਹਰੀ ਭੂਮਿਕਾ ਨਿਭਾ ਰਹੀਆਂ ਹਨ

ਥੰਗਕਾ, ਰੇਸ਼ਮੀ ਜਾਂ ਸੂਤੀ ਕੱਪੜੇ 'ਤੇ ਕੀਤੀ ਜਾਂਦੀ ਕਲਾ ਜੋ ਬੋਧੀ ਦੇਵਤਿਆਂ ਨੂੰ ਦਰਸਾਉਂਦੀ ਹੈ, ਨੂੰ ਰਿਸਟੋਰ ਕਰਨਾ ਛੋਟੇ ਜਿਗਰੇ ਵਾਲਿਆਂ ਦਾ ਕੰਮ ਨਹੀਂ ਹੈ। "ਜੇਕਰ ਰਿਸਟੋਰ ਕਰਨ ਵੇਲੇ ਮਾਮੂਲੀ ਜਿਹੀ ਵੀ ਗਲਤੀ ਹੋ ਜਾਵੇ, ਜਿਵੇਂ ਕਿ ਕੰਨ ਦਾ ਅਕਾਰ ਅਸਲ ਨਾਲੋਂ ਥੋੜ੍ਹਾ ਮੁੜ ਜਾਵੇ (ਜਾਂ ਵੱਖਰਾ ਬਣ ਜਾਵੇ), ਲੋਕ ਇਸ ਨੂੰ ਅਪਰਾਧ ਮੰਨ ਸਕਦੇ ਹੁੰਦੇ ਹਨ,"ਦੋਰਜੇ ਅੰਗਚੋਕ ਕਹਿੰਦੀ ਹਨ ਜੋ ਕਿ ਮਾਥੋ ਪਿੰਡ ਦੀ ਨਿਵਾਸੀ ਹਨ।

"ਇਹ ਇੱਕ ਨਾਜ਼ੁਕ ਕੰਮ ਹੈ,"ਲੇਹ ਤੋਂ 26 ਕਿਲੋਮੀਟਰ ਦੂਰ ਪੈਂਦੇ ਮਾਥੋ ਪਿੰਡ ਦੇ ਇੱਕ ਨਿਵਾਸੀ ਦਾ ਕਹਿਣਾ ਹੈ। ਇਸ ਪਿੰਡ ਦੀ 1,165 ਲੋਕਾਂ ਦੀ ਲਗਭਗ ਸਾਰੀ ਅਬਾਦੀ ਬੋਧੀਆਂ ਦੀ ਹੈ।

ਅੰਗਚੋਕ ਅਤੇ ਉਹਨਾਂ ਦੇ ਭਾਈਚਾਰੇ ਦੇ ਹੋਰ ਲੋਕਾਂ ਦੇ ਇਸ ਡਰ ਨੂੰ ਨੌਂ ਥੰਗਕ (ਜਿਸ ਨੂੰ ਥੰਕ ਵੀ ਕਿਹਾ ਜਾਂਦਾ ਹੈ) ਮਾਹਿਰ ਕਾਰੀਗਰਾਂ ਦੇ ਸਮੂਹ ਨੇ ਘਟਾ ਦਿੱਤਾ ਹੈ ਜਿਨ੍ਹਾਂ ਨੇ ਇਸ ਸਦੀਆਂ ਪੁਰਾਣੀ ਚਿੱਤਰਕਲਾ ਵਿੱਚ ਛੁਪੇ ਹੋਏ ਪੈਟਰਨ ਨੂੰ ਸਮਝਣ, ਪਛਾਣਨ ਅਤੇ ਉਹਨਾਂ ਦੇ ਅਰਥ ਨਿਰਧਾਰਨ ਲਈ ਪਿਛਲੇ ਕਈ ਸਾਲਾਂ ਦਾ ਅਧਿਐਨ ਕੀਤਾ ਹੈ। ਹਰੇਕ ਸਦੀ ਦੇ ਆਪੋ-ਆਪਣੇ ਤੱਤ, ਸ਼ੈਲੀ ਅਤੇ ਚਿੱਤਰ ਹੋਇਆ ਕਰਦੇ ਸਨ। ਫਰਾਂਸ ਦੀ ਰਿਸਟੋਰਰ ਨੈਲੀ ਰੂਫ਼ ਜਿਨ੍ਹਾਂ ਨੇ ਇਹਨਾਂ ਔਰਤਾਂ ਨੂੰ ਰਿਸਟੋਰਸ਼ੇਨ ਕੰਮ ਦੀ ਸਿਖਲਾਈ ਦਿੱਤੀ ਸੀ ਦਾ ਕਹਿਣਾ ਹੈ ਕਿ ਮਾਥੋ ਦੀਆਂ ਔਰਤਾਂ ਜਿਨ੍ਹਾਂ ਥੰਗਕਾ ਨੂੰ ਰਿਸਟੋਰ ਕਰ ਰਹੀਆਂ ਹਨ ਸਾਰੀਆਂ 15-16ਵੀਂ ਸਦੀ ਦੀਆਂ ਹਨ। ਸੈਰਿੰਗ ਸਪੈਲਡਨ ਕਹਿੰਦੀ ਹਨ, "ਸ਼ੁਰੂ-ਸ਼ੁਰੂ ਵਿੱਚ ਪਿੰਡ ਦੇ ਲੋਕ ਔਰਤਾਂ ਦੁਆਰਾ ਥੰਗਕਾ ਨੂੰ ਰਿਸਟੋਰ ਕਰਨ ਦੇ ਵਿਰੁੱਧ ਸਨ। ਪਰ ਅਸੀਂ ਜਾਣਦੇ ਸੀ ਅਸੀਂ ਕੁਝ ਗਲਤ ਨਹੀਂ ਕਰ ਰਹੀਆਂ; ਅਸੀਂ ਬਸ ਆਪਣੇ ਇਤਿਹਾਸ ਲਈ ਕੁਝ ਕਰ ਰਹੀਆਂ ਸਾਂ।

ਬੋਧੀ ਭਿਕਸ਼ੁਣੀ ਥੁਕਚੇ ਡੋਲਮਾ ਦਾ ਕਹਿਣਾ ਹੈ, "ਥੰਗਕਾ ਬੁੱਧ ਅਤੇ ਦੂਜੇ ਪ੍ਰਭਾਵਸ਼ਾਲੀ ਲਾਮਾ ਅਤੇ ਬੋਧੀ ਭਗਤਾਂ ਦੇ ਜੀਵਨ ਬਾਰੇ ਦੱਸਣ ਲਈ ਚੰਗੇ ਸਿੱਖਿਆ ਸਾਧਨ ਹਨ।"ਡੋਲਮਾ ਨਵੇਂ ਬਣਾਏ ਕੇਂਦਰ ਸ਼ਾਸ਼ਿਤ ਪ੍ਰਦੇਸ਼ ਲੱਦਾਖ ਦੇ ਕਾਰਗਿੱਲ ਜ਼ਿਲ੍ਹੇ ਦੀ ਜ਼ੰਸਕਰ ਤਹਿਸੀਲ ਦੇ ਕਾਰਸ਼ਾ ਭਿਕਸ਼ੂ ਮੱਠ ਵਿੱਚ ਰਹਿੰਦੀ ਹਨ। ਸੈਰਿੰਗ ਅਤੇ ਦੂਜੇ ਕਾਰੀਗਰ ਜੋ ਕਿਸਾਨ ਪਰਿਵਾਰਾਂ ਨਾਲ ਸਬੰਧਤ ਹਨ, ਸਾਰੇ ਹਿਮਾਲਿਅਨ ਆਰਟ ਪਰਜ਼ਰਵਰਜ਼ (Himalayan Art Preservers) ਨਾਮਕ ਸੰਸ਼ਥਾ ਦੇ ਮੈਂਬਰ ਹਨ ਅਤੇ ਇਹਨਾਂ ਨੂੰ ਥੰਗਕਾ ਨੂੰ ਰਿਸਟੋਰ ਕਰਨ ਵਿੱਚ ਮੁਹਾਰਤ ਹਾਸਲ ਹੈ। "ਦੂਜੇ ਇਤਿਹਾਸਕ ਚਿੱਤਰਾਂ ਦੇ ਮੁਕਬਲੇ ਥੰਗਕਾ ਨੂੰ ਰਿਸਟੋਰ ਕਰਨਾ ਮੁਸ਼ਕਿਲ ਕੰਮ ਹੈ ਕਿਉਂਕਿ ਰੇਸ਼ਮੀ ਕੱਪੜਾ ਦੁਰਲੱਬ ਮਿਲਦਾ ਹੈ ਅਤੇ ਅਤੇ ਬੇਹੱਦ ਸ਼ੁੱਧ ਗੁਣਵੱਤਾ ਵਾਲਾ ਹੁੰਦਾ ਹੈ। ਰੰਗ ਜਾਂ ਕੱਪੜੇ ਨੂੰ ਬਿਨਾ ਨੁਕਸਾਨ ਪਹੁੰਚਾਏ ਸਿਰਫ਼ ਗੰਦਗੀ ਸਾਫ਼ ਕਰਨੀ ਬਹੁਤ ਹੀ ਔਖਾ ਕੰਮ ਹੈ," ਨੈਲੀ ਕਹਿੰਦੀ ਹਨ।

"ਅਸੀਂ 2010 ਵਿੱਚ ਮਾਥੋਂ ਗੋਂਪਾ(ਮੱਠ) ਵਿਖੇ ਸੁਰੱਖਿਆ ਕਾਰਜ ਸਿੱਖਣਾ ਸ਼ੁਰੂ ਕੀਤਾ ਸੀ। ਦਸਵੀਂ ਜਮਾਤ ਖ਼ਤਮ ਕਰਨ ਤੋਂ ਬਾਅਦ ਘਰ ਬੈਠਣ ਨਾਲੋਂ ਇਹ ਕੰਮ ਬਿਹਤਰ ਸੀ," ਸੈਰਿੰਗ ਕਹਿੰਦੀ ਹਨ।

ਸੈਰਿੰਗ ਤੋਂ ਇਲਾਵਾ ਹੋਰ ਵੀ ਦੂਜੀਆਂ ਔਰਤਾਂ ਹਨ: ਥੀਨਲਸ ਅੰਗਮੋ, ਉਰਗੈਨ ਸ਼ੋਡੋਲ, ਸਟਾਂਜ਼ਿਨ ਲਾਡੋਲ, ਕੁਨਜ਼ੰਗ ਅੰਗਮੋ, ਰਿਨਸਨ ਡੋਲਮਾ, ਇਸ਼ੇ ਡੋਲਮਾ, ਸਟਾਂਜ਼ਿਨ ਅੰਗਮੋ ਅਤੇ ਸ਼ੁਨਜ਼ਿਨ ਅੰਗਮੋ। ਉਹਨਾਂ ਨੂੰ ਦਿਨ ਦੇ 270 ਰੁਪਏ ਦਿੱਤੇ ਜਾਂਦੇ ਸਨ, "ਖ਼ਾਸਕਰ ਸਾਡੇ ਵਰਗੇ ਪਰੋਖ ਇਲਾਕੇ ਵਿੱਚ ਇਹ ਰਾਸ਼ੀ ਕਾਫ਼ੀ ਮੰਨੀ ਜਾਂਦੀ ਹੈ ਜਿੱਥੇ ਨੌਕਰੀ ਦੇ ਅਵਸਰ ਬਹੁਤ ਘੱਟ ਹਨ,"ਸੈਰਿੰਗ ਕਹਿੰਦੀ ਹਨ। ਸਮੇਂ ਦੇ ਚਲਦੇ, "ਅਸੀਂ ਇਸ ਚਿੱਤਰਕਲਾ ਨੂੰ ਰਿਸਟੋਰ ਕਰਨ ਦੀ ਅਹਿਮੀਅਤ ਸਮਝੀ। ਫਿਰ ਅਸੀਂ ਕਲਾ ਅਤੇ ਇਤਿਹਾਸ ਨੂੰ ਹੋਰ ਵੀ ਜ਼ਿਆਦਾ ਸਮਝਣਾ ਸ਼ੁਰੂ ਕਰ ਦਿੱਤਾ।

2010 ਵਿੱਚ ਮਾਥੋ ਮੱਠ ਅਜਾਇਬ-ਘਰ ਨੇ ਨੁਕਸਾਨ-ਗ੍ਰਸਤ ਥੰਗਕਾਵਾਂ ਦੀ ਮੁਰੰਮਤ ਲਈ ਮਦਦ ਕੀਤੀ। "ਥੰਗਕਾ ਅਤੇ ਧਾਰਮਿਕ ਰੂਪ ਤੋਂ ਮਹੱਤਤਾ ਰੱਖਦੀਆਂ ਦੂਜੀਆਂ ਕਲਾਕ੍ਰਿਤੀਆਂ ਨੂੰ ਰਿਸਟੋਰ ਕਰਨਾਂ ਸਮੇਂ ਦੀ ਮੰਗ ਸੀ। ਅਸੀਂ ਰਿਸਟੋਰੇਸ਼ਨ ਦਾ ਕੰਮ 2010 ਦੇ ਲਗਭਗ ਸਿੱਖਣਾ ਸ਼ੁਰੂ ਕੀਤਾ ਸੀ,"ਸੈਰਿੰਗ ਕਹਿੰਦੀ ਹਨ। ਉਹ ਅਤੇ ਬਾਕੀ ਦੂਜਿਆਂ ਨੇ ਮੌਕਾ ਸੰਭਾਲਦੇ ਹੋਏ ਰਿਸਟੋਰੇਸ਼ਨ ਦੀ ਸਿੱਖਿਆ ਲੈਣੀ ਸ਼ੁਰੂ ਦਿੱਤੀ ਸੀ।

ਥੰਗਕਾ ਦੀ ਮੁਰੰਮਤ ਦਾ ਸਮਾਂ ਇਸਦੇ ਅਕਾਰ 'ਤੇ ਨਿਰਭਰ ਕਰਦਾ ਹੈ। ਇਹ ਸਮਾਂ ਕੁਝ ਦਿਨਾਂ ਤੋਂ ਲੈ ਕੇ ਕੁਝ ਮਹੀਨਿਆਂ ਤੱਕ





ਹੋ ਸਕਦਾ ਹੈ। "ਥੰਗਕਾ ਰਿਸਟੋਰਰੇਸ਼ਨ ਰੋਕਨਾ ਪੜਤਾ ਹੈ ਸਰਦੀਓਂ ਮੇਂ ਕਿਉਂਕਿ ਫੈਬਰਿਕ ਠੰਡ ਮੇਂ ਖਰਾਬ ਹੋ ਜਾਤਾ ਹੈ /ਸਰਦੀਆਂ ਵਿੱਚ ਥੰਗਕਾ ਰਿਸਟੋਰੇਸ਼ਨ ਦਾ ਕੰਮ ਰੋਕਣਾ ਪੈਂਦਾ ਹੈ ਕਿਉਂਕਿ ਠੰਡ ਵਿੱਚ ਕੱਪੜਾ ਖਰਾਬ ਹੋ ਜਾਂਦਾ ਹੈ। ਸਟਾਂਜ਼ਿਨ ਲਾਡੋਲ ਕੰਮ ਦੇ ਨਮੂਨਿਆਂ ਨਾਲ ਚੰਗੀ ਤਰ੍ਹਾਂ ਸੂਚੀਬੱਧ ਕੀਤਾ ਇੱਕ ਵੱਡਾ ਰਜਿਸਟਰ ਖੋਲ੍ਹਦੀ ਹਨ। ਹਰੇਕ ਪੰਨੇ 'ਤੇ ਨਾਲ-ਨਾਲ ਦੋ ਚਿੱਤਰ ਲਗਾਏ ਗਏ ਹਨ - ਇੱਕ ਰਿਸਟੋਰੇਸ਼ਨ ਤੋਂ ਪਹਿਲਾਂ ਦਾ ਅਤੇ ਦੂਜਾ ਰਿਸਟੋਰੇਸ਼ਨ ਤੋਂ ਬਾਅਦ ਦਾ।

"ਅਸੀਂ ਬਹੁਤ ਖ਼ੁਸ਼ ਹਾਂ ਕਿ ਅਸੀਂ ਇਹ ਕੰਮ ਕਰਨਾ ਸਿੱਖਿਆ; ਇਸ ਨੇ ਸਾਨੂੰ ਅੱਗੇ ਵੱਧਣ ਲਈ ਇੱਕ ਵੱਖਰਾ ਰਾਹ ਪ੍ਰਦਾਨ ਕੀਤਾ ਹੈ। ਅਸੀਂ ਸਾਰੀਆ ਵਿਆਹੀਆਂ ਹੋਈਆਂ ਹਾਂ, ਸਾਡੇ ਬੱਚੇ ਆਪੋ-ਆਪਣਾ ਕੰਮ ਕਰਦੇ ਹਨ, ਇਸ ਲਈ ਅਸੀਂ ਆਪਣੇ ਸਮੇਂ ਦਾ ਵੱਡਾ ਹਿੱਸਾ ਇਸ ਰਿਸਟੋਰੇਸ਼ਨ ਦੇ ਕੰਮ ਵਿੱਚ ਲਗਾਉਂਦੇ ਹਾਂ,"ਰਾਤ ਦੇ ਖਾਣੇ ਲਈ ਸਬਜ਼ੀਆਂ ਕੱਟਦੀ ਹੋਈ ਥੀਨਲਸ ਕਹਿੰਦੀ ਹਨ।

"ਅਸੀਂ ਸਵੇਰੇ 5 ਵਜੇ ਉੱਠਦੇ ਹਾਂ ਅਤੇ ਆਪਣਾ ਸਾਰਾ ਘਰ ਦਾ ਕੰਮ ਅਤੇ ਖੇਤਾਂ ਦਾ ਕੰਮ ਖਤਮ ਕਰਦੇ ਹਾਂ,"ਥੀਨਲਸ ਕਹਿੰਦੀ ਹਨ। ਉਹਨਾਂ ਦੇ ਸਹਿਕਰਮੀ ਸੈਰਿੰਗ ਵਿੱਚ ਬੋਲਦੀ ਹਨ, ਖੇਤੀ ਬਹੁਤ ਜ਼ਰੂਰੀ ਹੈ, ਸੈਲਫ-ਸ਼ਫਿਸ਼ੈਂਟ ਰਹਿਨੇ ਕੇ ਲੀਏ।

ਔਰਤਾਂ ਲਈ ਦਿਨ ਬਹੁਤ ਲੰਮਾ ਹੁੰਦਾ ਹੈ। "ਅਸੀਂ ਗਾਵਾਂ ਦੀਆਂ ਧਾਰਾਂ ਕੱਢਦੀਆਂ ਹਾਂ, ਖਾਣਾ ਬਣਾਉਂਦੀਆਂ ਹਾਂ, ਬੱਚਿਆਂ ਨੂੰ ਸਕੂਲ ਤੋਰਦੀਆਂ ਹਾਂ ਅਤੇ ਫਿਰ ਸਾਨੂੰ ਪਸ਼ੂਆਂ 'ਤੇ ਨਿਗ੍ਹਾਂ ਰੱਖਣੀ ਪੈਂਦੀ ਹੈ ਜੋ ਬਾਹਰ ਚਰਨ ਜਾਂਦੀਆਂ ਹਨ। ਇਸ ਸਭ ਦੇ ਬਾਵਜੂਦ ਵੀ, ਅਸੀਂ HAP ਆਉਂਦੇ ਹਾਂ ਅਤੇ ਕੰਮ ਕਰਦੇ ਹਾਂ" ਥਿਨਲਸ ਕਹਿੰਦੀ ਹਨ।









# ਕੀ ਆਉਣ ਵਾਲਾ ਸਮਾਂ ਹੋਵੇਗਾ ਮੁਸ਼ਕਲਾਂ ਨਾਲ ਭਰਿਆ

ਭਾਰਤੀਆਂ ਦਾ ਕੈਨੇਡਾ ਵੱਲ ਵਧਦਾ ਰੁਝਾਨ, ਕੈਨੇਡਾ ਸਰਕਾਰ ਨੂੰ ਕਈ ਨਵੇਂ ਕਾਨੂੰਨ ਬਣਾਉਣ ਲਈ ਮਜ਼ਬੂਰ ਕਰ ਰਿਹਾ ਹੈ। ਅੱਜ ਕੈਨੇਡਾ ਵਿਚ 8 ਮਿਲੀਅਨ ਪਰਵਾਸੀ ਰਹਿ ਰਿਹਾ ਹੈ ਜਿਨ੍ਹਾਂ ਵਿਚੋਂ 1.4 ਮਿਲੀਅਨ ਭਾਰਤੀ ਹਨ। ਭਾਰਤ ਤੋਂ ਸਭ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਆਉਂਦੇ ਹਨ, ਜਿਨ੍ਹਾਂ ਦੀ ਗਿਣਤੀ ਲਗਭਗ 319,130 ਹੈ।

ਅੱਜ ਕੈਨੇਡਾ ਵਿਚ ਵਿਦਿਆਰਥੀਆਂ ਦੀ ਵਧਦੀ ਗਿਣਤੀ ਹਰ ਕਿਸੇ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਕੈਨੇਡਾ ਵਿਚ ਮਹਿੰਗਾਈ ਦਿਨੋ-ਦਿਨ ਵਧਦੀ ਜਾ ਰਹੀ ਹੈ ਜਿਸ ਨਾਲ ਵਿਦਿਆਰਥੀਆਂ ਦਾ ਗੁਜ਼ਾਰਾ ਮੁਸ਼ਕਲ ਨਾਲ ਹੋ ਰਿਹਾ ਹੈ।

ਜੇਕਰ ਬੇਸਮੈਂਟਾਂ ਦੇ ਕਿਰਾਏ ਦੀ ਗੱਲ ਕੀਤੀ ਜਾਵੇ ਤਾਂ ਅੱਜ ਤੋਂ ਇਕ ਸਾਲ ਪਹਿਲਾਂ ਕੈਲਗਰੀ ਵਿਚ ਵੀ ਅੱਜ ਦੇ ਬੇਸਮੈਂਟ ਤਕਰੀਬਨ ਡਾਲਰ 800-ਡਾਲਰ 1000 ਦੇ ਵਿਚ ਮਿਲ ਜਾਇਆ ਕਰਦੀ ਸੀ। ਅੱਜ ਦੇ ਸਮੇਂ ਵਿਚ ਉਹ ਹੀ ਕਿਰਾਇਆ ਡਾਲਰ 1000-ਡਾਲਰ 1300 ਤੱਕ ਹੋ ਚੁੱਕਾ ਹੈ।

ਵਿਕਾਸ ਸ਼ਰਮਾ ਕੈਲਗਰੀ ਵਿਗਚ ਇਕ ਘਰ ਦੇ ਮਾਲਕ ਹਨ, ਨੇ ਦੱਸਿਆ “ਮੈਂ ਫੇਸਬੁੱਕ ’ਤੇ ਇਕ ਕਮਰਾ ਕਿਰਾਏ ’ਤੇ ਦੇਣ ਦੀ ਐਡ ਪਾਈ, ਮੈਨੂੰ ਦਿਨ ਵਿਚ 2300 ਲੋਕਾਂ ਦੇ ਮੈਸਿਜ ਆ ਗਏ।

ਇਸ ਗੱਲ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਘਰਾਂ ਅਤੇ ਕਮਰਿਆਂ ਦੀ ਕਿੰਨੀ ਕਮੀ ਹੈ। ਇਸ ਤੋਂ ਬਾਅਦ ਸਰਕਾਰ ਦੇ ਜੀ.ਆਈ.ਸੀ ਡਾਲਰ 10,000 ਤੋਂ ਡਾਲਰ 20,000 ਕਰਨਾ ਸਾਨੂੰ ਦੱਸਦਾ ਹੈ ਕਿ ਇਥੇ ਹਰ ਚੀਜ਼ ਦੇ ਭਾਅ ਵਧਦੇ ਜਾ ਰਹੇ ਹਨ, ਜਿਸ ਕਾਰਨ ਸਰਕਾਰ ਨੂੰ ਇਹ ਵੱਡਾ ਫੈਸਲਾ ਲੈਣਾ ਪਿਆ।

ਸੁਨਹਿਰੀ ਭਵਿੱਖ ਲਈ ਆਏ ਨੌਜਵਾਨ ਅੱਜ ਕਈ ਮਜ਼ਬੂਰੀਆਂ ਵਿਚ ਰਹਿ ਰਹੇ ਹਨ। ਹਰ ਵਕਤ ਨੌਜਵਾਨਾਂ ਨੂੰ ਪੀਆਰ ਦੇ ਸਖ਼ਤ ਹੁੰਦੇ ਕਾਨੂੰਨ ਅਤੇ ਘਟਦਾ ਕੰਮ ਸਤਾ ਰਿਹਾ ਹੈ ਜਿਥੇ ਕਿ ਵਿਦਿਆਰਥੀ ਵਰਗ ਵਧਦੀ ਮਹਿੰਗਾਈ ਤੋਂ ਪ੍ਰੇਸ਼ਾਨ ਸੀ, ਉਥੇ ਹੀ ਪੋਸਟ-ਵਰਕ ਪਰਮਿਟ ਐਕਸਟੈਂਡ ਨਾ ਹੋਣ ਵਾਲੀ ਪਾਲਿਸੀ ਨੇ ਵਿਦਿਆਰਥੀਆਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ।

ਸੋਚਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਆਮਦਨੀ ਵਿਚ ਸਭ ਤੋਂ ਵੱਧ ਭਾਰਤ ਤੋਂ ਆਉਣ ਵਾਲੇ ਸਟੂਡੈਂਟਾਂ ਦਾ ਹਿੱਸਾ ਹੈ, ਫਿਰ ਵੀ ਸਰਕਾਰ ਸਟੂਡੈਂਟਾਂ ਦੀ ਮੁਸ਼ਕਲ ਨੂੰ ਹੱਲ ਕਰਨ ਦੀ ਥਾਂ ਵਧਾ ਰਹੀ ਹੈ।

ਯੂਕਰੇਨ, ਅਫਗਾਨਿਸਤਾਨ, ਫਲਸਤੀਨ ਅਤੇ ਕਈ ਹੋਰ ਮੁਲਕਾਂ ਤੋਂ ਆਉਣ ਵਾਲੇ ਰਿਫਿਊਜ਼ੀਆਂ ਲਈ ਆਉਣ ਸਾਰ ਪੀਆਰ ਅਤੇ ਸਿਟੀਜ਼ਨਸ਼ਿਪ, ਜਦਕਿ ਭਾਰਤ ਤੋਂ ਆਏ ਵਿਦਿਆਰਥੀ ਜੋ ਕਿ ਲੱਖਾਂ ਰੁਪਏ ਖਰਚ ਕੇ ਆਉਂਦੇ ਹਨ; ਉਨ੍ਹਾਂ ਲਈ ਸਖ਼ਤ ਕਾਨੂੰਨਾਂ ਦਾ ਕੀ ਕਾਰਨ ਹੋ ਸਕਦਾ ਹੈ।

-ਸਨੇਹਪ੍ਰੀਤ ਕੌਰ ਕੈਲਗਰੀ

# ਆਓ ਐਨਆਰਆਈ ਦੀ ਬਾਂਹ ਫੜੀਏ : ਪਰਵਿੰਦਰ ਕੌਰ

**ਸਵਾਲ : ਦੁਨੀਆ ਭਰ ਪੰਜਾਬੀ ਹਰੇਕ ਕੋਨੇ ’ਤੇ ਫੈਲੇ ਹੋਏ ਹਨ ਉਨ੍ਹਾਂ ਨੂੰ ਇਕ ਪਲੇਟਫਾਰਮ ’ਤੇ ਸੋਚਣ ਵਿਚਾਰਨ ਅਤੇ ਦਿਸ਼ਾ ਦੇਣ ਲਈ ਵਰ੍ਹਾ 1997 ਵਿਚ ਐਨਆਰਆਈ ਸਭਾ ਦਾ ਆਯੋਜਨ ਕੀਤਾ ਗਿਆ ਸੀ। ਇਸ ਬਾਰੇ ਸੰਖੇਪ ਜਾਣਕਾਰੀ ਦਿਓ।**

**ਜਵਾਬ** : ਹਾਲਾਂਕਿ ਬੜੇ ਲੰਬੇ ਸਮੇਂ ਤੋਂ ਪੰਜਾਬੀਆਂ ਨੇ ਕਈ ਕਿਸਮ ਅਦਾਰੇ ਸਥਾਪਤ ਕੀਤੇ ਹੋਏ ਹਨ ਜੋ ਕਾਰਜ ਕਰਦੇ ਹਨ ਪ੍ਰੰਤੂ ਐਨਆਰਆਈ ਸਭਾ ਅਜਿਹਾ ਅਦਾਰਾ ਹੈ ਜੋ ਸਰਕਾਰ ਅਤੇ ਐਨਆਰਆਈ ਵਿਚ ਕੜੀ ਦਾ ਕੰਮ ਕੀਤਾ ਹੈ। ਪਿਛਲੇ ਸਮੇਂ ’ਚ ਇਸ ਨੇ ਬਾਹਰਲੇ ਪੰਜਾਬੀਆਂ ਨੂੰ ਪੰਜਾਬ ਨਾਲ ਜੋੜਨ ਦਾ ਕਾਰਜ ਕੀਤਾ ਹੈ ਤਾਂ ਕਿ ਆਪਣੇ ਪੰਜਾਬੀ ਭਰਾਵਾਂ ਲਈ ਕੋਈ ਸਾਰਥਿਕ ਵਿਕਾਸ ਵਿਚ ਵਾਧਾ ਕੀਤਾ ਜਾ ਸਕੇ। ਇਹ ਲਗਾਤਾਰਤਾ ਬਰਕਰਾਰ ਨਹੀਂ ਰਹਿ ਸਕੀ। ਜਿਸ ਕਾਰਨ ਹੌਲੀ ਹੌਲੀ ਇਹ ਅਦਾਰਾ ਸੰਕਟਗ੍ਰਸਤ ਹੋ ਗਿਆ। ਇਸ ਦੀ ਮੁੜ ਭੂਮਿਕਾ ਨੂੰ ਨਿਭਾਉਣ ਹਿਤ ਇਸ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਕਾਰਜਸ਼ੀਲ ਹੋਣਾ ਪਵੇਗਾ।

**ਸਵਾਲ : ਪਰਵਿੰਦਰ ਕੌਰ ਜੀ ਤੁਸੀਂ ਆਸਟ੍ਰੇਲੀਆ ਵਰਗੇ ਮੁਲਕ ਵਿਚ ਰਹਿ ਰਹੇ ਹੋ ਇਕ ਔਰਤ ਵੀ ਹੋ ਇਸ ਐਨਆਰਆਈ ਸਭਾ ਦੀ ਪ੍ਰਧਾਨਗੀ ਲਈ ਚੋਣ ਲੜਨ ਦਾ ਕਿਉਂ ਫੈਸਲਾ ਕੀਤਾ।**



**ਜਵਾਬ** : ਮੈਂ ਲਗਾਤਾਰ ਪੰਜਾਬ ਦੇ ਸਰੋਕਾਰਾਂ ਨਾਲ ਜੁੜੀ ਹੋਈ ਹਾਂ। ਮੈਨੂੰ ਪਤਾ ਹੈ ਕਿ ਪੰਜਾਬੀਆਂ ’ਚ ਪੰਜਾਬ ਲਈ ਕੰਮ ਕਰਨ ਦੀ ਕਿੰਨੀ ਦਿਲੀ ਇੱਛਾ ਹੈ। ਮੈਂ ਆਪਣੀ ਉਚੇਰੀ ਪੜ੍ਹਾਈ ਐਮਐਸਈ ਦੀ ਪੰਜਾਬ ਯੂਨੀਵਰਸਿਟੀ ਤੋਂ ਕਰਨ ਉਪਰੰਤ ਆਸਟ੍ਰੇਲੀਆ ਗਈ ਉਥੇ ਵੱਖ ਵੱਖ ਖੇਤਰਾਂ ਵਿਚ ਸੇਵਾਵਾਂ ਨਿਭਾਉਂਦਿਆਂ ਮੇਰਾ ਲੀਡਰਸ਼ਿਪ ਵਿਚ ਵਿਸ਼ਵਾਸ ਵਧਿਆ ਅਤੇ ਮੈਂ ਕਈ ਕਾਰਜ ਕਰਨ ਵਿਚ ਸਮਰੱਥ ਹਾਂ। ਪ੍ਰੰਤੂ ਮੇਰੇ ਦਿਲ ਅੰਦਰ ਪੰਜਾਬ ਦਾ ਦਰਦ ਸਮੋਇਆ ਹੋਇਆ ਹੈ। ਇਸ ਕਰਕੇ ਮੈਂ ਜਾਪਣ ਲੱਗ ਪਿਆ ਕਿ ਮੈਂ ਐਨਆਰਆਈ ਸਭਾ ਵਰਗੇ ਅਦਾਰੇ ਰਾਹੀਂ ਦੁਨੀਆ ਭਰ ਦੇ ਪੰਜਾਬੀਆਂ ਨੂੰ ਪੰਜਾਬ ਦੇ ਕਾਰਜਾਂ ਨਾਲ ਜੋੜ ਸਕਦੀ ਹਾਂ।

**ਸਵਾਲ : ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਦੇ ਦਿਲਾਂ ਅੰਦਰ ਕਈ ਕਿਸਮ ਦਾ ਖਦਸ਼ੇ ਹਨ ਕਿ ਪੰਜਾਬ ਵਿਚ ਆ ਕੇ ਉਹ ਅਸੁਰੱਖਿਅਤ ਮਹਿਸੂਸ ਕਰਦੇ ਹਾਂ ਉਨ੍ਹਾਂ ਦੀਆਂ ਜਾਇਦਾਦਾਂ ਅਤੇ ਹੋਰ ਸਮਾਜਿਕ ਅਦਾਰਿਆਂ ਵਿਚ ਕੋਈ ਬਹੁਤੀ ਪੁਗਤ ਨਹੀਂ ਹੈ।**

**ਜਵਾਬ** : ਮੈਨੂੰ ਇਸ ਗੱਲ ਦਾ ਪਤਾ ਹੈ ਕਿ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਜਿਹੜੇ ਪੰਜਾਬੀ ਇੰਨੇ ਵਧੀਆ ਸਿਸਟਮ ਚਲਾ ਰਹੇ ਹਾਂ ਅਤੇ ਅਦਾਰਿਆਂ ਨੂੰ ਚੰਗਾ ਚਲਾਉਣਾ ਜਾਣਦੇ ਹਨ ਉਹ ਜੇ ਇਕਜੁਟ ਹੋ ਕੇ ਐਨਆਰਆਈ ਸਭਾ ਨੂੰ ਆਪਣੇ ਪੈਰਾਂ ’ਤੇ ਖੜ੍ਹੀ ਕਰ ਲੈਣ ਜਿਸ ਦੀ ਮੈਂਬਰਸ਼ਿਪ 24 ਹਜ਼ਾਰ ਤੋਂ ਵੱਧ ਹੈ ਤਾਂ ਲਾਜ਼ਮੀ ਹੀ ਉਹ ਆਪਣੀਆਂ ਜਿਥੇ ਸਮੱਸਿਆਵਾਂ ਦਾ ਹੱਲ ਕਰਵਾ ਲੈਣਗੇ, ਉਥੇ ਆਪਣੀ ਧਰਤ ਮਾਂ ਨਾਲ ਜੁੜ ਕੇ ਇਸ ਦਾ ਵਿਕਾਸ ਵੀ ਕਰਨਗੇ। ਜਿਸ ਦਾ ਵਿਰਸਾ, ਧਰਮ ਅਤੇ ਕਾਰਜ ਕਰਨ ਦੀ ਸਮਰੱਥਾ ਬੇਹੱਦ ਹੈ।

**ਸਵਾਲ : ਤੁਸੀਂ ਆਪਣੇ ਵੱਲ ਹੋਰ ਕੀ ਕਹਿਣਾ ਚਾਹੁੰਦੇ ਹੋ।**

**ਜਵਾਬ** : ਮੈਂ ਤਾਂ ਇਹੀ ਚਾਹੁੰਦੀ ਹਾਂ ਕਿ ਜਿਥੇ ਦੁਨੀਆ ਭਰ ਵਿਚ ਪੰਜਾਬੀ ਔਰਤਾਂ ਨੇ ਵੱਡੇ ਵੱਡੇ ਅਹੁਦਿਆਂ ’ਤੇ ਕੰਮ ਕੀਤਾ ਹੈ ਇਸ ਅਹੁਦੇ ’ਤੇ ਇਕ ਤਾਂ ਔਰਤ ਸੇਵਾ ਪ੍ਰਦਾਨ ਕਰਕੇ ਐਨਆਰਆਈ ਸਭਾ ਦੀ ਨਵੀਂ ਦਿਸ਼ਾ ਬਾਰੇ ਸੋਚਣਾ ਹੋਵੇਗਾ। ਇਹ ਵੀ ਮੇਰੀ ਦਿਲੀ ਇੱਛਾ ਹੈ ਕਿ ਇਸ 24 ਹਜ਼ਾਰ ਮੈਂਬਰ ਹੀ 5 ਜਨਵਰੀ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨ। ਜਿਹੜੇ ਦੇਸ਼ਾਂ ਵਿਦੇਸ਼ਾਂ ਵਿਚੋਂ ਪੰਜਾਬ ਵਿਚ ਆਏ ਹਨ ਉਹ ਲਾਜ਼ਮੀ ਵੋਟ ਪਾਉਣ। ਭਵਿੱਖ ਵਿਚ ਅਸੀਂ ਡਿਜੀਟਲ ਅਤੇ ਪੋਸਟਲ ਵੋਟਾਂ ਦਾ ਹੱਕ ਵੀ ਪਹਿਲੀ ਮੀਟਿੰਗ ਵਿਚ ਹੀ ਪਾਸ ਕਰਵਾ ਲਵਾਂਗੇ।

**ਬਲਜਿੰਦਰ ਸਿੰਘ ਪਟਿਆਲਾ**
92167-29598










# ਨੈਤਿਕ ਪੱਖੋਂ ਦਿਸ਼ਾਹੀਣ ਹੋ ਗਿਆ ਹੈ ਸਾਡਾ ਮੁਲਕ - ਅਰੁੰਧਤੀ ਰਾਏ

*(ਇਹ ਲਿਖਤ 13 ਦਸੰਬਰ 2023 ਨੂੰ ਤਿਰੂਵਨੰਤਪੁਰਮ 'ਚ ਆਯੋਜਿਤ ਪੀ. ਗੋਵਿੰਦਾ ਪਿਲੇ ਪੁਰਸਕਾਰ ਸਮਾਰੋਹ ਵਿਚ ਅਰੁੰਧਤੀ ਰਾਏ ਵੱਲੋਂ ਸਨਮਾਨ ਲੈਂਦੇ ਵਕਤ ਦਿੱਤਾ ਗਿਆ ਭਾਸ਼ਣ ਹੈ।)*





**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਮੈਨੂੰ ਪੀ. ਗੋਵਿੰਦਾ ਪਿਲੇ ਦੇ ਨਾਮ 'ਤੇ ਇਹ ਸਨਮਾਨ ਦੇਣ ਲਈ ਧੰਨਵਾਦ, ਜੋ ਕੇਰਲਾ ਤੋਂ ਮਾਰਕਸਵਾਦੀ ਸਿਧਾਂਤ ਦੇ ਸਭ ਤੋਂ ਅਸਧਾਰਨ ਵਿਦਵਾਨਾਂ 'ਚੋਂ ਇਕ ਸਨ। ਅਤੇ ਇਸ ਲਈ ਵੀ ਧੰਨਵਾਦ ਕਿ ਤੁਸੀਂ ਮੈਨੂੰ ਇਹ ਸਨਮਾਨ ਦੇਣ ਲਈ ਐੱਨ. ਰਾਮ ਨੂੰ ਕਿਹਾ। ਮੈਂ ਜਾਣਦੀ ਹਾਂ ਕਿ ਇਹ ਸਨਮਾਨ ਪਿਛਲੇ ਸਾਲ ਉਸ ਨੂੰ ਮਿਲਿਆ ਸੀ, ਪਰ ਕਈ ਮਾਇਨਿਆਂ 'ਚ ਮੇਰੇ ਇਸ ਸਨਮਾਨ 'ਚ ਵੀ ਉਸ ਦਾ ਹਿੱਸਾ ਹੈ। 1998 'ਚ ਫਰੰਟਲਾਈਨ ਦੇ ਸੰਪਾਦਕ ਦੇ ਰੂਪ 'ਚ - ਅਤੇ ਆਊਟਲੁੱਕ ਦੇ ਸੰਪਾਦਕ ਵਿਨੋਦ ਮਹਿਤਾ ਦੇ ਨਾਲ - ਉਸ ਨੇ ਮੇਰਾ ਪਹਿਲਾ ਰਾਜਨੀਤਕ ਲੇਖ 'ਦ ਐਂਡ ਆਫ਼ ਇਮੈਜੀਨੇਸ਼ਨ' ਪ੍ਰਕਾਸ਼ਿਤ ਕੀਤਾ ਸੀ ਜੋ ਭਾਰਤ ਦੇ ਪ੍ਰਮਾਣੂ ਤਜਰਬਿਆਂ ਦੇ ਬਾਰੇ ਸੀ। ਤੇ ਇਸ ਤੋਂ ਬਾਅਦ ਕਈ ਸਾਲਾਂ ਤੱਕ ਉਹ ਮੇਰੀਆਂ ਲਿਖਤਾਂ ਪ੍ਰਕਾਸ਼ਿਤ ਕਰਦੇ ਰਹੇ। ਉਸ ਨੇ ਸਟੀਕ, ਤਿੱਖੇ, ਪਰ ਨਿਧੜਕ ਸੰਪਾਦਕ ਹੋਣ ਨੇ ਹੀ ਮੈਨੂੰ ਅਜਿਹੀ ਲੇਖਕ ਬਣਨ ਦਾ ਭਰੋਸਾ ਦਿੱਤਾ ਜੋ ਮੈਂ ਅੱਜ ਹਾਂ।

ਮੈਂ ਭਾਰਤ ਵਿਚ ਆਜ਼ਾਦ ਪ੍ਰੈੱਸ ਦੇ ਅੰਤ ਬਾਰੇ ਭਾਸ਼ਣ ਨਹੀਂ ਦੇਣ ਜਾ ਰਹੀ। ਇੱਥੇ ਮੌਜੂਦ ਅਸੀਂ ਸਾਰੇ ਇਸ ਬਾਰੇ ਜਾਣਦੇ ਹਾਂ। ਨਾ ਹੀ ਮੈਂ ਇਸ ਬਾਰੇ ਬੋਲਣ ਜਾ ਰਹੀ ਹੈ ਕਿ ਉਨ੍ਹਾਂ ਸਾਰੀਆਂ ਸੰਸਥਾਵਾਂ ਦਾ ਕੀ ਹਸ਼ਰ ਹੋਇਆ, ਜੋ ਸਾਡੇ ਲੋਕਤੰਤਰ ਨੂੰ ਚਲਾਉਣ ਅਤੇ ਇਸ ਨੂੰ ਸਹੀ ਰਾਹ 'ਤੇ ਚੱਲਦਾ ਰੱਖਣ ਲਈ ਬਣਾਈਆਂ ਗਈਆਂ ਸਨ। ਵੀਹ ਸਾਲਾਂ ਤੋਂ ਮੈਂ ਇਹ ਕਰਦੀ ਆ ਰਹੀ ਹਾਂ ਅਤੇ ਮੈਨੂੰ ਯਕੀਨ ਹੈ ਕਿ ਇੱਥੇ ਮੌਜੂਦ ਤੁਸੀਂ ਸਾਰੇ ਮੇਰੇ ਨਜ਼ਰੀਏ ਤੋਂ ਜਾਣੂੰ ਹੋ।

ਉੱਤਰੀ ਭਾਰਤ ਤੋਂ ਕੇਰਲਾ ਆਉਣ ਤੋਂ ਬਾਅਦ, ਜਾਂ ਤਕਰੀਬਨ ਕਿਸੇ ਵੀ ਦੱਖਣੀ ਰਾਜ 'ਚ ਆ ਕੇ ਮੈਂ ਸਕੂਨ ਵੀ ਮਹਿਸੂਸ ਕਰਦੀ ਹਾਂ ਅਤੇ ਬੇਚੈਨੀ ਵੀ। ਕਿ ਉੱਤਰ 'ਚ ਰਹਿਣ ਵਾਲੇ ਸਾਡੇ 'ਚੋਂ ਅਨੇਕਾਂ ਲੋਕਾਂ ਨੂੰ ਰੋਜ਼ਮਰਾ ਦੀ ਜ਼ਿੰਦਗੀ 'ਚ ਜਿਸ ਦਹਿਸ਼ਤ ਸੰਗ ਜਿਊਣਾ ਪੈ ਰਿਹਾ ਹੈ, ਇੱਥੇ ਆ ਕੇ ਲੱਗਦਾ ਹੈ ਕਿ ਮੈਂ ਉਸ ਤੋਂ ਕਿੰਨੀ ਦੂਰ ਆ ਗਈ ਹਾਂ। ਹਕੀਕਤ ਇਹ ਹੈ ਕਿ ਅਸੀਂ ਜਿੰਨਾ ਸੋਚ ਰਹੇ ਹਾਂ, ਇਹ ਓਨਾ ਦੂਰ ਹੈ ਨਹੀਂ। ਜੇ ਮੌਜੂਦਾ ਹਕੂਮਤ ਅਗਲੇ ਸਾਲ ਮੁੜ ਸੱਤਾ 'ਚ ਆਉਂਦੀ ਹੈ ਤਾਂ 2026 'ਚ ਸੀਮਾ ਤੈਅ ਕਰਨ ਦੀ ਕਾਰਵਾਈ ਤਹਿਤ ਇਹ ਸੰਭਵ ਹੈ ਕਿ ਸੰਸਦ ਵਿਚ ਅਸੀਂ ਜਿੰਨੇ ਐੱਮ.ਪੀ. ਹੁਣ ਭੇਜਦੇ ਹਾਂ, ਉਨ੍ਹਾਂ ਦੀ ਗਿਣਤੀ ਘਟਕੇ ਪੂਰੇ ਦੱਖਣੀ ਭਾਰਤ ਦੀ ਤਾਕਤ ਖੋਹ ਲਈ ਜਾਵੇ। ਸਾਨੂੰ ਸਿਰਫ਼ ਸੀਮਾ ਤੈਅ ਕਰਨ ਦਾ ਖ਼ਤਰਾ ਹੀ ਦਰਪੇਸ਼ ਨਹੀਂ ਹੈ। ਸਾਡੇ ਵੰਨ-ਸੁਵੰਨਤਾ ਵਾਲੇ ਮੁਲਕ ਦੀ ਰੀੜ੍ਹ ਫੈਡਰਲਿਜ਼ਮ ਵੀ ਖ਼ਤਰੇ 'ਚ ਹੈ।

ਜਿਸ ਤਰ੍ਹਾਂ ਕੇਂਦਰ ਸਰਕਾਰ ਬੇਲਗਾਮ ਤਾਕਤ ਆਪਣੇ ਹੱਥ ਹੇਠ ਕਰਦੀ ਜਾ ਰਹੀ ਹੈ, ਉਸ ਵਿਚ ਸਾਨੂੰ ਵਿਰੋਧੀ-ਧਿਰ ਦੀਆਂ ਪਾਰਟੀਆਂ ਦੇ ਰਾਜ ਵਾਲੇ ਰਾਜਾਂ ਦੇ ਹਿੱਸੇ ਲਈ ਲੇਲੜੀਆਂ ਕੱਢਣੀਆਂ ਪੈ ਰਹੀਆਂ ਹਨ। ਫੈੱਡਰਲਿਜ਼ਮ ਨੂੰ ਵੱਜੀ ਸਭ ਤੋਂ ਤਾਜ਼ਾ ਸੱਟ ਸੁਪਰੀਮ ਕੋਰਟ ਦਾ ਫ਼ੈਸਲਾ ਹੈ, ਜਿਸ ਵਿਚ ਸਰਵਉੱਚ ਅਦਾਲਤ ਨੇ ਸੰਵਿਧਾਨ ਦੀ ਧਾਰਾ 370 ਦੇ ਅੰਤ ਨੂੰ ਸਹੀ ਦੱਸਦੇ ਹੋਏ ਮਨਜ਼ੂਰੀ ਦੇ ਦਿੱਤੀ ਹੈ। ਇਸ ਧਾਰਾ 'ਚ ਜੰਮੂ-ਕਸ਼ਮੀਰ ਰਾਜ ਨੂੰ ਅਰਧ-ਖ਼ੁਦਮੁਖਤਿਆਰ ਦਰਜਾ ਦਿੱਤਾ ਗਿਆ ਸੀ। ਭਾਰਤ ਵਿਚ ਵਿਸ਼ੇਸ਼ ਦਰਜਾ ਰੱਖਣ ਵਾਲਾ ਇਹ ਇਕੱਲਾ ਰਾਜ ਨਹੀਂ ਹੈ। ਇਹ ਕਲਪਨਾ ਕਰਨਾ ਇਕ ਗੰਭੀਰ ਗ਼ਲਤੀ ਹੋਵੇਗੀ ਕਿ ਇਸ ਫ਼ੈਸਲੇ ਦਾ ਸੰਬੰਧ ਸਿਰਫ਼ ਕਸ਼ਮੀਰ ਨਾਲ ਹੈ। ਇਸ ਦਾ ਅਸਰ ਸਾਡੀ ਰਾਜਸੀ ਵਿਵਸਥਾ ਦੇ ਬੁਨਿਆਦੀ ਢਾਂਚੇ ਤੱਕ ਜਾਂਦਾ ਹੈ।

ਪਰ ਅੱਜ ਮੈਂ ਇਕ ਐਸੀ ਚੀਜ਼ ਦੀ ਗੱਲ ਕਰਨਾ ਚਾਹੁੰਦੀ ਹਾਂ ਜੋ ਕਿਤੇ ਜ਼ਿਆਦਾ ਫੌਰੀ ਅਤੇ ਜ਼ਰੂਰੀ ਹੈ। ਸਾਡੇ ਮੁਲਕ ਨੇ ਆਪਣੀ ਨੈਤਿਕ ਦਿਸ਼ਾ ਗੁਆ ਦਿੱਤੀ ਹੈ। ਸਭ ਤੋਂ ਘਿਣਾਉਣੇ ਜੁਰਮ, ਸਮੂਹਿਕ ਕਤਲੇਆਮ (ਜੈਨੋਸਾਈਡ) ਅਤੇ ਨਸਲੀ ਸਫ਼ਾਏ (ਐਥਨਿਕ ਕਲੀਨਜ਼ਿੰਗ) ਦੇ ਸਭ ਤੋਂ ਖ਼ੌਫ਼ਨਾਕ ਐਲਾਨਾਂ ਦੀਆਂ ਤਾਰੀਫ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਰਾਜਨੀਤਕ ਇਨਾਮ ਦਿੱਤੇ ਜਾ ਰਹੇ ਹਨ। ਸਾਰੀ ਦੀ ਸਾਰੀ ਦੌਲਤ ਜਿੱਥੇ ਕੁਝ ਕੁ ਹੱਥਾਂ 'ਚ ਸਿਮਟਦੀ ਜਾ ਰਹੀ ਹੈ, ਉੱਥੇ ਗ਼ਰੀਬਾਂ ਨੂੰ ਕੁਝ ਬੁਰਕੀਆਂ ਸੁੱਟ ਕੇ ਹੀ ਉਹੀ ਤਾਕਤਾਂ ਸੱਤਾ ਹਾਸਲ ਕਰਨ 'ਚ ਕਾਮਯਾਬ ਹੋ ਰਹੀਆਂ ਹਨ ਜੋ ਗ਼ਰੀਬ ਅਵਾਮ ਦੀ ਬਦਹਾਲੀ ਨੂੰ ਹੋਰ ਵਧਾ ਰਹੀਆਂ ਹਨ।

ਸਾਡੇ ਸਮਿਆਂ ਦੀ ਸਭ ਤੋਂ ਹੈਰਾਨ ਕਰਨ ਵਾਲੀ ਉਲਝਣ ਇਹ ਹੈ ਕਿ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਰੀ ਦੁਨੀਆ 'ਚ ਲੋਕ ਖ਼ੁਦ ਨੂੰ ਹੋਰ ਵੀ ਨਿਤਾਣੇ ਅਤੇ ਵਾਂਝੇ ਬਣਾਉਣ ਲਈ ਵੋਟਾਂ ਪਾ ਰਹੇ ਹਨ। ਉਨ੍ਹਾਂ ਕੋਲ ਜੋ ਜਾਣਕਾਰੀ ਹੈ ਉਸੇ ਦੇ ਆਧਾਰ 'ਤੇ ਵੋਟ ਪਾਉਂਦੇ ਹਨ। ਇਹ ਜਾਣਕਾਰੀ ਕੀ ਹੈ ਅਤੇ ਉਸ ਉੱਪਰ ਕਿਹਦਾ ਕੰਟਰੋਲ ਹੈ - ਇਹ ਆਧੁਨਿਕ ਦੁਨੀਆ ਦਾ ਮਿਠਾ ਮੁਹਰਾ ਹੈ। ਜਿਸਦਾ ਤਕਨੀਕ ਉੱਪਰ ਕਬਜ਼ਾ ਹੈ, ਉਸੇ ਦਾ ਦੁਨੀਆ ਉੱਪਰ ਕਬਜ਼ਾ ਹੈ। ਪਰ ਆਖ਼ਿਰਕਾਰ ਮੈਂ ਮੰਨਦੀ ਹਾਂ ਕਿ ਅਵਾਮ ਉੱਪਰ ਕਬਜ਼ਾ ਨਹੀਂ ਕੀਤਾ ਜਾ ਸਕਦਾ ਅਤੇ ਉਹ ਕਬਜ਼ੇ 'ਚ ਨਹੀਂ ਕੀਤੇ ਜਾ ਸਕਣਗੇ। ਮੈਂ ਮੰਨਦੀ ਹਾਂ ਕਿ ਨਵੀਂ ਪੀੜ੍ਹੀ ਬਗ਼ਾਵਤ 'ਚ ਉੱਠ ਖੜ੍ਹੀ ਹੋਵੇਗੀ। ਇਕ ਇਨਕਲਾਬ ਆਵੇਗਾ। ਮੈਨੂੰ ਮਾਫ਼ ਕਰਨਾ। ਮੈਂ ਆਪਣੀ ਇਸ ਗੱਲ ਨੂੰ ਸੁਧਾਰ ਕੇ ਪੇਸ਼ ਕਰਦੀ ਹਾਂ। ਇਨਕਲਾਬ ਆਉਣਗੇ। ਬਹੁਤ ਸਾਰੇ ਇਨਕਲਾਬ।

ਮੈਂ ਕਿਹਾ ਹੈ ਕਿ ਇਕ ਮੁਲਕ ਦੇ ਰੂਪ 'ਚ ਅਸੀਂ ਆਪਣੀ ਨੈਤਿਕ ਦਿਸ਼ਾ ਗੁਆ ਚੁੱਕੇ ਹਾਂ। ਸਾਰੀ ਦੁਨੀਆ 'ਚ ਲੱਖਾਂ ਯਹੂਦੀ, ਮੁਸਲਮਾਨ, ਈਸਾਈ, ਹਿੰਦੂ, ਕਮਿਊਨਿਸਟ, ਸੰਦੇਹਵਾਦੀ ਲੋਕ ਸੜਕਾਂ ਉੱਪਰ ਉੱਤਰੇ ਹੋਏ ਹਨ, ਗਾਜ਼ਾ ਉੱਪਰ ਤੁਰੰਤ ਹਮਲਾ ਬੰਦ ਕਰਨ ਦੀ ਮੰਗ ਕਰ ਰਹੇ ਹਨ। ਪਰ ਸਾਡੇ ਮੁਲਕ ਦੀਆਂ ਸੜਕਾਂ ਅੱਜ ਖ਼ਾਮੋਸ਼ ਹਨ। ਸਾਡਾ ਉਹੀ ਮੁਲਕ ਜੋ ਕਦੇ ਗ਼ੁਲਾਮ, ਬਸਤੀਆਂ ਬਣਾਏ ਗ਼ੁਲਾਮਾਂ ਦਾ ਸੱਚਾ ਦੋਸਤ ਹੁੰਦਾ ਸੀ, ਜੋ ਫਲਸਤੀਨ ਦਾ ਸੱਚਾ ਦੋਸਤ ਹੁੰਦਾ ਸੀ। ਜਿਨ੍ਹਾਂ ਸੜਕਾਂ ਉੱਪਰ ਕਦੇ ਲੱਖਾਂ ਲੋਕਾਂ ਦੇ ਜਲੂਸ ਨਿੱਕਲਦੇ ਹੁੰਦੇ ਸਨ, ਉਹੀ ਸੜਕਾਂ ਅੱਜ ਖ਼ਾਮੋਸ਼ ਹਨ। ਕੁਝ ਕੁ ਨੂੰ ਛੱਡ ਕੇ ਸਾਡੇ ਜ਼ਿਆਦਾਤਰ ਲੇਖਕ ਅਤੇ ਬੁੱਧੀਜੀਵੀ ਵੀ ਖ਼ਾਮੋਸ਼ ਹਨ। ਕਿੰਨਾ ਸ਼ਰਮਨਾਕ ਹੈ। ਅਤੇ ਦੂਰਅੰਦੇਸ਼ੀ ਨਾ ਹੋਣ ਦਾ ਕੈਸਾ ਅਫ਼ਸੋਸਨਾਕ ਮੁਜ਼ਾਹਰਾ ਹੈ।

ਜਦੋਂ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਸਾਡੇ ਲੋਕਤੰਤਰ ਦੇ ਢਾਂਚੇ ਨੂੰ ਸਿਲਸਿਲੇਵਾਰ ਤਰੀਕੇ ਨਾਲ ਤਬਾਹ ਕੀਤਾ ਜਾ ਰਿਹਾ ਹੈ, ਅਤੇ ਅਸਧਾਰਨ ਵੰਨ-ਸੁਵੰਨਤਾ ਵਾਲੇ ਸਾਡੇ ਵਤਨ ਉੱਪਰ ਇਕ ਝੂਠਾ, ਸਭ ਨੂੰ ਇੱਕੋ ਰੱਸੇ ਨੂੜ ਦੇਣ ਵਾਲਾ ਇਕ ਸੰਕੀਰਨ ਰਾਸ਼ਟਰਵਾਦ ਥੋਪਿਆ ਜਾ




ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House by Gurpreet
Gurpreet Gill
Founder
(403) 408-6566
Happy Birthday
Happy Anniversary
For Birthday - Anniversary - Baby Shower - Shower
@balloonhousebygurpreet

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਡ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

ਰਿਹਾ ਹੈ, ਤਾਂ ਘੱਟੋਘੱਟ ਜੋ ਲੋਕ ਖ਼ੁਦ ਨੂੰ ਬੁੱਧੀਜੀਵੀ ਕਹਿੰਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਮੁਲਕ 'ਚ ਵੀ ਤਬਾਹੀ ਦਾ ਵਿਸਫੋਟ ਹੋ ਸਕਦਾ ਹੈ।

ਜੇ ਅਸੀਂ ਇਜ਼ਰਾਇਲ ਵੱਲੋਂ ਫ਼ਲਸਤੀਨੀਆਂ ਦੇ ਕੀਤੇ ਜਾ ਰਹੇ ਖੁੱਲ੍ਹੇਆਮ ਕਤਲੇਆਮ ਉੱਪਰ ਕੁਝ ਨਹੀਂ ਬੋਲਦੇ, ਜਦਕਿ ਇਹ ਲਾਈਵਸਟ੍ਰੀਮ ਹੋ ਕੇ ਸਾਡੀਆਂ ਨਿੱਜੀ ਜ਼ਿੰਦਗੀਆਂ ਦੇ ਸਭ ਤੋਂ ਅੰਦਰਲੇ ਕੋਨਿਆਂ ਤੱਕ ਪਹੁੰਚ ਰਿਹਾ ਹੈ, ਤਾਂ ਅਸੀਂ ਇਸ ਕਤਲੇਆਮ ਵਿਚ ਭਾਈਵਾਲ ਬਣ ਜਾਂਦੇ ਹਾਂ। ਕੀ ਸਾਡੇ ਅੰਦਰਲਾ ਕੁਝ ਨੈਤਿਕ ਹਮੇਸ਼ਾ ਲਈ ਬਦਲ ਜਾਵੇਗਾ। ਜਦੋਂ ਘਰਾਂ, ਹਸਪਤਾਲਾਂ, ਸ਼ਰਨਾਰਥੀ ਕੈਂਪਾਂ, ਸਕੂਲਾਂ, ਯੂਨੀਵਰਸਿਟੀਆਂ, ਪੁਰਾਲੇਖ ਇਮਾਰਤਾਂ ਉੱਪਰ ਬੰਬ ਸੁੱਟੇ ਜਾ ਰਹੇ ਹਨ, ਦਸ ਲੱਖ ਤੋਂ ਵਧੇਰੇ ਲੋਕ ਬੇਘਰ ਹੋ ਚੁੱਕੇ ਹਨ, ਅਤੇ ਮਲਬੇ ਦੇ ਹੇਠੋਂ ਬੱਚਿਆਂ ਦੀਆਂ ਲਾਸ਼ਾਂ ਨਿੱਕਲ ਰਹੀਆਂ ਹਨ, ਤਾਂ ਕੀ ਅਸੀਂ ਬਸ ਚੁੱਪਚਾਪ ਬੈਠੇ ਦੇਖਦੇ ਰਹਾਂਗੇ? ਗਾਜ਼ਾ ਦੀਆਂ ਸਰਹੱਦਾਂ ਸੀਲ ਹਨ, ਲੋਕ ਕਿਤੇ ਜਾ ਨਹੀਂ ਸਕਦੇ। ਉਨ੍ਹਾਂ ਕੋਲ ਲੁਕਣ ਲਈ ਕੋਈ ਜਗ੍ਹਾ ਨਹੀਂ ਹੈ, ਖਾਣ ਲਈ ਖਾਣਾ ਨਹੀਂ ਹੈ, ਪੀਣ ਲਈ ਪਾਣੀ ਨਹੀਂ ਹੈ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਅੱਧੀ ਤੋਂ ਜ਼ਿਆਦਾ ਆਬਾਦੀ ਭੁੱਖਮਰੀ ਦਾ ਸਾਹਮਣਾ ਕਰ ਰਹੀ ਹੈ ਅਤੇ ਇਸ ਦੇ ਬਾਵਜੂਦ ਉਨ੍ਹਾਂ ਉੱਪਰ ਲਗਾਤਾਰ ਬੰਬ ਸੁੱਟੇ ਜਾ ਰਹੇ ਹਨ। ਕੀ ਅਸੀਂ ਇਸ ਨੂੰ ਚੁੱਪਚਾਪ ਦੇਖਦੇ ਰਹਾਂਗੇ ਕਿ ਇਕ ਪੂਰੇ ਦੇ ਪੂਰੇ ਅਵਾਮ ਨੂੰ ਇਸ ਕਦਰ ਮਨੁੱਖ ਤੋਂ ਵੀ ਨੀਵਾਂ ਬਣਾ ਦਿੱਤਾ ਜਾਵੇ ਕਿ ਉਨ੍ਹਾਂ ਦਾ ਸਫ਼ਾਇਆ ਇਕ ਬੇਮਾਇਨੇ, ਮਾਮੂਲੀ ਗੱਲ ਬਣ ਜਾਵੇ?

ਫਲਸਤੀਨੀਆਂ ਨੂੰ ਮਨੁੱਖ ਨਾ ਸਮਝਣ ਦੀ ਸ਼ੁਰੂਆਤ ਬੈਂਜਾਮਿਨ ਨੇਤਨਯਾਹੂ ਅਤੇ ਉਸ ਦੀ ਮੰਡਲੀ ਨਾਲ ਨਹੀਂ ਸੀ ਹੋਈ। ਇਸ ਦੀ ਸ਼ੁਰੂਆਤ ਤਾਂ ਦਹਾਕੇ ਪਹਿਲਾਂ ਹੋ ਗਈ ਸੀ।

11 ਸਤੰਬਰ 2001 ਦੀ ਪਹਿਲੀ ਬਰਸੀ 'ਤੇ 2002 'ਚ ਮੈਂ ਸੰਯੁਕਤ ਰਾਸ਼ਟਰ 'ਚ ਇਕ ਭਾਸ਼ਣ ਦਿੱਤਾ ਸੀ ਜਿਸ ਦਾ ਨਾਮ ਸੀ 'ਕਮ ਸੈਪਟੈਂਬਰ'। ਇਸ ਵਿਚ ਮੈਂ ਉਨ੍ਹਾਂ ਹੋਰ ਬਰਸੀਆਂ ਬਾਬਤ ਗੱਲ ਕੀਤੀ ਸੀ ਜੋ 11 ਸਤੰਬਰ ਦੇ ਦਿਨ ਹੀ ਆਉਂਦੀਆਂ ਹਨ। ਇਸੇ ਤਰੀਕ ਨੂੰ 1973 'ਚ ਚਿੱਲੀ ਦੇ ਰਾਸ਼ਟਰਪਤੀ ਸਲਵਾਡੋਰ ਅਲੈਂਡੇ ਦਾ ਸੀ.ਆਈ.ਏ. ਦੀ ਹਮਾਇਤ ਨਾਲ ਤਖ਼ਤਾ ਪਲਟਾਇਆ ਗਿਆ ਸੀ। ਤੇ ਫਿਰ ਇਸੇ ਤਰੀਕ ਨੂੰ 1990 'ਚ ਤੱਤਕਾਲੀ ਅਮਰੀਕਨ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਸੀਨੀਅਰ ਨੇ ਅਮਰੀਕਨ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ ਇਰਾਕ ਦੇ ਵਿਰੁੱਧ ਯੁੱਧ ਦੇ ਸਰਕਾਰੀ ਫ਼ੈਸਲੇ ਦਾ ਐਲਾਨ ਕੀਤਾ ਸੀ। ਅਤੇ ਫਿਰ ਮੈਂ ਫਲਸਤੀਨ ਦੇ ਬਾਰੇ ਗੱਲ ਕੀਤੀ ਸੀ। ਮੈਂ ਉਹ ਹਿੱਸਾ ਤੁਹਾਨੂੰ ਪੜ੍ਹ ਕੇ ਸੁਣਾਉਂਦੀ ਹਾਂ, ਅਤੇ ਤੁਸੀਂ ਦੇਖੋਗੇ ਕਿ ਜੇ ਮੈਂ ਤੁਹਾਨੂੰ ਇਹ ਨਾ ਦੱਸਿਆ ਹੁੰਦਾ ਕਿ ਇਹ 21 ਸਾਲ ਪਹਿਲਾਂ ਲਿਖਿਆ ਗਿਆ ਸੀ ਤਾਂ ਤੁਹਾਨੂੰ ਲੱਗਦਾ ਕਿ ਇਹ ਅੱਜ ਦੇ ਬਾਰੇ ਹੈ।

'11 ਸਤੰਬਰ ਦੀ ਇਕ ਤ੍ਰਾਸਦਿਕ ਗੂੰਜ ਮੱਧਪੂਰਬ ਵਿਚ ਵੀ ਮਿਲਦੀ ਹੈ। 11 ਸਤੰਬਰ 1922 ਨੂੰ ਅਰਬ ਲੋਕਾਂ ਦੀ ਨਾਰਾਜ਼ਗੀ ਨੂੰ ਅਣਡਿੱਠ ਕਰਦੇ ਹੋਏ ਬਰਤਾਨਵੀ ਸਰਕਾਰ ਨੇ ਫਲਸਤੀਨ ਵਿਚ ਇਕ ਫ਼ਰਮਾਨ ਦਾ ਐਲਾਨ ਕੀਤਾ। ਇਹ 1917 ਦੇ ਬਾਲਫੋਰ ਐਲਾਨ ਦਾ ਇਕ ਅਗਲਾ ਕਦਮ ਸੀ, ਜਿਸ ਨੂੰ ਬਰਤਾਨਵੀ ਸਾਮਰਾਜ ਨੇ ਓਦੋਂ ਜਾਰੀ ਕੀਤਾ ਸੀ ਜਦੋਂ ਗਾਜ਼ਾ ਦੀਆਂ ਸਰਹੱਦਾਂ ਉੱਪਰ ਉਸ ਦੀ ਫ਼ੌਜ ਤਾਇਨਾਤ ਸੀ। ਬਾਲਫੋਰ ਐਲਾਨ ਨੇ ਯੂਰਪੀ ਜਾਇਨਿਸਟਾਂ ਨਾਲ ਯਹੂਦੀ ਲੋਕਾਂ ਲਈ ਇਕ ਰਾਸ਼ਟਰ ਦਾ ਵਾਅਦਾ ਕੀਤਾ ਸੀ। (ਉਸ ਸਮੇਂ ਸਾਮਰਾਜ, ਜਿਸ ਦਾ ਸੂਰਜ ਕਦੇ ਨਹੀਂ ਸੀ ਡੁੱਬਦਾ, ਲੋਕਾਂ ਦੇ ਵਤਨ ਖੋਹਣ ਅਤੇ ਵੰਡਣ ਲਈ ਆਜ਼ਾਦ ਸੀ, ਜਿਵੇਂ ਕਿ ਸਕੂਲ ਵਿਚ ਕਈ ਡਾਹਢੇ ਬੱਚੇ ਗੋਲੀਆਂ ਵੰਡਦੇ ਹਨ)। ਸਾਮਰਾਜਾਂ ਨੇ ਕਿੰਨੀ ਬੇਪ੍ਰਵਾਹੀ ਨਾਲ ਪ੍ਰਾਚੀਨ ਸੱਭਿਅਤਾਵਾਂ ਦੀ ਵੱਢ--ਟੁੱਕ ਕੀਤੀ ਹੈ। ਫਲਸਤੀਨ ਤੇ ਕਸ਼ਮੀਰ ਬਰਤਾਨੀਆ ਦੇ ਦਿੱਤੇ ਡੂੰਘੇ, ਲਹੂ ਲਿੱਬੜੇ ਜ਼ਖ਼ਮ ਹਨ ਜੋ ਉਸ ਨੇ ਆਧੁਨਿਕ ਦੁਨੀਆ ਨੂੰ ਦਿੱਤੇ ਹਨ। ਅੱਜ ਦੋਵੇਂ ਹੀ ਤਿੱਖੇ ਅੰਤਰਰਾਸ਼ਟਰੀ ਟਕਰਾਵਾਂ ਦਾ ਕੇਂਦਰ ਹਨ।'

'ਲਓ ਸੁਣੋ 1937 'ਚ ਵਿੰਸਟਨ ਚਰਚਿਲ ਨੇ ਫਲਸਤੀਨੀ ਅਵਾਮ ਦੇ ਬਾਰੇ ਕੀ ਕਿਹਾ ਸੀ, "ਮੈਂ ਇਸ ਨਾਲ ਸਹਿਮਤ ਨਹੀਂ ਹਾਂ ਕਿ ਇਕ ਖੁਰਲੀ 'ਚ ਰਹਿਣ ਵਾਲੇ ਕੁੱਤੇ ਦਾ ਉਸ ਖੁਰਲੀ ਉੱਪਰ ਅੰਤਮ ਅਧਿਕਾਰ ਹੁੰਦਾ ਹੈ ਚਾਹੇ ਉਹ ਉਸ 'ਚ ਬਹੁਤ ਲੰਮੇ ਸਮੇਂ ਤੱਕ ਕਿਉਂ ਨਾ ਰਹਿ ਰਿਹਾ ਹੋਵੇ। ਮੈਂ ਉਸ ਅਧਿਕਾਰ ਨੂੰ ਨਹੀਂ ਮੰਨਦਾ। ਮਿਸਾਲ ਲਈ, ਮੈਂ ਇਹ ਨਹੀਂ ਮੰਨਦਾ ਕਿ ਅਮਰੀਕਾ ਦੇ ਰੈੱਡ ਇੰਡੀਅਨ ਜਾਂ ਆਸਟ੍ਰੇਲੀਆ ਦੇ ਕਾਲੇ ਲੋਕਾਂ ਨਾਲ ਕੋਈ ਬਹੁਤ ਬੁਰਾ ਵਰਤਾਓ ਹੋਇਆ ਹੈ। ਮੈਂ ਇਹ ਨਹੀਂ ਮੰਨਦਾ ਕਿ ਇਸ ਨਾਲ ਇਨ੍ਹਾਂ ਲੋਕਾਂ ਉੱਪਰ ਕੋਈ ਜ਼ੁਲਮ ਹੋਇਆ ਹੈ ਕਿ ਇਕ ਸ਼ਕਤੀਸ਼ਾਲੀ ਨਸਲ, ਉੱਚੇ ਪੱਧਰ ਦੀ ਇਕ ਨਸਲ ਨੇ, ਕਹਿ ਸਕਦੇ ਹਾਂ ਕਿ ਸੰਸਾਰਕ ਰੂਪ 'ਚ ਇਕ ਵਧੇਰੇ ਬੁੱਧੀਮਾਨ ਨਸਲ ਨੇ, ਆ ਕੇ ਉਨ੍ਹਾਂ ਦੀ ਜਗ੍ਹਾ ਨੂੰ ਕਬਜ਼ੇ 'ਚ ਲੈ ਲਿਆ।' ਫਲਸਤੀਨੀਆਂ ਦੇ ਬਾਰੇ ਇਜ਼ਰਾਇਲੀ ਰਾਜ ਦਾ ਰਵੱਈਆ ਇੱਥੋਂ ਹੀ ਜਨਮ ਲੈਂਦਾ ਹੈ। 1969 'ਚ ਇਜ਼ਰਾਇਲੀ ਪ੍ਰਧਾਨ ਮੰਤਰੀ ਗੋਲਡਾ ਮਾਇਰ ਨੇ ਕਿਹਾ, 'ਫਲਸਤੀਨੀਆਂ ਦੀ ਕੋਈ ਹੋਂਦ ਨਹੀਂ ਹੈ।' ਉਸ ਤੋਂ ਬਾਅਦ ਬਣੇ ਪ੍ਰਧਾਨ ਮੰਤਰੀ ਲੇਵੀ ਏਸ਼ਾਲ ਨੇ ਕਿਹਾ, ਫਲਸਤੀਨੀ ਕੀ ਹੁੰਦੇ ਹਨ? ਜਦੋਂ ਮੈਂ ਇੱਥੇ (ਫਲਸਤੀਨ) ਆਇਆ, ਇੱਥੇ ਢਾਈ ਲੱਖ ਗੈਰ ਯਹੂਦੀ ਸਨ, ਜ਼ਿਆਦਾਤਰ ਅਰਬ ਅਤੇ ਬੇਦੂਇਨ ਲੋਕ। ਇਹ ਇਕ ਮਾਰੂਥਲ ਸੀ, ਇਕ ਪਿਛੜੇ ਹੋਏ ਖੇਤਰ ਤੋਂ ਵੀ ਭੈੜਾ। ਕੁਝ ਵੀ ਨਹੀਂ ਸੀ।' ਪ੍ਰਧਾਨ ਮੰਤਰੀ ਮੇਨਾਕੇਮ ਬੇਗੀਨ ਨੇ ਫਲਸਤੀਨੀਆਂ ਨੂੰ 'ਦੋ ਪੈਰਾਂ ਵਾਲੇ ਜਾਨਵਰ' ਕਿਹਾ ਸੀ। ਪ੍ਰਧਾਨ ਮੰਤਰੀ ਯਿਤਜ਼ਾਕ ਸ਼ਾਮਿਰ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ ਸੀ ਜਿਨ੍ਹਾਂ ਨੂੰ ਕੁਚਲਿਆ ਜਾ ਸਕਦਾ ਹੈ। ਇਹ ਮੁਲਕ ਦੇ ਹੁਕਮਰਾਨਾਂ ਦੀ ਜ਼ੁਬਾਨ ਹੈ, ਆਮ ਲੋਕਾਈ ਦੇ ਸ਼ਬਦ ਨਹੀਂ।'

ਇਸ ਤਰ੍ਹਾਂ ਬਿਨਾਂ ਵਤਨ ਵਾਲੇ ਇਕ ਅਵਾਮ ਲਈ ਬਿਨਾਂ ਅਵਾਮ ਵਾਲੇ ਇਕ ਵਤਨ ਦੀ ਖ਼ੌਫ਼ਨਾਕ ਮਿੱਥ ਸ਼ੁਰੂ ਹੋਈ।

'1947 'ਚ ਸੰਯੁਕਤ ਰਾਸ਼ਟਰ ਨੇ ਰਸਮੀ ਰੂਪ 'ਚ ਫਲਸਤੀਨ ਦੀ ਵੰਡ ਕੀਤੀ ਅਤੇ ਫਲਸਤੀਨੀਂ ਜ਼ਮੀਨ ਦਾ 55ਫ਼ੀ ਸਦੀ ਹਿੱਸਾ ਜਾਇਨਿਸਟਾਂ ਦੇ ਹਵਾਲੇ ਕਰ ਦਿੱਤਾ। ਪਰ ਇਕ ਸਾਲ ਦੇ ਅੰਦਰ ਉਹ 76 ਫ਼ੀ ਸਦੀ ਫਲਸਤੀਨ ਉੱਪਰ ਕਬਜ਼ਾ ਕਰ ਚੁੱਕੇ ਸਨ। 14 ਮਈ 1948 ਨੂੰ ਇਜ਼ਰਾਇਲ ਰਾਜ ਦੀ ਸਥਾਪਨਾ ਹੋਈ। ਐਲਾਨ ਦੇ ਕੁਝ ਮਿੰਟਾਂ ਦੇ ਅੰਦਰ ਸੰਯੁਕਤ ਰਾਸ਼ਟਰ ਨੇ ਇਸ ਨੂੰ ਮਾਨਤਾ ਦੇ ਦਿੱਤੀ। ਜਾਰਡਨ ਨੇ ਪੱਛਮੀ ਕੰਢੇ ਉੱਪਰ ਕਬਜ਼ਾ ਕਰ ਲਿਆ। ਗਾਜ਼ਾ ਪੱਟੀ ਮਿਸਰ ਦੀ ਫ਼ੌਜ ਦੇ ਕੰਟਰੋਲ 'ਚ ਆ ਗਈ ਅਤੇ ਫਲਸਤੀਨ ਦੀ ਰਸਮੀ ਹੋਂਦ ਖ਼ਤਮ ਹੋ ਗਈ, ਸਿਵਾਏ ਉਨ੍ਹਾਂ ਲੱਖਾਂ ਫਲਸਤੀਨੀ ਅਵਾਮ ਦੇ ਦਿਲੋ-ਦਿਮਾਗ਼ ਦੇ, ਜੋ ਹੁਣ ਉੱਜੜ ਕੇ ਸ਼ਰਨਾਰਥੀ ਬਣ ਚੁੱਕੇ ਸਨ। 1967 'ਚ ਇਜ਼ਰਾਇਲ ਨੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਉੱਪਰ ਵੀ ਕਬਜ਼ਾ ਕਰ ਲਿਆ। ਦਹਾਕਿਆਂ ਤੱਕ ਬਗ਼ਾਵਤਾਂ, ਯੁੱਧ ਅਤੇ ਇੰਤਫ਼ਾਦਾ ਹੁੰਦੇ ਰਹੇ ਹਨ। ਦਹਿ ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ। ਸਮਝੌਤਿਆਂ ਅਤੇ ਇਕਰਾਰਨਾਮਿਆਂ ਉੱਪਰ ਦਸਖ਼ਤ ਕੀਤੇ ਗਏ ਹਨ। ਯੁੱਧਬੰਦੀ ਦੇ ਐਲਾਨ ਹੋਏ ਅਤੇ ਉਨ੍ਹਾਂ ਦਾ ਉਲੰਘਣ ਹੋਇਆ। ਪਰ ਖ਼ੂਨ-ਖ਼ਰਾਬਾ ਖ਼ਤਮ ਨਹੀਂ ਹੁੰਦਾ।

ਫਲਸਤੀਨ ਉੱਪਰ ਹੁਣ ਵੀ ਗ਼ੈਰਕਾਨੂੰਨੀ ਕਬਜ਼ਾ ਜਾਰੀ ਹੈ। ਇਸ ਦੇ ਲੋਕ ਅਮਾਨਵੀ ਹਾਲਾਤ 'ਚ ਜਿਊਂਦੇ ਹਨ। ਉਹ ਨਸਲੀ ਭੇਦਭਾਵ 'ਤੇ ਆਧਾਰਤ ਘਿਰੇ ਹੋਏ ਇਲਾਕਿਆਂ ਵਾਲੇ, ਇਕ ਤਰ੍ਹਾਂ ਦੇ ਬਾਂਟੂਸਤਾਨਾਂ 'ਚ ਰਹਿੰਦੇ ਹਨ ਜਿੱਥੇ ਉਨ੍ਹਾਂ ਉੱਪਰ ਸਮੂਹਿਕ ਸਜ਼ਾਵਾਂ ਥੋਪੀਆਂ ਜਾਂਦੀਆਂ ਹਨ, ਜਿੱਥੇ ਕਰਫਿਊ ਕਦੇ ਖ਼ਤਮ ਨਹੀਂ ਹੁੰਦਾ, ਜਿੱਥੇ ਨਿੱਤ ਉਨ੍ਹਾਂ ਨੂੰ ਅਪਮਾਨਿਤ ਕੀਤਾ ਜਾਂਦਾ ਹੈ, ਬੇਰਹਿਮ ਕਾਰਵਾਈਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹ ਨਹੀਂ ਜਾਣਦੇ ਕਿ ਕਦੋਂ ਉਨ੍ਹਾਂ ਦੇ ਘਰ ਢਾਹ ਦਿੱਤੇ ਜਾਣਗੇ, ਕਦੋਂ ਉਨ੍ਹਾਂ ਦੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ, ਕਦੋਂ ਉਨ੍ਹਾਂ ਦੇ ਵਡਮੁੱਲੇ ਰੁੱਖ ਵੱਢ ਦਿੱਤੇ ਜਾਣਗੇ, ਕਦੋਂ ਉਨ੍ਹਾਂ ਦੀਆਂ ਸੜਕਾਂ ਬੰਦ ਕਰ ਦਿੱਤੀਆਂ ਜਾਣਗੀਆਂ, ਕਦੋਂ ਉਨ੍ਹਾਂ ਨੂੰ ਖਾਣਾ ਅਤੇ ਦਵਾਈਆਂ ਖ਼ਰੀਦਣ ਲਈ ਬਜ਼ਾਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਅਤੇ ਕਦੋਂ ਨਹੀਂ ਦਿੱਤੀ ਜਾਵੇਗੀ। ਉਹ ਬਿਨਾਂ ਕਿਸੇ ਸਨਮਾਨ ਦੇ ਜਿਊਂਦੇ ਹਨ। ਅਤੇ ਬਿਨਾਂ ਕਿਸੇ ਉਮੀਦ ਦੇ। ਆਪਣੀ ਜ਼ਮੀਨ ਉੱਪਰ, ਆਪਣੀ ਸੁਰੱਖਿਆ ਉੱਪਰ, ਆਪਣੀ ਆਵਾਜਾਈ ਉੱਪਰ, ਆਪਣੇ ਸੰਚਾਰ, ਆਪਣੀ ਪਾਣੀ ਦੀ ਸਪਲਾਈ ਉੱਪਰ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਹੈ।

ਤਾਂ ਜਦੋਂ ਸਮਝੌਤਿਆਂ ਉੱਪਰ ਦਸਖ਼ਤ ਕੀਤੇ ਜਾਂਦੇ ਹਨ, ਅਤੇ 'ਖ਼ੁਦਮੁਖ਼ਤਿਆਰੀ' ਅਤੇ 'ਰਾਜ ਦਾ ਦਰਜਾ' ਵਰਗੇ ਸ਼ਬਦਾਂ ਦੇ ਝੰਡੇ ਲਹਿਰਾਏ ਜਾਂਦੇ ਹਨ, ਉਦੋਂ ਇਹ ਸਵਾਲ ਪੁੱਛਣਾ ਜ਼ਰੂਰੀ ਹੋ ਜਾਂਦਾ ਹੈ: ਕਿਸ ਤਰ੍ਹਾਂ ਦੀ ਖ਼ੁਦਮੁਖ਼ਤਿਆਰੀ? ਕਿਸ ਤਰ੍ਹਾਂ ਦਾ ਰਾਜ? ਕਿਸ ਤਰ੍ਹਾਂ ਦੇ ਅਧਿਕਾਰ ਇਸ ਦੇ ਨਾਗਰਿਕਾਂ ਕੋਲ ਹੋਣਗੇ? ਜੋ ਨੌਜਵਾਨ ਫਲਸਤੀਨੀ ਆਪਣੇ ਗੁੱਸੇ ਉੱਪਰ ਕਾਬੂ ਨਹੀਂ ਰੱਖ ਪਾਉਂਦੇ ਉਹ ਖ਼ੁਦ ਨੂੰ ਮਨੁੱਖੀ ਬੰਬਾਂ 'ਚ ਬਦਲ ਦਿੰਦੇ ਹਨ ਅਤੇ ਇਜ਼ਰਾਇਲ ਦੀਆਂ ਸੜਕਾਂ ਤੇ ਗਲੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਹ ਖ਼ੁਦ ਨੂੰ ਫੀਤਾ-ਫੀਤਾ ਕਰ ਲੈਂਦੇ ਹਨ, ਆਮ ਲੋਕਾਂ ਦੀਆਂ ਜਾਨਾਂ ਲੈਂਦੇ ਹਨ, ਉਨ੍ਹਾਂ ਦੀ ਰੋਜ਼ਮਰਾ ਜ਼ਿੰਦਗੀ ਵਿਚ ਦਹਿਸ਼ਤ ਭਰ ਦਿੰਦੇ ਹਨ, ਅਤੇ ਆਖ਼ਿਰਕਾਰ ਦੋਹਾਂ ਸਮਾਜਾਂ ਦੇ ਸੰਦੇਹਾਂ ਅਤੇ ਇਕ ਦੂਜੇ ਦੇ ਪ੍ਰਤੀ ਆਪਸੀ ਨਫ਼ਰਤ ਨੂੰ ਹੀ ਮਜ਼ਬੂਤ ਕਰਦੇ ਹਨ। ਹਰੇਕ ਬੰਬ ਧਮਾਕਾ ਇਕ ਬੇਰਹਿਮ ਮੋੜਵੇਂ ਹਮਲੇ ਨੂੰ ਸੱਦਾ ਦਿੰਦਾ ਹੈ, ਫਲਸਤੀਨੀ ਅਵਾਮ ਦੀਆਂ ਮੁਸ਼ਕਲਾਂ ਨੂੰ ਹੋਰ ਵਧਾਉਂਦਾ ਹੈ। ਪਰ ਫਿਰ ਸਚਾਈ ਇਹ ਹੈ ਕਿ ਆਤਮਘਾਤੀ ਬੰਬ ਹਮਲੇ ਵਿਅਕਤੀਗਤ ਮਾਯੂਸੀ ਦੀ ਕਾਰਵਾਈ ਹੁੰਦੇ ਹਨ, ਇਹ ਕੋਈ ਇਨਕਲਾਬੀ ਕਦਮ ਨਹੀਂ। ਫਲਸਤੀਨੀ ਹਮਲੇ ਇਜ਼ਰਾਇਲੀ ਨਾਗਰਿਕਾਂ 'ਚ ਦਹਿਸ਼ਤ ਜ਼ਰੂਰ ਪਾਉਂਦੇ ਹਨ, ਪਰ ਉਹ ਫਲਸਤੀਨੀ ਇਲਾਕੇ 'ਚ ਇਜ਼ਰਾਇਲੀ ਸਰਕਾਰ ਦੀ ਰੋਜ਼ਮਰਾ ਦਖ਼ਲਅੰਦਾਜ਼ੀ ਦੇ ਲਈ ਇਕ ਸਟੀਕ ਬਹਾਨਾ ਬਣ ਜਾਂਦੇ ਹਨ। ਉਹ ਪੁਰਾਣੇ ਜ਼ਮਾਨੇ ਦੇ, ਉਨੀਵੀਂ ਸਦੀ ਦੇ ਬਸਤੀਵਾਦ ਦਾ ਇਕ ਸਟੀਕ ਬਹਾਨਾ ਬਣ ਜਾਂਦੇ ਹਨ, ਜਿਸ ਨੂੰ 21ਵੀਂ ਸਦੀ ਦੇ ਨਵੇਂ ਜ਼ਮਾਨੇ ਦੇ 'ਯੁੱਧ' ਦਾ ਜਾਮਾ ਪਹਿਨਾ ਦਿੱਤਾ ਗਿਆ ਹੈ। ਇਜ਼ਰਾਇਲ ਦਾ ਸਭ ਤੋਂ ਕੱਟੜ ਰਾਜਨੀਤਕ ਅਤੇ ਫ਼ੌਜੀ ਸਹਿਯੋਗੀ ਸੰਯੁਕਤ ਰਾਜ ਅਮਰੀਕਾ ਹੈ ਅਤੇ ਹਮੇਸ਼ਾ ਤੋਂ ਰਿਹਾ ਹੈ।"

'ਅਮਰੀਕੀ ਸਰਕਾਰ ਨੇ ਇਜ਼ਰਾਇਲ ਨਾਲ ਮਿਲ ਕੇ ਸੰਯੁਕਤ ਰਾਸ਼ਟਰ ਦੇ ਹਰ ਉਸ ਮਤੇ ਨੂੰ ਰੋਕਿਆ ਹੈ, ਜਿਸ ਵਿਚ ਇਸ ਟਕਰਾਅ ਦੇ ਇਕ ਸ਼ਾਂਤਮਈ, ਨਿਆਂਕਾਰੀ ਹੱਲ ਦੀ ਮੰਗ ਕੀਤੀ ਜਾਂਦੀ ਹੈ। ਇਸ ਨੇ ਇਜ਼ਰਾਇਲ ਦੇ ਤਕਰੀਬਨ ਹਰ ਯੁੱਧ ਦੀ ਹਮਾਇਤ ਕੀਤੀ ਹੈ। ਜਦੋਂ ਇਜ਼ਰਾਇਲ ਫਲਸਤੀਨ ਉੱਪਰ ਹਮਲਾ ਕਰਦਾ ਹੈ ਤਾਂ ਫਲਸਤੀਨੀ ਘਰਾਂ ਨੂੰ ਜੋ ਮਿਜ਼ਾਇਲਾਂ ਤਬਾਹ ਕਰਦੀਆਂ ਹਨ ਉਹ ਅਮਰੀਕੀ ਹੁੰਦੀਆਂ ਹਨ। ਅਤੇ ਹਰ ਸਾਲ ਇਜ਼ਰਾਇਲ ਕਈ ਅਰਬ ਡਾਲਰ ਰਕਮ ਸੰਯੁਕਤ ਰਾਜ ਤੋਂ ਹਾਸਲ ਕਰਦਾ ਹੈ, ਜੋ ਇੱਥੋਂ ਦੇ ਟੈਕਸ ਭਰਨ ਵਾਲਿਆਂ ਦਾ ਪੈਸਾ ਹੈ।'

ਅੱਜ ਨਾਗਰਿਕ ਆਬਾਦੀ ਉੱਪਰ ਇਜ਼ਰਾਇਲ ਜੋ ਬੰਬ ਵਰਸਾ ਰਿਹਾ ਹੈ, ਉਸ ਉੱਪਰ ਸੰਯੁਕਤ ਰਾਜ ਅਮਰੀਕਾ ਦਾ ਨਾਮ ਲਿਖਿਆ ਹੈ। ਹਰ ਟੈਂਕ ਉੱਪਰ। ਹਰ ਗੋਲੀ ਉੱਪਰ ਅਮਰੀਕਾ ਦਾ ਨਾਮ ਹੈ। ਇਹ ਸਭ ਕੁਝ ਨਾ ਵਾਪਰਦਾ ਜੇ ਅਮਰੀਕਾ ਧੁਰ ਦਿਲੋਂ ਇਸ ਦੀ ਹਮਾਇਤ ਨਾ ਕਰ ਰਿਹਾ ਹੁੰਦਾ। 8 ਦਸੰਬਰ ਨੂੰ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੀ ਮੀਟਿੰਗ ਵਿਚ ਜੋ ਕੁਝ ਹੋਇਆ ਉਹ ਅਸੀਂ ਸਾਰਿਆਂ ਨੇ ਦੇਖਿਆ, ਜਦੋਂ 13 ਮੈਂਬਰ ਮੁਲਕਾਂ ਨੇ ਯੁੱਧਬੰਦੀ ਦੇ ਹੱਕ 'ਚ ਵੋਟ ਪਾਈ ਅਤੇ ਸੰਯੁਕਤ ਰਾਜ ਅਮਰੀਕਾ ਨੇ ਇਸ ਦੇ ਖ਼ਿਲਾਫ਼ ਵੋਟ ਪਾਈ। ਉਸ ਵੀਡੀਓ ਨੂੰ ਦੇਖਣਾ ਪ੍ਰੇਸ਼ਾਨ ਕਰਨ ਵਾਲਾ ਸੀ ਜਿਸ ਵਿਚ ਅਮਰੀਕੀ ਉਪ ਰਾਜਦੂਤ, ਜੋ ਇਕ ਸਿਆਹਫ਼ਾਮ ਅਮਰੀਕਨ ਹੈ, ਦਾ ਹੱਥ ਮਤੇ ਉੱਪਰ ਵੀਟੋ ਲਈ ਉੱਠਿਆ। ਸਾਡੇ ਜ਼ਿਹਨ ਉੱਪਰ ਇਸ ਦੇ ਨਿਸ਼ਾਨ ਹਮੇਸ਼ਾ ਰਹਿਣਗੇ। ਕੁਝ ਗੁੱਸੇ 'ਚ ਆਏ ਲੋਕਾਂ ਨੇ ਸੋਸ਼ਲ ਮੀਡੀਆ ਉੱਪਰ ਕੁੜੱਤਣ 'ਚ ਇਸ ਨੂੰ ਇੰਟਰਸੈਕਸ਼ਨਲ ਸਾਮਰਾਜਵਾਦ ਕਿਹਾ ਹੈ।

ਨੌਕਰਸ਼ਾਹ ਕਾਰਵਾਈਆਂ ਨੂੰ ਦੇਖੀਏ ਤਾਂ ਇੰਝ ਲੱਗਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਦਾ ਕਹਿਣਾ ਹੈ: ਆਪਣਾ ਮਕਸਦ ਪੂਰਾ ਕਰੋ, ਪਰ ਰਹਿਮਦਿਲੀ ਨਾਲ।

'ਇਸ ਤ੍ਰਾਸਦਿਕ ਟਕਰਾਅ ਤੋਂ ਸਾਨੂੰ ਕੀ ਸਬਕ ਸਿੱਖਣੇ ਚਾਹੀਦੇ ਹਨ? ਜਿਨ੍ਹਾਂ ਯਹੂਦੀ ਲੋਕਾਂ ਨੇ ਖ਼ੁਦ ਏਨੀਆਂ ਕਰੂਰਤਾਵਾਂ ਝੱਲੀਆਂ ਹਨ (ਸ਼ਾਇਦ ਇਤਿਹਾਸ ਵਿਚ ਕਿਸੇ ਵੀ ਅਵਾਮ ਤੋਂ ਸਭ ਤੋਂ ਜ਼ਿਆਦਾ) ਉਨ੍ਹਾਂ ਦੇ ਲਈ ਕੀ ਉਨ੍ਹਾਂ ਲੋਕਾਂ ਦੇ ਜੋਖ਼ਮ ਅਤੇ ਖ਼ਵਾਇਸ਼ਾਂ ਨੂੰ ਸਮਝ ਸਕਣਾ ਸੱਚੀਂਮੁੱਚੀਂ ਅਸੰਭਵ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਉਜਾੜਿਆ ਹੋਇਆ ਹੈ? ਕੀ ਭਿਆਨਕ ਤਕਲੀਫ਼ਾਂ ਹਮੇਸ਼ਾ ਬੇਰਹਿਮੀ ਨੂੰ ਜਨਮ ਦਿੰਦੀਆਂ ਹਨ? ਇਨਸਾਨੀਅਤ ਦੇ ਲਈ ਇਸ ਤੋਂ ਕਿਹੋ ਜਹੀ ਉਮੀਦ ਪੈਦਾ ਹੁੰਦੀ ਹੈ? ਇਕ ਜਿੱਤ ਦੇ ਮੌਕੇ 'ਤੇ ਫਲਸਤੀਨੀ ਲੋਕ ਕਿਵੇਂ ਵਰਤਾਅ ਕਰਨਗੇ? ਜਦੋਂ ਰਾਜ ਤੋਂ ਵਾਂਝਾ ਇਕ ਰਾਸ਼ਟਰ ਰਾਜ ਬਣੇਗਾ, ਉਦੋਂ ਉਹ ਕਿਸ ਕਿਸਮ ਦਾ ਰਾਜ ਹੋਵੇਗਾ? ਇਸ ਦੇ ਪਰਚਮ ਦੇ ਸਾਏ 'ਚ ਕਿਸ ਤਰ੍ਹਾਂ ਦੇ ਖ਼ੌਫ਼ ਨੂੰ ਅੰਜਾਮ ਦਿੱਤਾ ਜਾਵੇਗਾ? ਕੀ ਸਾਨੂੰ ਇਕ ਅਲੱਗ ਰਾਜ ਦੇ ਲਈ ਲੜਨਾ ਚਾਹੀਦਾ ਹੈ, ਜਾਂ ਫਿਰ ਸਾਨੂੰ ਹਰੇਕ ਦੇ ਲਈ ਆਜ਼ਾਦੀ ਅਤੇ ਸਨਮਾਨ ਨਾਲ ਭਰੀ ਜ਼ਿੰਦਗੀ ਦੇ ਅਧਿਕਾਰ ਦੇ ਲਈ ਲੜਨਾ ਚਾਹੀਦਾ ਹੈ, ਚਾਹੇ ਕਿਸੇ ਦੀ ਨਸਲੀ ਪਛਾਣ ਜਾਂ ਧਰਮ ਕੁਝ ਵੀ ਹੋਵੇ?

'ਫਲਸਤੀਨ ਕਿਸੇ ਸਮੇਂ ਮੱਧ ਪੂਰਬ 'ਚ ਧਰਮਨਿਰਪੱਖਤਾ ਦਾ ਇਕ ਮੋਰਚਾ ਸੀ। ਪਰ ਅੱਜ ਉਸੇ ਜਗ੍ਹਾ ਉੱਪਰ ਹਮਾਸ ਇਕ ਕਮਜ਼ੋਰ, ਅਲੋਕਤੰਤਰੀ, ਹਰ ਤਰ੍ਹਾਂ ਦੇ ਭ੍ਰਿਸ਼ਟ ਪਰ ਕਥਿਤ ਰੂਪ 'ਚ ਅਸੰਕੀਰਣ ਪੀ.ਐੱਲ.ਓ. ਦੀ ਜਗ੍ਹਾ ਲੈਂਦਾ ਜਾ ਰਿਹਾ ਹੈ, ਜੋ ਖੁੱਲ੍ਹੇਆਮ ਇਕ ਸੰਕੀਰਣ ਵਿਚਾਰਧਾਰਾ ਅਤੇ ਇਸਲਾਮ ਦੇ ਨਾਮ 'ਤੇ ਲੜਨ ਦਾ ਦਾਅਵਾ ਕਰਦਾ ਹੈ। ਉਨ੍ਹਾਂ ਦਾ ਐਲਾਨਨਾਮਾ ਕਹਿੰਦਾ ਹੈ: 'ਅਸੀਂ ਇਸ ਦੇ ਸਿਪਾਹੀ ਹੋਵਾਂਗੇ ਅਤੇ ਇਸ ਦੀ ਅੱਗ ਦੇ ਲਈ ਲੱਕੜੀ ਜੋ ਦੁਸ਼ਮਣਾਂ ਨੂੰ ਸਾੜ ਕੇ ਰਾਖ਼ ਕਰ ਦੇਵੇਗੀ'। ਦੁਨੀਆ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਆਤਮਘਾਤੀ ਬੰਬਾਰਾਂ ਦੀ ਨਿੰਦਾ ਕਰਨ। ਪਰ ਕੀ ਅਸੀਂ ਉਸ ਲੰਮੇ ਸਫ਼ਰ ਨੂੰ ਅਣਡਿੱਠ ਕਰ ਸਕਦੇ ਹਾਂ ਜਿਸ ਵਿੱਚੋਂ ਦੀ ਹੋ ਕੇ ਉਹ ਇਸ ਮੁਕਾਮ 'ਤੇ ਪਹੁੰਚੇ ਹਨ? 11 ਸਤੰਬਰ 1922 ਤੋਂ 11 ਸਤੰਬਰ 2002 ਤੱਕ - ਇਕ ਯੁੱਧ ਨੂੰ ਜਾਰੀ ਰੱਖਣ ਲਈ 80 ਸਾਲ ਇਕ ਬਹੁਤ ਲੰਮਾ ਸਮਾਂ ਹੁੰਦਾ ਹੈ। ਕੀ ਦੁਨੀਆ ਫਲਸਤੀਨ ਦੇ ਅਵਾਮ ਨੂੰ ਕੋਈ ਸਲਾਹ ਦੇ ਸਕਦੀ ਹੈ? ਕੀ ਉਨ੍ਹਾਂ ਨੂੰ ਬਸ ਗੋਲਡਾ ਮਾਇਰ ਦੀ ਸਲਾਹ ਮੰਨ ਲੈਣੀ ਚਾਹੀਦੀ ਹੈ, ਅਤੇ ਸੱਚਮੁੱਚ ਇਸ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਪਣੀ ਹੋਂਦ ਮਿਟਾ ਲੈਣ?'

ਫਲਸਤੀਨੀ ਲੋਕਾਂ ਨੂੰ ਮਿਟਾ ਦੇਣ, ਉਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣ ਦਾ ਵਿਚਾਰ ਇਜ਼ਰਾਇਲੀ ਰਾਜਨੀਤਕ ਹੁਕਮਰਾਨ ਅਤੇ ਫ਼ੌਜੀ ਅਧਿਕਾਰੀ ਸਾਫ਼-ਸਾਫ਼ ਕਹਿ ਰਹੇ ਹਨ। 'ਨਸਲਕੁਸ਼ੀ ਨੂੰ ਰੋਕਣ 'ਚ ਨਾਕਾਮੀ ਲਈ' - ਜੋ ਆਪਣੇ ਆਪ 'ਚ ਹੀ ਇਕ ਜੁਰਮ ਹੈ - ਬਾਇਡੇਨ ਪ੍ਰਸ਼ਾਸਨ ਦੇ ਖ਼ਿਲਾਫ਼ ਮੁਕੱਦਮਾ ਦਾਇਰ ਕਰਨ ਵਾਲੇ ਇਕ ਅਮਰੀਕਨ ਵਕੀਲ ਦਾ ਕਹਿਣਾ ਹੈ ਕਿ ਨਸਲੀ ਕਤਲੇਆਮ ਦਾ ਇਰਾਦਾ ਇਸ ਤਰ੍ਹਾਂ ਸਾਫ਼-ਸਾਫ਼ ਅਤੇ ਜਨਤਕ ਤੌਰ 'ਤੇ ਕਹਿਣ ਦੇ ਮਾਮਲੇ ਬਹੁਤ ਦੁਰਲੱਭ ਹਨ। ਇਕ ਵਾਰ ਇਹ ਮਕਸਦ ਹਾਸਲ ਕਰ ਲੈਣ ਤੋਂ ਬਾਅਦ, ਸ਼ਾਇਦ ਇਨ੍ਹਾਂ ਹੁਕਮਰਾਨਾਂ ਦਾ ਇਰਾਦਾ ਇਹ ਹੋਵੇ ਕਿ ਅਜਿਹੇ ਮਿਊਜ਼ੀਅਮ ਬਣਾਏ ਜਾਣ ਜਿਨ੍ਹਾਂ ਵਿਚ ਫਲਸਤੀਨੀ ਸੰਸਕ੍ਰਿਤੀ ਅਤੇ ਦਸਤਕਾਰੀਆਂ ਦੀ ਨੁਮਾਇਸ਼ ਹੋਵੇ। ਅਸਲੀ ਫਲਸਤੀਨੀ ਖਾਣਾ ਪਰੋਸਣ ਵਾਲੇ ਰੇਸਤਰਾਂ ਹੋਣ। ਸ਼ਾਇਦ ਨਵੀਂ ਗਾਜ਼ਾ ਬੰਦਰਗਾਹ ਉੱਪਰ ਇਸ ਗੱਲ ਨੂੰ ਲੈ ਕੇ ਇਕ ਲਾਈਟ ਐਂਡ ਸਾਊਂਡ ਸ਼ੋਅ ਵੀ ਹੋਵੇ ਕਿ ਪੁਰਾਣਾ ਗਾਜ਼ਾ ਕਿੰਨਾ ਰੰਗੀਨ ਹੁੰਦਾ ਸੀ। ਸੰਭਵ ਹੈ ਕਿ ਇਹ ਬੰਦਰਗਾਹ ਬੇਨ ਗੁਰੀਅਨ ਨਹਿਰ ਪ੍ਰੋਜੈਕਟ ਦੇ ਮੁਹਾਣੇ 'ਤੇ ਬਣਾਈ ਜਾਵੇ, ਜਿਸ ਨੂੰ ਸਵੇਜ਼ ਨਹਿਰ ਦੇ ਪੈਮਾਨੇ 'ਤੇ ਬਣਾਉਣ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਸਮੁੰਦਰ 'ਚ ਖੁਦਾਈ ਦੇ ਠੇਕਿਆਂ ਉੱਪਰ ਦਸਖ਼ਤ ਕੀਤੇ ਜਾ ਰਹੇ ਹਨ।

ਵੀਹ ਸਾਲ ਪਹਿਲਾਂ, ਜਦੋਂ ਨਿਊ ਮੈਕਸੀਕੋ 'ਚ ਮੈਂ 'ਕਮ ਸੈਪਟੈਂਬਰ' (Come September) ਭਾਸ਼ਣ ਦਿੱਤਾ ਸੀ, ਤਾਂ ਅਮਰੀਕਾ ਵਿਚ ਫਲਸਤੀਨ ਨੂੰ ਲੈ ਕੇ ਇਕ ਤਰ੍ਹਾਂ ਦੀ ਖ਼ਾਮੋਸ਼ੀ ਦਾ ਆਲਮ ਸੀ। ਜੋ ਲੋਕ ਇਸ ਬਾਰੇ ਬੋਲਦੇ ਸਨ ਉਨ੍ਹਾਂ ਨੂੰ ਇਸ ਦਾ ਭਾਰੀ ਮੁੱਲ ਤਾਰਨਾ ਪੈਂਦਾ ਸੀ। ਅੱਜ ਨੌਜਵਾਨ ਸੜਕਾਂ ਉੱਪਰ ਹਨ। ਮੋਹਰੀ ਮੁਹਾਜ਼ 'ਤੇ ਉਨ੍ਹਾਂ ਦੀ ਰਾਹਨੁਮਾਈ ਯਹੂਦੀ ਅਤੇ ਫਲਸਤੀਨੀ ਕਰ ਰਹੇ ਹਨ ਜੋ ਆਪਣੀ ਸਰਕਾਰ, ਅਮਰੀਕਾ ਦੀ ਸਰਕਾਰ ਦੀਆਂ ਕਰਤੂਤਾਂ ਨੂੰ ਲੈ ਕੇ ਗੁੱਸੇ 'ਚ ਹਨ। ਯੂਨੀਵਰਸਿਟੀਆਂ 'ਚ ਉੱਥਲ-ਪੁੱਥਲ ਹੈ। ਸਭ ਤੋਂ ਕੁਲੀਨ ਕੈਂਪਸਾਂ 'ਚ ਵੀ। ਉਨ੍ਹਾਂ ਨੂੰ ਚੁੱਪ ਕਰਾਉਣ ਲਈ ਸਰਮਾਏਦਾਰੀ ਤੇਜ਼ੀ ਨਾਲ ਅੱਗੇ ਆ ਰਹੀ ਹੈ। ਫੰਡ ਦਾਤੇ ਫੰਡ ਰੋਕ ਦੇਣ ਦੀ ਧਮਕੀ ਦੇ ਰਹੇ ਹਨ, ਅਤੇ ਇਸ ਤਰ੍ਹਾਂ ਇਸ ਗੱਲ ਦਾ ਫ਼ੈਸਲਾ ਕਰ ਰਹੇ ਹਨ ਕਿ ਅਮਰੀਕੀ ਵਿਦਿਆਰਥੀ ਕੀ ਕਰ ਸਕਦੇ ਹਨ ਅਤੇ ਕੀ ਨਹੀਂ, ਅਤੇ ਉਨ੍ਹਾਂ ਨੂੰ ਕਿਵੇਂ ਸੋਚਣਾ ਚਾਹੀਦਾ ਹੈ ਤੇ ਕਿਵੇਂ ਨਹੀਂ ਸੋਚਣਾ ਚਾਹੀਦਾ। ਇਹ ਇਕ ਅਖਾਉਤੀ ਉਦਾਰਵਾਦੀ ਸਿੱਖਿਆ ਦੇ ਬੁਨਿਆਦੀ ਅਸੂਲਾਂ ਦੀ ਭਾਵਨਾ ਉੱਪਰ ਹੀ ਹਮਲਾ ਹੈ।

ਉੱਤਰ-ਬਸਤੀਵਾਦ, ਬਹੁਸੰਸਕ੍ਰਿਤੀਵਾਦ, ਅੰਤਰਰਾਸ਼ਟਰੀ ਕਾਨੂੰਨ, ਜਨੇਵਾ ਕਨਵੈਨਸ਼ਨ, ਮਨੁੱਖੀ ਅਧਿਕਾਰਾਂ ਦੇ ਸਰਵਵਿਆਪਕ ਐਲਾਨਨਾਮੇ ਦੇ ਦਿਖਾਵੇ ਦਾ ਅੰਤ ਹੋ ਚੁੱਕਾ ਹੈ। ਬੋਲਣ ਦੀ ਆਜ਼ਾਦੀ ਜਾਂ ਜਨਤਕ ਨੈਤਿਕਤਾ ਦਾ ਦਿਖਾਵਾ ਵੀ ਖ਼ਤਮ ਹੋ ਚੁੱਕਾ ਹੈ। ਅੰਤਰਰਾਸ਼ਟਰੀ ਵਕੀਲ ਅਤੇ ਵਿਦਵਾਨ ਜਿਸ ਨੂੰ ਸਾਰੀਆਂ ਕਸੌਟੀਆਂ ਉੱਪਰ ਨਸਲੀ ਕਤਲੇਆਮ ਕਹਿ ਰਹੇ ਹਨ, ਉਹ 'ਯੁੱਧ' ਜਾਰੀ ਹੈ ਜਿਸ ਵਿਚ ਜੁਰਮ ਕਰਨ ਵਾਲੇ ਮੁਜਰਿਮ ਖ਼ੁਦ ਨੂੰ ਪੀੜਤ ਦੱਸ ਰਹੇ ਹਨ, ਇਕ ਨਸਲਪ੍ਰਸਤ ਰਾਜ ਚਲਾਉਣ ਵਾਲੇ ਬਸਤੀਵਾਦੀ ਜਾਬਰਾਂ ਦੇ ਕਿਰਦਾਰ 'ਚ ਹਨ। ਅਮਰੀਕਾ 'ਚ ਇਸ ਉੱਪਰ ਸਵਾਲ ਉਠਾਉਣ ਦਾ ਮਤਲਬ ਹੋਵੇਗਾ ਐਂਟੀ-ਸੈਮੀਟਿਕ ਹੋਣ ਦਾ ਇਲਜ਼ਾਮ ਲੱਗਣਾ। ਚਾਹੇ ਸਵਾਲ ਕਰਨ ਵਾਲੇ ਲੋਕ ਖ਼ੁਦ ਯਹੂਦੀ ਹੀ ਕਿਉਂ ਨਾ ਹੋਣ। ਤੁਹਾਡੇ ਹੋਸ਼ ਉੱਡ ਜਾਣਗੇ। ਇੱਥੋਂ ਤੱਕ ਕਿ ਇਜ਼ਰਾਇਲ ਵੀ ਉਸ ਤਰ੍ਹਾਂ ਆਵਾਜ਼ਾਂ ਨੂੰ ਨਹੀਂ ਕੁਚਲਦਾ ਜਿਨਾ ਅਮਰੀਕਾ ਕੁਚਲਦਾ ਹੈ ਜਿੱਥੇ ਗਿਡੀਅਨ ਲੇਵੀ ਵਰਗੇ ਅਸਹਿਮਤ ਇਜ਼ਰਾਇਲੀ ਨਾਗਰਿਕ ਇਜ਼ਰਾਇਲੀ ਕਾਰਵਾਈਆਂ ਦੇ ਸਭ ਤੋਂ ਜਾਣਕਾਰ ਅਤੇ ਸਭ ਤੋਂ ਤਿੱਖੇ ਆਲੋਚਕ ਹਨ (ਹਾਲਾਂਕਿ ਹਾਲਾਤ ਉੱਥੇ ਵੀ ਤੇਜ਼ੀ ਨਾਲ ਬਦਲ ਰਹੇ ਹਨ)। ਅਮਰੀਕਾ 'ਚ ਤਾਂ ਇੰਤਫ਼ਾਦਾ ਦੀ ਗੱਲ ਕਰਨ ਨੂੰ ਯਹੂਦੀਆਂ ਦੇ ਨਸਲੀ ਕਤਲੇਆਮ ਦਾ ਹੋਕਾ ਮੰਨ ਲਿਆ ਜਾਂਦਾ ਹੈ ਜਦਕਿ ਇੰਤਫ਼ਾਦਾ ਦਾ ਮਤਲਬ ਹੈ ਬਗ਼ਾਵਤ, ਟਾਕਰਾ, ਜੋ ਫਲਸਤੀਨ ਦੇ ਮਾਮਲੇ 'ਚ ਇਕ ਨਸਲੀ ਕਤਲੇਆਮ ਦਾ ਵਿਰੋਧ ਹੈ। ਇਸ ਦਾ ਮਤਲਬ ਹੈ ਆਪਣੀ ਹੋਂਦ ਮਿਟਾ ਦੇਣ ਦਾ ਵਿਰੋਧ। ਇੰਝ ਲੱਗਦਾ ਹੈ ਕਿ ਫਲਸਤੀਨੀ ਲੋਕਾਂ ਕੋਲ ਨੈਤਿਕ ਰੂਪ 'ਚ ਕਰਨ ਲਈ ਸਿਰਫ਼ ਇਕ ਹੀ ਕੰਮ ਹੈ - ਕਿ ਉਹ ਮਰ ਜਾਣ। ਸਾਡੇ ਸਾਰਿਆਂ ਦੇ ਸਾਹਮਣੇ ਕਾਨੂੰਨੀ ਰੂਪ 'ਚ ਇਕ ਹੀ ਰਾਹ ਹੈ -ਕਿ ਅਸੀਂ ਉਨ੍ਹਾਂ ਨੂੰ ਮਰਦੇ ਹੋਏ ਦੇਖੀਏ। ਅਤੇ ਚੁੱਪ ਰਹੀਏ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਅਸੀਂ ਆਪਣੀ ਸਕਾਲਰਸ਼ਿੱਪ, ਗ੍ਰਾਂਟ, ਲੈਕਚਰ ਫ਼ੀਸ ਅਤੇ ਆਪਣੀ ਰੋਜ਼ੀ-ਰੋਟੀ ਨੂੰ ਖ਼ਤਰੇ 'ਚ ਪਾ ਲਵਾਂਗੇ।

11 ਸਤੰਬਰ ਤੋਂ ਬਾਅਦ ਅਮਰੀਕਾ ਦੇ ਦਹਿਸ਼ਤਵਾਦ ਵਿਰੁੱਧ ਯੁੱਧ ਨੇ ਦੁਨੀਆ ਭਰ ਦੀਆਂ ਹਕੂਮਤਾਂ ਨੂੰ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਖ਼ਤਮ ਕਰ ਦੇਣ ਦਾ, ਅਤੇ ਇਕ ਜਟਿਲ, ਹਮਲਾਵਰ ਨਿਗਰਾਨੀ ਵਿਵਸਥਾ ਕਾਇਮ ਕਰਨ ਦਾ ਬਹਾਨਾ ਦੇ ਦਿੱਤਾ। ਇਹ ਇਕ ਅਜਿਹੀ ਵਿਵਸਥਾ ਹੈ ਜਿਸ ਵਿਚ ਸਾਡੀਆਂ ਸਰਕਾਰਾਂ ਸਾਡੇ ਬਾਰੇ ਹਰ ਚੀਜ਼ ਜਾਣਦੀਆਂ ਹਨ ਅਤੇ ਅਸੀਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਜਾਣਦੇ। ਇਸੇ ਤਰ੍ਹਾਂ ਅਮਰੀਕਾ ਦੇ ਨਵੇਂ ਮੈਕਾਰਥੀਵਾਦ ਦੀ ਛਤਰੀ ਥੱਲੇ ਪੂਰੀ ਦੁਨੀਆ ਦੇ ਮੁਲਕਾਂ 'ਚ ਖ਼ੌਫ਼ਨਾਕ ਚੀਜ਼ਾਂ ਜਨਮ ਲੈਣਗੀਆਂ ਅਤੇ ਪ੍ਰਫੁੱਲਤ ਹੋਣਗੀਆਂ। ਬੇਸ਼ੱਕ ਸਾਡੇ ਆਪਣੇ

(ਬਾਕੀ 29 ਦੀ ਬਾਕੀ)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਜਥੇਬੰਦਕ ਧਰਮਾਂ ਦਾ ਮਾਇਆਜਾਲ਼-੧੧*

# ਜਪ-ਤਪ-ਹਠ ਕਰਮ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਪੁਜਾਰੀਆਂ ਦੇ ਨਕਲੀ ਧਰਮਾਂ ਵਿੱਚ ਪਾਠ-ਪੂਜਾ ਦਾ ਬੜਾ ਅਹਿਮ ਸਥਾਨ ਹੈ ਵਿੱਖ-ਵੱਖ ਧਰਮਾਂ ਵਿੱਚ ਪਾਠ-ਪੂਜਾ ਦੇ ਵੱਖ-ਵੱਖ ਢੰਗ ਪ੍ਰਚਲਤ ਹਨ। ਇਨ੍ਹਾਂ ਧਰਮਾਂ ਵਿੱਚ ਨੇਮ ਨਾਲ ਪੂਜਾ-ਪਾਠ ਕੀਤੇ ਬਿਨਾਂ ਕੋਈ ਵਿਅਕਤੀ ਅਸਲੀ ਧਰਮੀ ਨਹੀਂ ਅਖਵਾ ਸਕਦਾ। ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਅੱਖਾਂ ਮੀਟ ਕੇ, ਹੱਥ ਜੋੜ ਕੇ, ਲੰਮੇ ਪੈ ਕੇ, ਪੈਰੀਂ ਢਹਿ ਕੇ, ਪੂਰਨ ਸ਼ਰਧਾ ਨਾਲ ਪੂਜਾ-ਪਾਠ ਕਰਨ ਵਾਲਾ ਹੀ ਧਰਮ ਵਿੱਚ ਸਤਿਕਾਰਯੋਗ ਸਥਾਨ ਹਾਸਿਲ ਕਰ ਸਕਦਾ ਹੈ। ਇਹੀ ਵਜ੍ਹਾ ਹੈ ਕਿ ਹਰ ਕੋਈ ਧਰਮੀ ਬਣਨ ਜਾਂ ਦਿਸਣ ਲਈ ਬਾਹਰੀ ਤੌਰ ਤੇ ਬੜਾ ਪੂਜਾ ਪਾਠ ਕਰਦਾ ਦਿਖਾਈ ਦਿੰਦਾ ਹੈ, ਅੰਦਰੋਂ ਉਸਦੀ ਸੁਰਤ ਬੇਸ਼ਕ ਕਿਤੇ ਹੋਰ ਘੁੰਮਦੀ ਹੋਵੇ। ਨੇਮ ਨਾਲ ਪਾਠ ਕਰਨ ਵਾਲੇ ਜਾਂ ਨਿਮਾਜਾਂ ਜਾਂ ਅਰਦਾਸਾਂ ਕਰਨ ਵਾਲੇ ਲੋਕ ਸੁਤੇ ਸਿੱਧ ਹੀ ਆਪਣਾ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਬਹੁਤੀ ਵਾਰ ਪਤਾ ਹੀ ਨਹੀਂ ਲਗਦਾ ਕਿ ਕਦੋਂ ਉਨ੍ਹਾਂ ਆਪਣਾ ਪਾਠ ਸ਼ੁਰੂ ਕੀਤਾ ਸੀ ਤੇ ਕਦੋਂ ਖਤਮ ਹੋ ਗਿਆ।

ਪੂਜਾ ਪਾਠ ਦਾ ਅੱਖਰੀ ਅਰਥ ਦੇਖੀਏ ਤਾਂ ਇਹੀ ਸਮਝ ਪੈਂਦੀ ਹੈ ਕਿ ਪੁਜਾਰੀਆਂ ਦੇ ਆਪੂੰ ਬਣਾਏ ਰੱਬ ਜਾਂ ਰੱਬ ਦੇ ਬਣਾਏ ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ, ਰਹਿਬਰਾਂ, ਗੁਰੂਆਂ ਜਾਂ ਇਨ੍ਹਾਂ ਸਭ ਦੀਆਂ ਬਣਾਈਆਂ ਮੂਰਤੀਆਂ ਜਾਂ ਮੂਰਤਾਂ ਅੱਗੇ ਆਪਣੇ ਕਸ਼ਟ ਨਿਵਾਰਨ, ਜੀਵਨ ਦੀਆਂ ਸਭ ਖੁਸ਼ੀਆਂ ਤੇ ਸੁੱਖ-ਸਹੂਲਤਾਂ ਹਾਸਿਲ ਕਰਨ, ਅਗਲੇ ਜਨਮਾਂ ਵਿੱਚ ਸੁੱਖ ਮਾਨਣ, ਸਵਰਗਾਂ ਵਿੱਚ ਸੀਟ ਪੱਕੀ ਕਰਨ, ਨਰਕ ਤੋਂ ਬਚਣ ਆਦਿ ਦੇ ਮਨਸ਼ੇ ਨਾਲ ਪੁਜਾਰੀ ਦੀ ਦੱਸੀ ਵਿਧੀ ਅਨੁਸਾਰ ਧੂਫ-ਬੱਤੀ ਕਰਨੀ, ਡੰਡੌਤ ਕਰਨੀ, ਆਰਤੀ ਕਰਨੀ, ਪਾਠ ਕਰਨੇ, ਭਜਨ-ਬੰਦਗੀ ਕਰਨੀ, ਕਠਿਨ ਤਪ ਕਰਨੇ, ਵਰਤ/ਰੋਜ਼ੇ ਰੱਖਣੇ, ਪਰੇਅਰ/ਅਰਦਾਸ ਕਰਨੀ, ਸੁੱਖਣਾ ਸੁਖਣੀ, ਮੰਨਤ ਮੰਨਣੀ, ਮੰਤਰ ਪੜ੍ਹਨੇ, ਬਲੀ ਦੇਣੀ, ਧਰਮ ਅਸਥਾਨਾਂ ਦੀ ਯਾਤਰਾ ਕਰਨੀ, ਸਰੋਵਰਾਂ ਵਿੱਚ ਖਾਸ ਮੌਕਿਆਂ ਤੇ ਇਸ਼ਨਾਨ ਕਰਨੇ ਆਦਿ ਸਭ ਪੂਜਾ ਪਾਠ ਦਾ ਹੀ ਹਿੱਸਾ ਹੈ। ਜਿਹੜੇ ਧਰਮ ਮੂਰਤੀਆਂ ਜਾਂ ਮੂਰਤਾਂ, ਵਿਅਕਤੀਆਂ ਜਾਂ ਬੁੱਤਾਂ ਦੀ ਪੂਜਾ ਵਿੱਚ ਵਿਸ਼ਵਾਸ਼ ਨਹੀਂ ਰੱਖਦੇ, ਉਹ ਆਪਣੇ ਧਰਮ ਗੁਰੂਆਂ ਦੇ ਗਿਆਨ ਦੇ ਗ੍ਰੰਥਾਂ ਦੀ ਮੂਰਤੀ ਵਾਂਗ ਪੂਜਾ ਕਰਦੇ, ਵਿਧੀ ਨਾਲ ਪਾਠ ਕਰਾਉਂਦੇ, ਅਰਦਾਸਾਂ ਕਰਦੇ ਆਮ ਦੇਖੇ ਜਾ ਸਕਦੇ ਹਨ।

ਇਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਜਿਥੇ ਵਿਧੀ ਜਾਂ ਮਰਿਯਾਦਾ ਅਨੁਸਾਰ ਪੂਜਾ ਕਰਨ ਵਾਲਾ ਸ਼ਰਧਾਲੂ ਹੈ, ਉਥੇ ਸ਼ਰਧਾਲੂਆਂ ਤੋਂ ਹਰ ਤਰ੍ਹਾਂ ਦੇ ਕਰਮਕਾਂਡ ਜਾਂ ਪੂਜਾ ਪਾਠ ਕਰਾਉਣ ਵਾਲਾ ਪੁਜਾਰੀ ਹੈ। ਜਿਹੜਾ ਹਰ ਤਰ੍ਹਾਂ ਦੇ ਪੂਜਾ ਪਾਠ ਲਈ ਸ਼ਰਧਾਲੂ ਤੋਂ ਦਾਨ-ਦੱਸ਼ਣਾ (ਫੀਸ) ਲੈਂਦਾ ਹੈ। ਹਰ ਪੁਜਾਰੀ ਆਪਣੇ ਸ਼ਰਧਾਲੂ ਕੋਲੋਂ ਜਨਮ ਤੋਂ ਮਰਨ ਅਤੇ ਫਿਰ ਮਰਨ ਤੋਂ ਬਾਅਦ ਵੀ ਪਰਿਵਾਰ ਤੋਂ ਪੂਜਾ ਪਾਠ ਲਈ ਫੀਸ ਚਾਰਜ ਕਰਦਾ ਹੈ। ਕਿਸੇ ਵੀ ਧਾਰਮਿਕ ਫਿਰਕੇ ਦਾ ਇਤਿਹਾਸ ਪੜ੍ਹ ਕੇ ਵੇਖ ਲਉ, ਉਸ ਧਰਮ ਨੂੰ ਸ਼ੁਰੂ ਕਰਨ ਵਾਲੇ ਪੈਗੰਬਰ ਜਾਂ ਗੁਰੂ ਨੇ ਨਾ ਕਦੇ ਇਸ ਤਰ੍ਹਾਂ ਦੇ ਫੋਕਟ ਪੂਜਾ ਪਾਠਾਂ ਨੂੰ ਮਾਨਤਾ ਦਿੱਤੀ ਹੈ ਤੇ ਨਾ ਹੀ ਇਨ੍ਹਾਂ ਰੱਬ ਦੇ ਵਿਚੋਲੇ ਬਣ ਬੈਠੇ ਪੁਜਾਰੀਆਂ ਨੂੰ ਕੋਈ ਮਾਨਤਾ ਹੈ। ਪਰ ਹਰ ਧਰਮ ਨਾਲ ਇਹੀ ਮੰਦਭਾਗਾ ਭਾਣਾ ਵਰਤਿਆ ਹੈ ਕਿ ਇਨ੍ਹਾਂ ਧਰਮਾਂ ਨੂੰ ਸ਼ੁਰੂ ਕਰਨ ਵਾਲੇ ਧਰਮ ਗੁਰੂਆਂ ਦੇ ਇਸ ਸੰਸਾਰ ਤੋਂ ਜਾਣ ਬਾਅਦ ਪੁਜਾਰੀ ਨਵੇਂ ਰੂਪ ਵਿੱਚ ਨਵੇਂ ਕਰਮਕਾਂਡ ਜਾਂ ਮਰਿਯਾਦਾਵਾਂ ਤੇ ਨਵੇਂ ਧਾਰਮਿਕ ਚਿੰਨ ਜਾਂ ਪਹਿਰਾਵੇ ਲੈ ਕੇ ਪ੍ਰਗਟ ਹੋ ਜਾਂਦੇ ਹਨ ਅਤੇ ਪੈਗੰਬਰਾਂ ਦੇ ਮਨੁੱਖਤਾਵਾਦੀ ਤੇ ਸਰਬਤ ਦੇ ਭਲੇ ਦੇ ਸੰਦੇਸ਼ ਨੂੰ ਫਿਰਕਿਆਂ ਦੀ ਸੋਚ ਵਿੱਚ ਵੰਡ ਕੇ ਧਰਮ ਤੇ ਕਾਬਿਜ਼ ਹੋ ਜਾਂਦੇ ਹਨ। ਜਿਸ ਨਾਲ ਗੁਰੂਆਂ ਪੀਰਾਂ ਦਾ ਸਾਰੀ ਮਨੁੱਖਤਾ ਨੂੰ ਗਲਵੱਕੜੀ ਵਿੱਚ ਲੈਣ ਵਾਲਾ ਸਾਂਝੀਵਾਲਤਾ ਦਾ ਸੰਦੇਸ਼ ਮਨੁੱਖਤਾ ਦੇ ਗਲ਼ ਦੀ ਫਾਹੀ ਬਣ ਜਾਂਦਾ ਹੈ। ਅੱਜ ਹਰ ਧਰਮ ਵਿੱਚ ਪੁਜਾਰੀਆਂ ਦੀਆਂ ਪੂਜਾ ਪਾਠ ਦੀਆਂ ਮਰਿਯਾਦਾਵਾਂ ਹਰ ਧਰਮੀ ਮਨੁੱਖ ਲਈ ਬੇੜੀਆਂ ਬਣ ਕੇ ਉਸਦੀ ਸੋਚ ਨੂੰ ਸੰਕੀਰਣ ਬਣਾ ਰਹੀਆਂ ਹਨ। ਅੱਜ ਹਰ ਧਰਮੀ ਮਨੁੱਖ ਦੀ ਸੋਚ ਮਨੁੱਖਤਾਵਾਦੀ ਹੋਣ ਦੀ ਥਾਂ ਫਿਰਕਾਵਾਦੀ ਹੋ ਗਈ ਹੈ। ਧਰਮ ਦੇ ਨਾਮ ਤੇ ਬਣੇ ਫਿਰਕਿਆਂ ਦੇ ਸ਼ਰਧਾਲੂ ਆਪਣੇ ਨਿੱਜ ਜਾਂ ਵੱਧ ਤੋਂ ਵੱਧ ਆਪਣੇ ਫਿਰਕੇ ਬਾਰੇ ਹੀ ਸੋਚਦੇ ਹਨ, ਮਾਨਵਤਾ ਦੇ ਸਾਂਝੇ ਦੁੱਖਾਂ-ਦਰਦਾਂ, ਤੰਗੀਆਂ-ਤੁਰਸ਼ੀਆਂ, ਖੁਸ਼ੀਆਂ-ਗਮੀਆਂ ਨਾਲ ਉਨ੍ਹਾਂ ਦਾ ਕੋਈ ਵਾਹ ਵਾਸਤਾ ਨਹੀਂ ਰਿਹਾ। ਹਰ ਕੋਈ ਆਪਣੇ ਫਿਰਕੇ ਨੂੰ ਵੱਡਾ ਕਰਨ ਦੇ ਪ੍ਰਚਾਰ ਵਿੱਚ ਲੱਗਾ ਹੋਇਆ ਹੈ, ਭਾਵੇਂ ਉਸ ਲਈ ਉਨ੍ਹਾਂ ਨੂੰ ਮਨੁੱਖਤਾ ਦਾ ਖੂਨ ਵਹਾਉਣਾ ਪਵੇ ਤੇ ਚਾਹੇ ਮਨੁੱਖਤਾ ਵਿਰੋਧੀ ਹਾਕਮਾਂ ਨਾਲ ਸਾਂਝ ਪਾਉਣੀ ਪਵੇ ਜਾਂ ਸਮਾਜ ਵਿਰੋਧੀ ਤੱਤਾਂ ਨਾਲ ਹੱਥ ਮਿਲਾਉਣਾ ਪਵੇ। ਇਥੋਂ ਤੱਕ ਕਿ ਹੁਣ ਧਰਮਾਂ ਵਲੋਂ ਵੱਖ-ਵੱਖ ਲੋਕ ਤਿਉਹਾਰਾਂ ਨੂੰ ਵੀ ਧਰਮਾਂ ਦੀ ਵਲਗਣ ਵਿੱਚ ਲਿਆ ਕਿ ਫਿਰਕਿਆਂ ਵਿੱਚ ਬੰਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਇਨ੍ਹਾਂ ਤਿਉਹਾਰਾਂ ਦੀਆਂ ਸਭਿਆਚਾਰਕ ਤੇ ਲੋਕ ਪੱਖੀ ਤੰਦਾਂ ਨੂੰ ਤੋੜ ਕੇ ਪੂਰੀ ਤਰ੍ਹਾਂ ਧਾਰਮਿਕ ਰੰਗਤ ਦਿੱਤੀ ਜਾਂਦੀ ਹੈ ਤਾਂ ਕਿ ਸਾਰੇ ਲੋਕ ਸਾਂਝੇ ਤੌਰ ਤੇ ਲੋਕ ਤਿਉਹਾਰ ਮਨਾਉਣ ਦੀ ਥਾਂ ਆਪਣੇ ਆਪਣੇ ਫਿਰਕੇ ਵਿੱਚ ਫਸੇ ਰਹਿਣ। ਪਿਛਲੇ 60-70 ਸਾਲਾਂ ਵਿੱਚ ਸਿੱਖ ਪੁਜਾਰੀਆਂ ਨੇ ਅਨੇਕਾਂ ਲੋਕ ਤਿਉਹਾਰਾਂ ਨੂੰ ਧਾਰਮਿਕ ਰੰਗਤ ਦੇ ਕੇ ਉਨ੍ਹਾਂ ਦਾ ਸਿੱਖੀਕਰਨ ਕਰ ਦਿੱਤਾ ਹੈ, ਅਜਿਹਾ ਹੀ ਬਾਕੀ ਧਰਮਾਂ ਵਾਲ਼ਿਆਂ ਨੇ ਸਭ ਲੋਕ ਤਿਉਹਾਰਾਂ ਨੂੰ ਆਪਣੇ ਗੁਰੂ, ਪੈਗੰਬਰ ਜਾਂ ਇਤਿਹਾਸਿਕ ਘਟਨਾਵਾਂ ਨਾਲ਼ ਜੋੜ ਕੇ ਉਨ੍ਹਾਂ ਨੂੰ ਆਪਣੇ-ਆਪਣੇ ਫਿਰਕੇ ਦੇ ਧਰਮ ਅਸਾਥਾਨਾਂ ਤੱਕ ਸੀਮਤ ਕਰ ਲਿਆ ਹੈ ਪੁਜਾਰੀਆਂ ਤੇ ਇਨ੍ਹਾਂ ਦੇ ਸ਼ਰਧਾਲੂਆਂ ਦੀ ਇਸ ਫਿਰਕੂ ਸੋਚ ਕਾਰਨ ਹੀ 6000 ਸਾਲਾਂ ਦੇ ਧਰਮਾਂ ਦੇ ਇਤਿਹਾਸ ਵਿੱਚ 12000 ਤੋਂ ਵੱਧ ਛੋਟੇ-ਵੱਡੇ ਧਰਮ ਯੁੱਧ ਹੋ ਚੁੱਕੇ ਹਨ। ਦੁਨੀਆਂ ਦੇ ਇਤਿਹਾਸ ਵਿੱਚ ਹਾਕਮ ਜਮਾਤਾਂ ਵਲੋਂ ਜ਼ਰ, ਜ਼ੋਰੂ, ਜ਼ਮੀਨ ਲਈ ਕੀਤੇ ਯੁੱਧਾਂ ਵਿੱਚ ਇਤਨਾ ਖੂਨ ਨਹੀਂ ਵਹਾਇਆ ਗਿਆ, ਜਿਤਨਾ ਪੁਜਾਰੀਆਂ ਨੇ ਧਰਮ ਦੇ ਨਾਮ ਤੇ ਹੋਏ ਧਰਮ ਯੁੱਧਾਂ ਜਾਂ ਜ਼ਹਾਦਾਂ ਤੇ ਫਿਰਕੂ ਦੰਗਿਆਂ ਵਿੱਚ ਵਹਾਇਆ ਹੈ ਭਾਵੇਂ ਇਹ ਵੀ ਇਤਿਹਾਸ ਦਾ ਕੌੜਾ ਸੱਚ ਹੈ ਕਿ ਦੁਨੀਆਂ ਵਿੱਚ ਹੋਏ ਤਕਰੀਬਨ ਬਹੁਤੇ ਯੁੱਧ ਪੁਜਾਰੀਆਂ ਤੇ ਹਾਕਮ ਜਮਾਤਾਂ ਦੀ ਸਾਂਝੀ ਸਾਜ਼ਿਸ਼ ਦਾ ਨਤੀਜਾ ਸਨ।

ਜਿਸ ਤਰ੍ਹਾਂ ਆਮ ਤੌਰ 'ਤੇ ਪੁਜਾਰੀਆਂ ਵਲੋਂ ਇਹ ਕਿਹਾ ਜਾਂਦਾ ਹੈ ਕਿ ਸਾਰੇ ਧਰਮ ਬਰਾਬਰ ਹਨ, ਸਾਰੇ ਧਰਮ ਅਸਥਾਨ ਰੱਬ ਦੇ ਘਰ ਹਨ, ਸਾਰੇ ਧਰਮਾਂ ਦਾ ਰੱਬ ਇੱਕ ਹੈ। ਇਸ ਲਈ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਫਿਰ ਜੇ ਰੱਬ ਇੱਕ ਹੈ ਤੇ ਸਾਰੇ ਧਰਮ ਸਥਾਨ ਉਸਦਾ ਘਰ ਹਨ ਤਾਂ ਧਰਮ ਇੱਕ ਕਿਉਂ ਨਹੀਂ ? ਜਾਂ ਉਸ ਰੱਬ ਦੀ ਪੂਜਾ ਦਾ ਢੰਗ ਇੱਕ ਕਿਉਂ ਨਹੀਂ ? ਚਲੋ ਜੇ ਮੰਨ ਲਈਏ ਰੱਬ ਤਾਂ ਇੱਕ ਹੈ, ਪਰ ਵੱਖ-ਵੱਖ ਧਰਮ ਗੁਰੂਆਂ ਜਾਂ ਪੈਗੰਬਰਾਂ ਦੀ ਵਿਚਾਰਧਾਰਾ ਵੱਖਰੀ ਹੋਣ ਕਰਕੇ ਧਰਮ ਵੀ ਵੱਖ-ਵੱਖ ਹਨ ਤੇ ਪੂਜਾ ਪਾਠ ਵੀ ਵੱਖ-ਵੱਖ ਹਨ ? ਫਿਰ ਰੱਬ ਦੇ ਘਰ ਮਸਜਿਦ ਵਿੱਚ ਹਿੰਦੂ ਆਪਣੀ ਮੂਰਤੀ ਪੂਜਾ ਜਾਂ ਆਰਤੀ ਕਿਉਂ ਨਹੀਂ ਕਰ ਸਕਦਾ ? ਮੁਸਲਮਾਨ ਨੂੰ ਰੱਬ ਦੇ ਘਰ ਹਿੰਦੂ ਮੰਦਰ ਵਿੱਚ ਜਾ ਕੇ ਨਮਾਜ ਪੜ੍ਹਨ ਦਾ ਹੱਕ ਕਿਉਂ ਨਹੀਂ ? ਜੇ ਇਕੋ ਰੱਬ ਨੂੰ ਮੰਨਣ ਵਾਲਾ ਮੁਸਲਮਾਨ ਗਾਂ ਦਾ ਮਾਸ ਖਾ ਸਕਦਾ ਹੈ ਤੇ ਉਸੇ ਰੱਬ ਦਾ ਭਗਤ ਹਿੰਦੂ ਸੂਰ ਖਾ ਸਕਦਾ ਹੈ ਤਾਂ ਫਿਰ ਕਿਸੇ ਸ਼ਰਾਰਤੀ ਵਲੋਂ ਗਾਂ ਦੀ ਪੂਛ ਮੰਦਰ ਵਿੱਚ ਸੁੱਟਣ ਜਾਂ ਸੂਰ ਦੇ ਮਾਸ ਦਾ ਟੁਕੜਾ ਮਸਜਿਦ ਵਿੱਚ ਰੱਖਣ ਨਾਲ ਦੰਗੇ ਕਿਉਂ ਭੜਕ ਜਾਂਦੇ ਹਨ ? ਜੇ ਕੋਈ ਸਿੱਖ, ਰੱਬ ਦੇ ਘਰ ਮੰਦਰ ਚਲਾ ਜਾਵੇ, ਹਿੰਦੂ, ਰੱਬ ਦੇ ਘਰ ਚਰਚ ਚਲਾ ਜਾਵੇ, ਮੁਸਲਮਾਨ, ਰੱਬ ਦੇ ਘਰ ਗੁਰਦੁਆਰੇ ਚਲਾ ਜਾਵੇ ਤਾਂ ਧਰਮ ਨੂੰ ਖਤਰਾ ਕਿਉਂ ਪੈਦਾ ਹੋ ਜਾਂਦਾ ਹੈ, ਜਦੋਂ ਕਿ ਰੱਬ ਇੱਕ ਹੈ, ਸਾਰੇ ਧਰਮ ਅਸਥਾਨ ਉਸਦੇ ਘਰ ਹਨ ?

ਪੁਜਾਰੀਆਂ ਵਲੋਂ ਅਕਸਰ ਇਹ ਪ੍ਰਚਾਰ ਵੀ ਕੀਤਾ ਜਾਂਦਾ ਹੈ ਕਿ ਸਿੱਖ ਪੱਕਾ ਸਿੱਖ ਬਣੇ, ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਮਾਨ ਤੇ ਇਸਾਈ ਪੱਕਾ ਇਸਾਈ ਬਣੇ, ਇਹ ਸਭ ਕਹਿਣ ਦਾ ਮਕਸਦ ਲੋਕਾਂ ਨੂੰ ਪੱਕੇ ਧਰਮੀ ਬਣਾਉਣਾ ਨਹੀਂ, ਸਗੋਂ ਪੱਕੇ ਫਿਰਕੂ ਬਣਾਉਣਾ ਹੈ ਤਾਂ ਕਿ ਲੋਕ ਅੱਖਾਂ ਮੀਟ ਕੇ, ਸਿਰ ਸੁੱਟ ਕੇ ਸਾਰੀ ਉਮਰ ਧਰਮ ਦੇ ਨਾਮ ਤੇ ਬਣੀ, ਜਿਸ ਦੁਕਾਨ ਤੋਂ ਇੱਕ ਵਾਰ ਸੌਦਾ ਲੈਣਾ ਸ਼ੁਰੂ ਕਰ ਦੇਵੇ, ਬਸ ਉਸਦਾ ਹੀ ਸ਼ਰਧਾਲੂ ਬਣਿਆ ਰਹੇ ਤਾਂ ਕਿ ਪੁਜਾਰੀ ਮਨਮਰਜ਼ੀ ਨਾਲ ਉਸਦੀ ਲੁੱਟ ਕਰਦਾ ਰਹੇ। ਜੇ ਇਹ ਦੁਕਾਨਦਾਰੀ ਨਹੀਂ ਤਾਂ ਫਿਰ ਇਸ ਵਿੱਚ ਕੀ ਫਰਕ ਪੈਂਦਾ ਹੈ ਕਿ ਕੌਣ ਮੰਦਰ ਜਾਂਦਾ ਹੈ ਤੇ ਕੌਣ ਗੁਰਦੁਆਰੇ ਜਾਂ ਮਸਜਿਦ ਜਾਂ ਚਰਚ ? ਜਦੋਂ ਸਾਰੇ ਧਰਮ ਅਸਥਾਨ ਇਕੋ ਰੱਬ ਦੇ ਘਰ ਹਨ ਤੇ ਸਾਰੇ ਧਰਮ ਰੂਪੀ ਰਸਤਿਆਂ ਦੀ ਮੰਜ਼ਿਲ ਇੱਕ ਰੱਬ ਹੈ। ਅਸਲ ਵਿੱਚ ਅਜਿਹਾ ਨਹੀਂ ਹੈ, ਕਿਉਂਕਿ ਧਰਮ ਪੁਜਾਰੀ ਲੋਕਾਂ ਨੂੰ ਭੇਡਾਂ ਬੱਕਰੀਆਂ ਬਣਾ ਕੇ, ਉਪਰ ਆਪਣੇ ਫਿਰਕੇ ਦਾ ਲੇਬਲ ਲਾ ਕੇ ਰੱਖਣਾ ਚਾਹੁੰਦੇ ਹਨ ਤਾਂ ਕਿ ਉਹ ਜਦੋਂ ਚਾਹੁਣ, ਜਿਧਰ ਨੂੰ ਚਾਹੁਣ ਉਨ੍ਹਾਂ ਨੂੰ ਹੱਕ ਸਕਣ ਜਾਂ ਕਿਸੇ ਵੀ ਹਾਕਮ ਦੇ ਰਾਜ ਨੂੰ ਵਧਾਉਣ ਜਾਂ ਧਰਮ ਦਾ ਰਾਜ ਸਥਾਪਿਤ ਕਰਨ ਦੇ ਨਾਮ ਤੇ ਲੋਕਾਂ ਨੂੰ ਬਲ਼ੀ ਦਾ ਬੱਕਰਾ ਬਣਾ ਸਕਣ।

ਜਿਸ ਤਰ੍ਹਾਂ ਪਹਿਲਾਂ ਵੀ ਨਕਲੀ ਧਰਮਾਂ ਦੀ ਵਿਆਖਿਆ ਦੌਰਾਨ ਅਸੀਂ ਵਿਚਾਰਿਆ ਸੀ ਕਿ ਤਕਰੀਬਨ ਸਾਰੇ ਨਕਲੀ ਧਰਮ ਮਨੁੱਖ ਦੀ ਲੋਭੀ ਤੇ ਡਰ ਦੀ ਪ੍ਰਵਿਰਤੀ ਸਿਰ ਚੱਲਦੇ ਹਨ। ਪੁਜਾਰੀ, ਮਨੁੱਖ ਦੀਆਂ ਇਨ੍ਹਾਂ ਦੋਨਾਂ ਕਮਜੋਰੀਆਂ ਤੋਂ ਭਲੀ-ਭਾਂਤ ਜਾਣੂ ਹਨ, ਇਸ ਲਈ ਪੁਜਾਰੀਆਂ ਨੇ ਪੂਜਾ ਪਾਠ ਦੇ ਜੋ ਢੰਗ ਬਣਾਏ ਹੋਏ ਹਨ, ਉਹ ਮਨੁੱਖ ਦੀਆਂ ਇਨ੍ਹਾਂ ਦੋਨਾਂ ਕਮਜ਼ੋਰੀਆਂ ਦੀ ਪੂਰਤੀ ਦੇ ਸਾਧਨ ਮਾਤਰ ਹਨ। ਬੇਸ਼ਕ ਪੁਜਾਰੀ ਨੂੰ ਸਭ ਪਤਾ ਹੈ ਕਿ ਇਨ੍ਹਾਂ ਪੂਜਾ ਪਾਠਾਂ ਨਾਲ ਨਾ ਕਦੇ ਕਿਸੇ ਦਾ ਕੁਝ ਸੰਵਰਿਆ ਹੈ ਤੇ ਨਾ ਸੰਵਰੇਗਾ, ਪਰ ਫਿਰ ਵੀ ਪੁਜਾਰੀ ਮਨੁੱਖ ਨੂੰ ਇਨ੍ਹਾਂ ਦੀ ਪੂਰਤੀ ਦਾ ਲਾਲਚ ਦੇ ਕੇ ਸਦੀਆਂ ਤੋਂ ਲੁੱਟਦਾ ਆ ਰਿਹਾ ਹੈ। ਜ਼ਰਾ ਧਿਆਨ ਨਾਲ ਸੋਚੋ ਕਿ ਜੇ ਪੂਜਾ ਪਾਠ ਨਾਲ ਲੋਭ ਜਾਂ ਡਰ ਦੀ ਪੂਰਤੀ ਹੁੰਦੀ ਤਾਂ ਫਿਰ ਉਹੀ ਪੁਜਾਰੀ ਪੂਜਾ, ਪਾਠ, ਅਰਦਾਸ ਆਦਿ ਕਰਨ ਲਈ ਤੁਹਾਡੇ ਅੱਗੇ ਹੱਥ ਕਿਉਂ ਅੱਡਦਾ ਹੈ ? ਉਹ ਖੁਦ ਪੂਜਾ ਪਾਠ ਕਰਕੇ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਕਿਉਂ ਨਹੀਂ ਕਰ ਲੈਂਦਾ ? ਜਾਂ ਉਹ ਆਪਣਾ ਡਰ ਦੂਰ ਕਰ ਲੈਂਦਾ, ਉਹ ਖੁਦ ਤਾਂ ਡਰਦਾ ਮਾਰਾ ਧਰਮ ਦੇ ਆਗੂਆਂ, ਪ੍ਰਬੰਧਕਾਂ, ਸ਼ਰਧਾਲੂਆਂ ਦੇ ਪੈਰੀਂ ਪਿਆ ਹੁੰਦਾ ਹੈ। ਨਕਲੀ ਧਰਮਾਂ ਦੇ ਪੁਜਾਰੀ ਤਾਂ ਨਕਲੀ ਹੈਨ ਹੀ, ਸ਼ਰਧਾਲੂ ਵੀ ਨਕਲੀ ਬਣ ਗਿਆ ਹੈ। ਪੂਜਾ ਪਾਠ ਦੀਆਂ ਸਚਾਈਆਂ ਉਨ੍ਹਾਂ ਦੇ ਸਾਹਮਣੇ ਹੁੰਦੀਆ ਹਨ, ਪਰ ਫਿਰ ਵੀ ਡਰ ਜਾਂ ਲਾਲਚ ਅਧੀਨ ਸੋਚਦਾ ਹੈ ਕਿ ਸ਼ਾਇਦ ਕੁਝ ਸਚਾਈ ਹੋਵੇ ? ਇਹੀ ਵਜ੍ਹਾ ਹੈ ਕਿ ਅੱਜ ਹਰ ਧਰਮ ਦਾ ਸ਼ਰਧਾਲੂ ਧਰਮ ਅਸਥਾਨ ਆਪਣੇ ਲੋਭ ਦੀ ਪੂਰਤੀ ਲਈ ਜਾਂਦਾ ਹੈ, ਪੁਜਾਰੀ ਉਸਨੂੰ ਸਾਰੀਆਂ ਪੂਜਾ ਵਿਧੀਆਂ, ਉਸਦੀਆਂ ਨਿੱਜੀ ਖਾਹਸ਼ਾਂ ਜਾਂ ਇਛਾਵਾਂ ਦੀ ਪੂਰਤੀ ਲਈ ਹੀ ਦੱਸਦਾ ਹੈ। ਕੋਈ ਵਿਅਕਤੀ ਕਿਸੇ ਧਰਮ ਮੰਦਰ ਵਿੱਚ ਮਨੁੱਖਤਾ ਦੀ ਸੇਵਾ, ਰੱਬ ਦੀ ਸੇਵਾ ਕਰਨ ਜਾਂ ਸਿੱਖਣ ਨਹੀਂ ਜਾਂਦਾ, ਸਗੋਂ ਉਸਦੀ ਦੂਜਿਆਂ ਦੀ ਸੇਵਾ ਵਿੱਚ ਵੀ ਉਸਦਾ ਆਪਣਾ ਨਿੱਜ ਸਵਾਰਥ ਛੁਪਿਆ ਹੁੰਦਾ ਹੈ। ਉਨ੍ਹਾਂ ਦੀ ਸੇਵਾ ਵੀ ਆਪਣੇ ਲੋਭ ਦੀ ਪੂਰਤੀ ਲਈ ਹੀ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਪੁਜਾਰੀ ਮਨੁੱਖ ਵਿਚ ਬਚਪਨ ਤੋਂ ਹੀ ਪਹਿਲਾਂ ਰੱਬ ਦਾ ਡਰ ਪਾਉਂਦਾ ਹੈ ਤੇ ਫਿਰ ਇਹ ਸਥਾਪਿਤ ਕਰਦਾ ਹੈ ਕਿ ਸਭ ਕੁਝ ਦੇਣ ਵਾਲਾ ਰੱਬ ਹੀ ਹੈ ਹੁਣ ਜਿਹੜਾ ਵਿਅਕਤੀ ਰੱਬ ਨੂੰ ਆਪਣੇ ਹੱਕ ਵਿੱਚ ਭੁਗਤਾ ਕੇ ਆਪਣੀਆਂ ਮਨੋ ਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦਾ ਹੈ, ਉਸਨੂੰ ਪੁਜਾਰੀ ਦੁਆਰਾ ਦੱਸੀ ਵਿਧੀ ਅਨੁਸਾਰ ਪੂਜਾ ਪਾਠ ਕਰਨਾ ਪਵੇਗਾ। ਇਹੀ ਕਾਰਨ ਹੈ ਕਿ ਮਨੁੱਖ ਧਰਮ ਅਸਥਾਨਾਂ ਵਿੱਚ ਧਰਮ ਕਮਾਉਣ ਜਾਂ ਸਿੱਖਣ ਨਹੀਂ ਜਾਂਦਾ, ਸਗੋਂ ਇਸ ਡਰ ਵਿੱਚ ਜਾਂਦਾ ਹੈ ਕਿ ਜੋ ਉਸ ਕੋਲ ਹੈ, ਉਹ ਖੁਸ ਨਾ ਜਾਵੇ ਅਤੇ ਜੋ ਨਹੀਂ ਹੈ, ਉਹ ਪੂਜਾ ਪਾਠ ਕਰਕੇ ਮਿਲ ਜਾਵੇ।

ਮਨੁੱਖ ਦੀ ਇਸ ਡਰ ਤੇ ਲੋਭ ਦੀ ਪ੍ਰਵਿਰਤੀ ਨੇ ਉਸ ਕੋਲੋਂ ਪੁਜਾਰੀਆਂ ਮਗਰ ਲੱਗ ਕੇ ਕੀ ਕੁਝ ਨਹੀਂ ਕਰਵਾਇਆ। ਪੁਜਾਰੀ ਨੇ ਮਨੁੱਖ ਤੋਂ ਆਪਣੇ ਹੱਥੀਂ ਬਣਾਏ ਪੱਥਰ ਦੇ ਬੁੱਤਾਂ ਅੱਗੇ ਲੰਮੇ ਪਾਇਆ, ਮਨੁੱਖਾਂ, ਦਰਖਤਾਂ, ਜਾਨਵਰਾਂ ਜਾਂ ਕੁਦਰਤੀ ਸ਼ਕਤੀਆਂ ਅੱਗ, ਹਵਾ, ਪਾਣੀ, ਬਿਜਲੀ ਆਦਿ ਦੀ ਪੂਜਾ ਕਰਵਾਈ। ਇਹੀ ਕਾਰਨ ਹੈ ਕਿ ਕੰਪਿਊਟਰ ਯੁਗ ਦਾ ਪੜ੍ਹਿਆ ਲਿਖਿਆ ਤੇ ਮੌਡਰਨ ਸੋਚ ਦਾ ਧਾਰਨੀ ਮਨੁੱਖ ਵੀ ਧਾਰਮਿਕ ਖੇਤਰ ਵਿੱਚ ਹਜਾਰਾਂ ਸਾਲ ਪਹਿਲੇ ਮਨੁੱਖ ਨਾਲੋਂ ਬੌਧਿਕ ਪੱਧਰ ਤੇ ਵਿਕਸਤ ਨਹੀਂ ਹੋਇਆ। ਉਹ ਅੱਜ ਵੀ ਅੱਗ, ਪਾਣੀ, ਹਵਾ, ਪੱਥਰ, ਦਰਖਤ, ਜਾਨਵਰ, ਮਨੁੱਖ, ਫੋਟੋ ਆਦਿ ਦੀ ਪੂਜਾ ਕਰਦਾ ਹੈ, ਉਸਨੂੰ ਧੂਪ ਬੱਤੀ ਕਰਦਾ ਹੈ, ਉਸਦੇ ਅੱਗੇ ਮਨੋ ਕਾਮਨਾਵਾਂ ਪੂਰੀਆਂ ਹੋਣ ਲਈ ਅਰਦਾਸਾਂ ਕਰਦਾ ਹੈ। ਆਪਣੀ ਕਿਸਮਤ ਨੂੰ ਆਪ ਘੜਨ ਦੇ ਸਮਰੱਥ ਹੋਣ ਦੀ ਥਾਂ ਕਿਸੇ ਪਾਂਧੇ, ਪੰਡਤ, ਜੋਤਸ਼ੀ, ਸਾਧ, ਬਾਬੇ, ਪੁੱਛਾਂ ਦੇਣ ਵਾਲੇ ਅੱਗੇ ਹੱਥ ਅੱਡੀ ਬੈਠਾ ਹੁੰਦਾ ਹੈ। ਪੁਜਾਰੀ ਨੇ ਉਸਨੂੰ ਮਾਨਸਿਕ ਤੌਰ ਤੇ ਇਤਨਾ ਕਮਜ਼ੋਰ ਕਰ ਦਿੱਤਾ ਹੈ ਕਿ ਜੇ ਕਿਸੇ ਧਰਮ ਗੁਰੂ ਨੇ ਪੱਥਰਾਂ, ਦਰਖਤਾਂ, ਜਾਨਵਰਾਂ, ਮਨੁੱਖਾਂ ਦੀ ਪੂਜਾ 'ਚੋਂ ਕੱਢ ਕੇ ਗਿਆਨਵਾਨ ਬਣਾਉਣ ਲਈ ਧਰਮ ਗ੍ਰੰਥ ਦਿੱਤੇ ਤਾਂ ਕਿ ਮਨੁੱਖ ਉਨ੍ਹਾਂ ਨੂੰ ਪੜ੍ਹ ਕੇ, ਵਿਚਾਰ ਕੇ, ਗਿਆਨਵਾਨ ਹੋ ਕੇ ਪੁਜਾਰੀ ਦੇ ਭਰਮਜਾਲ ਵਿਚੋਂ ਨਿਕਲ ਸਕੇ, ਪਰ ਮਨੁੱਖ ਦੀ ਤਰਾਸਦੀ ਦੇਖੋ, ਸ਼ੈਤਾਨ ਪੁਜਾਰੀ ਮਗਰ ਲੱਗ ਕੇ ਉਸਨੇ ਗ੍ਰੰਥਾਂ ਨੂੰ ਵੀ ਮੂਰਤੀਆਂ ਵਾਂਗ ਪੂਜਣਾ ਲੱਗਾ, ਉਸਦੀ ਧੂਫ-ਬੱਤੀ ਕਰਨ ਲੱਗਾ, ਉਸ ਅੱਗੇ ਹੱਥ ਜੋੜ ਅਰਦਾਸਾਂ ਕਰਨ ਲੱਗਾ। ਗ੍ਰੰਥਾਂ ਦੇ ਗਿਆਨ ਨੂੰ ਆਪਣੀਆਂ ਨਿੱਜੀ ਮੰਗਾਂ ਦੀ ਪੂਰਤੀ ਜਾਂ ਵਿਰੋਧੀਆਂ ਦਾ ਨੁਕਸਾਨ ਕਰਨ ਦੇ ਭਰਮ ਅਧੀਨ ਫੋਕਟ ਮੰਤਰ ਪਾਠਾਂ, ਅਰਦਾਸਾਂ, ਨਿਤਨੇਮਾਂ, ਨਮਾਜਾਂ, ਪ੍ਰੇਅਰਾਂ ਲਈ ਵਰਤਣ ਲੱਗਾ। ਉਸਨੇ ਧਰਮ ਗ੍ਰੰਥਾਂ ਦੇ ਗਿਆਨ ਦੇ ਸ਼ਰਧਾ ਪੂਰਨ, ਦੁੱਖ ਭੰਜਨੀ, ਮਨੋ-ਕਾਮਨਾ ਪੂਰਨ ਗੁਟਕੇ ਬਣਾ ਲਏ ਹਨ, ਉਨ੍ਹਾਂ ਦੇ ਪਾਠਾਂ ਨਾਲ ਆਪਣੇ ਫਾਇਦੇ ਤੇ ਵਿਰੋਧੀਆਂ ਦੇ ਨੁਕਸਾਨ ਦੇ ਭਰਮ ਪਾਲ਼ੇ ਹੋਏ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਪੁਜਾਰੀ ਦੇ ਪੂਜਾ ਪਾਠ ਦੇ ਭਰਮ ਜਾਲ ਵਿਚੋਂ ਨਿਕਲੇ ਕਿਵੇਂ ? ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਤੋਂ ਇਹ ਸ੍ਰਿਸਟੀ ਬਣੀ ਹੈ, ਸਾਰਾ ਮੈਟਰ ਇੱਕ ਵਾਰ ਹੀ ਬਣ ਗਿਆ ਸੀ। ਇਹ ਮੈਟਰ (ਮਾਦਾ ਜਾਂ ਸਮਾਨ) ਨਾ ਵਧਦਾ ਹੈ ਤੇ ਨਾ ਘਟਦਾ ਹੈ। ਇਹ ਕਰੋੜਾਂ ਸਾਲਾਂ ਤੋਂ ਸਿਰਫ ਰੀਸਾਈਕਲ ਹੀ ਹੋ ਰਿਹਾ ਹੈ। ਜੋ ਵੀ ਇਸ ਧਰਤੀ ਤੇ ਪੈਦਾ ਹੁੰਦਾ ਹੈ, ਉਹ ਆਪਣੀ ਉਮਰ ਜਾਂ ਸਮਰਥਾ ਅਨੁਸਾਰ ਇਸਨੂੰ ਖਾਂਦਾ, ਖਰਚਦਾ, ਵਰਤਦਾ ਹੈ ਤੇ ਫਿਰ ਇੱਕ ਦਿਨ ਮਰਨ ਬਾਅਦ ਆਪ ਵੀ ਇਥੇ ਹੀ ਰੀਸਾਈਕਲ ਹੋ ਜਾਂਦਾ ਹੈ। ਸਾਡੇ ਇਸ ਪਲੈਨਿਟ (ਗ੍ਰਹਿ) ਤੇ ਨਾ ਕੁਝ ਬਾਹਰੋਂ ਆ ਰਿਹਾ ਹੈ ਤੇ ਨਾ ਹੀ ਕਿਤੇ ਬਾਹਰ ਜਾ ਰਿਹਾ ਹੈ। ਕੁਦਰਤ ਵਿੱਚ ਇਹ ਵਰਤਾਰਾ ਲੱਖਾਂ-ਕ੍ਰੋੜਾਂ ਸਾਲਾਂ

ਤੋਂ ਚੱਲ ਰਿਹਾ ਹੈ, ਪਰ ਨਾਲ ਹੀ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਇਹ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਵਾਪਰ ਰਿਹਾ ਹੈ, ਮਨੁੱਖ ਇਨ੍ਹਾਂ ਨਿਯਮਾਂ ਨੂੰ ਸਮਝ ਕੇ ਲਾਭ ਵੀ ਲੈ ਸਕਦਾ ਹੈ ਤੇ ਨੁਕਸਾਨ ਵੀ ਕਰ ਜਾਂ ਕਰਵਾ ਸਕਦਾ ਹੈ। ਪਰ ਨਾਲ ਹੀ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਕੁਦਰਤ ਦੇ ਇਨ੍ਹਾਂ ਅਟੱਲ ਨਿਯਮਾਂ ਉਤੇ ਕਿਸੇ ਦੇ ਪੂਜਾ ਪਾਠ, ਮੰਤਰ ਪਾਠ, ਟੂਣੇ ਟਾਮਣੇ, ਮੰਤਰ-ਜੰਤਰ, ਭਗਤੀ, ਬੰਦਗੀ, ਸਿਮਰਨ ਆਦਿ ਦਾ ਕੋਈ ਅਸਰ ਨਹੀਂ ਹੁੰਦਾ, ਇਹ ਨਿਯਮ ਨਾ ਕਦੇ ਪੂਜਾ-ਪਾਠ ਨਾਲ ਬਦਲੇ ਹਨ ਤੇ ਨਾ ਹੀ ਬਦਲਣਗੇ

ਇਸ ਲਈ ਸਾਨੂੰ ਲੋੜ ਇਹ ਗੱਲ ਸਮਝਣ ਦੀ ਹੈ ਕਿ ਅਸੀਂ ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝੀਏ, ਉਨ੍ਹਾਂ ਅਨੁਸਾਰ ਚੱਲਣ ਦਾ ਯਤਨ ਕਰੀਏ, ਉਨ੍ਹਾਂ ਨਿਯਮਾਂ ਵਿੱਚ ਰਹਿ ਕੇ ਆਪਣੀ ਸਰੀਰਕ ਤੇ ਮਾਨਸਿਕ ਤਰੱਕੀ ਲਈ ਯਤਨ ਕਰੀਏ।ਅਸਲੀ ਧਰਮ ਮਨੁੱਖ ਨੂੰ ਲੋਭੀ ਤੇ ਡਰਾਕਲ ਨਹੀਂ ਬਣਾਉਂਦਾ ਸਗੋਂ ਅਸਲੀ ਧਰਮ ਤਾਂ ਮਨੁੱਖ ਨੂੰ ਕੁਦਰਤ ਦੇ ਨਿਯਮਾਂ ਵਿੱਚ (ਰੱਬ ਦੇ ਹੁਕਮ ਵਿੱਚ) ਰਹਿੰਦੇ ਹੋਏ ਸਬਰ ਸੰਤੋਖ ਦੇ ਜੀਵਨ ਦੀ ਜਾਚ ਸਿਖਾਉਂਦਾ ਹੈ। ਮਨੁੱਖ ਨੂੰ ਰੱਬ ਤੋਂ ਡਰਨ ਦੀ ਨਹੀਂ, ਸਗੋਂ ਉਸਦੇ ਨਿਯਮਾਂ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਜਾਚ ਸਿੱਖਣ ਦੀ ਲੋੜ ਹੈ। ਜਿਨ੍ਹਾਂ ਨੇ ਇਨ੍ਹਾਂ ਨਿਯਮਾਂ ਨੂੰ ਸਮਝਿਆ ਹੈ, ਉਨ੍ਹਾਂ ਨੇ ਆਪਣੇ ਲਈ ਤੇ ਸਾਰੀ ਮਨੁੱਖਤਾ ਲਈ ਅਨੇਕਾਂ ਸੁੱਖ ਸਹੂਲਤਾਂ ਪੈਦਾ ਕੀਤੀਆਂ ਹਨ, ਪਰ ਧਰਮ ਦੀ ਪੂਜਾ ਪਾਠ ਨਾ ਕਿਸੇ ਸ਼ਰਧਾਲੂ ਦਾ ਕੁਝ ਸੰਵਾਰ ਸਕੀ ਹੈ ਤੇ ਨਾ ਹੀ ਮਨੁੱਖਤਾ ਦਾ ਕੋਈ ਭਲਾ ਕਰ ਸਕੀ ਹੈ। ਹੁਣ ਤੱਕ ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝ ਕੇ ਮੈਟਰ ਦੀ ਖੋਜ ਕਰਨ ਵਾਲੇ ਸਾਇੰਸਦਾਨਾਂ ਨੇ ਤਾਂ ਮਨੁੱਖਤਾ ਲਈ ਹਜਾਰਾਂ ਸਹੂਲਤਾਂ ਪੈਦਾ ਕੀਤੀਆਂ ਹਨ, ਪਰ ਇਨ੍ਹਾਂ ਨਕਲੀ ਧਰਮਾਂ ਦੇ ਪੁਜਾਰੀਆਂ ਜਾਂ ਸ਼ਰਧਾਲੂਆਂ ਦੇ ਪੂਜਾ ਪਾਠਾਂ ਦੀ ਮਨੁੱਖਤਾ ਨੂੰ ਕੀ ਦੇਣ ਹੈ ? ਹੁਣ ਇਨ੍ਹਾਂ ਨੂੰ ਪੁਛਣ ਦਾ ਵਕਤ ਆ ਗਿਆ ਹੈ ? ਸਾਨੂੰ ਜਾਗਰੂਕ ਹੋਣ ਦੀ ਲੋੜ ਹੈ, ਤਾਂ ਹੀ ਅਸੀਂ ਇਨ੍ਹਾਂ ਪੁਜਾਰੀਆਂ ਜਾਂ ਇਨ੍ਹਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਨੂੰ ਕਹਿਣ ਦੀ ਹਿੰਮਤ ਕਰ ਸਕਾਂਗੇ ਕਿ ਦੱਸੋ ਤੁਹਾਡੇ ਪੂਜਾ ਪਾਠਾਂ ਨੇ ਮਨੁੱਖ ਦਾ, ਸਮਾਜ ਦਾ, ਮਾਨਵਤਾ ਦਾ ਕੀ ਭਲਾ ਕੀਤਾ ਹੈ ?

ਜੇ ਤੁਸੀਂ 6000 ਸਾਲਾਂ ਵਿੱਚ ਕੁਝ ਨਹੀਂ ਕਰ ਸਕੇ ਤਾਂ ਬੰਦ ਕਰੋ ਆਪਣੀਆਂ ਇਹ ਲੁੱਟ ਦੀਆਂ ਫਿਰਕੂ ਦੁਕਾਨਾਂ, ਸਾਨੂੰ ਅਸਲੀ ਧਰਮ ਤੇ ਅਸਲੀ ਰੱਬ ਦੀ ਸੋਝੀ ਹੋ ਚੁੱਕੀ ਹੈ। ਸਾਨੂੰ ਰੱਬ ਦੇ ਹੁਕਮ ਦੀ ਸੋਝੀ ਹੋ ਚੁੱਕੀ ਹੈ, ਅਸੀਂ ਹੁਣ ਤੁਹਾਡੇ ਪਾਖੰਡੀ ਜਾਲ਼ ਵਿੱਚ ਨਹੀਂ ਫਸਣਾ।ਅਖੀਰ ਵਿੱਚ ਇੱਕ ਨੁਕਤਾ ਇਹ ਵੀ ਸਮਝ ਲੈਣਾ ਜਰੂਰੀ ਹੈ ਕਿ ਧਰਮ ਵਸਤੂਆਂ (ਮੈਟਰ) ਦਾ ਵਿਸ਼ਾ ਨਹੀਂ, ਸਗੋਂ ਮਨ (ਆਤਮਾ, ਦਿਮਾਗ) ਦਾ ਵਿਸ਼ਾ ਹੈ, ਵਸਤੂਆਂ (ਮਾਦਾ, ਮੈਟਰ) ਸਾਇੰਸ ਦਾ ਵਿਸ਼ਾ ਹੈ। ਜੇ ਅਸੀਂ ਵਸਤੂਆਂ ਪ੍ਰਾਪਤ ਕਰਨੀਆਂ ਹਨ ਤਾਂ ਇਹ ਧਰਮ ਅਸਥਾਨਾਂ ਦੀ ਪੂਜਾ ਪਾਠ ਤੋਂ ਨਹੀਂ ਮਿਹਨਤ ਤੇ ਕੁਦਰਤ ਦੇ ਨਿਯਮਾਂ ਅਨੁਸਾਰ ਮਿਲਣਗੀਆਂ। ਪਰ ਜੇ ਸਾਡੀ ਭਾਲ਼ ਮਨ ਦੀ ਸ਼ਾਂਤੀ, ਖੁਸ਼ੀ, ਖੇੜਾ, ਅਨੰਦ, ਮਨ ਦੀਆਂ ਕਮਜ਼ੋਰੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੋਂ ਬਚਣ, ਸਰਬੱਤ ਦਾ ਭਲਾ ਆਦਿ ਹੈ ਤਾਂ ਫਿਰ ਸਾਨੂੰ ਆਪਣੇ ਅੰਦਰ ਝਾਕਣ ਦੀ ਲੋੜ ਹੈ, ਆਪਾ ਚੀਨਣ ਦੀ ਲੋੜ ਹੈ, ਆਪਣੇ ਅੰਦਰ ਵਸਦੀ ਚੇਤੰਨਤਾ ਪਛਾਨਣ ਦੀ ਲੋੜ ਹੈ, ਇਸ ਧਰਤੀ ’ਤੇ ਮਨੁੱਖੀ ਜੀਵਨ ਦੇ ਲਕਸ਼ ਨੂੰ ਜਾਨਣ ਦੀ ਲੋੜ ਹੈ, ਕੁਦਰਤ ਦੇ ਜੀਵਨ ਰੂਪੀ ਇਸ ਖੇਡ ਤਮਾਸ਼ੇ ਨੂੰ ਸਮਝਣ ਦੀ ਲੋੜ ਹੈ। ਅਸਲ ਵਿੱਚ ਧਰਮ ਅੰਦਰੋਂ ਜਾਗਣ ਦਾ ਨਾਮ ਹੈ, ਹਿਰਦੇ ਦੇ ਖਿੜ ਜਾਣ ਦਾ ਨਾਮ ਹੈ, ਸ੍ਰਿਸਟੀ ਦੇ ਕਣ-ਕਣ ਵਿੱਚ ਕੁਦਰਤ ਦੀ ਹੋਂਦ ਮਹਿਸੂਸ ਕਰਨ ਦਾ ਨਾਮ ਹੈ, ਸਾਰੀ ਮਨੁੱਖਤਾ ਨੂੰ ਭਾਈ-ਭਾਈ ਸਮਝਣ ਦਾ ਨਾਮ ਹੈ, ਨਾ ਕਿ ਪੁਜਾਰੀਆਂ ਦੀ ਦੱਸੀ ਮਰਿਯਾਦਾ ਅਨੁਸਾਰ ਨਿੱਜੀ ਲਾਭਾਂ ਤੇ ਵਿਰੋਧੀਆਂ ਦੇ ਨੁਕਸਾਨ ਲਈ ਪੂਜਾ ਪਾਠ ਕਰਨਾ।

# ਕੈਨੇਡੀਅਨ ਮਜ਼ਦੂਰਾਂ ਦੇ ਸੰਘਰਸ਼ ਦੇ ਆਰ-ਪਾਰ




ਕੈਨੇਡਾ ਵਿੱਚ ਯੂਨੀਅਨਾਂ ਲਈ ਇਹ ਇੱਕ ਵੱਡਾ ਸਾਲ ਰਿਹਾ ਹੈ। ਮਹਾਂਮਾਰੀ ਨੇ ਜਮਾਤੀ ਚੇਤਨਾ ਵਿੱਚ ਵਾਧਾ ਕੀਤਾ ਕਿਉਂਕਿ ਮਜ਼ਦੂਰਾਂ ਨੂੰ ਉਨ੍ਹਾਂ ਕੱਚੇ ਸੌਦੇ ਦਾ ਅਹਿਸਾਸ ਹੋਇਆ ਜੋ ਉਹ ਪ੍ਰਾਪਤ ਕਰ ਰਹੇ ਸਨ। ਇਸ ਨੇ ਇੱਕ ਕਿਫਾਇਤੀ ਸੰਕਟ ਵੀ ਲਿਆਇਆ ਜਿਸਦਾ ਲੇਬਰ ਨੇ ਵਧਦੀ ਲਾਗਤਾਂ ਨੂੰ ਬਰਕਰਾਰ ਰੱਖਣ ਲਈ ਉਜਰਤ ਵਿੱਚ ਵਾਧੇ ’ਤੇ ਜ਼ੋਰ ਦੇਣ ਲਈ ਲਾਭ ਉਠਾਇਆ - ਕਮਾਈ ਵਿੱਚ ਮਹਿੰਗਾਈ-ਸੰਚਾਲਿਤ ਵਾਧੇ ਨੂੰ ਨਿਰਾਸ਼ ਕਰਨ ਦੇ ਕੁਲੀਨ ਯਤਨਾਂ ਦੇ ਬਾਵਜੂਦ। ਨਕਲੀ ਬੁੱਧੀ ਅਤੇ ਆਟੋਮੇਸ਼ਨ ਦੀ ਤੈਨਾਤੀ - ਅਤੇ ਤਕਨਾਲੋਜੀਆਂ ਦੇ ਭਵਿੱਖ ਦੀ ਵਰਤੋਂ ਬਾਰੇ ਚਿੰਤਾਵਾਂ - ਨੇ ਕੰਮ ਦੀਆਂ ਚਿੰਤਾਵਾਂ ਨੂੰ ਵਧਾ ਦਿੱਤਾ ਹੈ

ਕੈਨੇਡੀਅਨ ਪ੍ਰੈਸ ਲਈ ਰੋਜ਼ਾ ਸਬਾ ਦੇ ਵੇਰਵੇ ਅਨੁਸਾਰ, ਸਤੰਬਰ ਦੇ ਅੰਤ ਤੱਕ ਦੇਸ਼ ਭਰ ਵਿੱਚ ਲਗਭਗ 150 ਕੰਮ ਰੁਕੇ ਹੋਏ ਸਨ। ਹਾਲਾਂਕਿ ਇਸ ਸੰਖਿਆ ਦਾ ਮਤਲਬ ਹੈ ਕਿ ਸਟਾਪੇਜ ਅਸਲ ਵਿੱਚ ਪਿਛਲੇ ਸਾਲਾਂ ਦੇ ਮੁਕਾਬਲੇ ਘੱਟ ਸਨ, ਹੜਤਾਲਾਂ ਦੇ ਨਤੀਜੇ ਵਧੇਰੇ ਮਹੱਤਵਪੂਰਨ ਰਹੇ ਹਨ, ਨਤੀਜੇ ਵਜੋਂ ਵਧੇਰੇ ਵਿਆਪਕ ਅਤੇ ਵਧੀਆ ਸੌਦੇ ਹੋਏ ਹਨ ਅਤੇ ਉਜਰਤ ਨਿਪਟਾਰੇ ਦੀ ਔਸਤ ਦਰ ਵਿੱਚ ਵਾਧਾ ਹੋਇਆ ਹੈ।

ਉਸਦੇ ਸਾਲ, ਕੈਨੇਡਾ ਵਿੱਚ ਹੜਤਾਲਾਂ ਅਤੇ ਹੜਤਾਲਾਂ ਦੀਆਂ ਧਮਕੀਆਂ ਨੇ ਵੱਖ-ਵੱਖ ਖੇਤਰਾਂ ਵਿੱਚ ਫੈਲਿਆ ਹੈ: ਸਮੁੰਦਰੀ ਕਿਨਾਰਿਆਂ, ਕਰਿਆਨੇ ਦੇ ਕਾਮੇ, ਆਟੋ ਵਰਕਰ, ਏਅਰਲਾਈਨ ਵਰਕਰ, ਅਤੇ ਸਿੱਖਿਆ ਕਰਮਚਾਰੀ, ਹੋਰਾਂ ਵਿੱਚ, ਪਿਛਲੇ ਬਾਰਾਂ ਮਹੀਨਿਆਂ ਵਿੱਚ ਬਿਹਤਰ ਸੌਦਿਆਂ ਲਈ ਲੜੇ - ਅਤੇ ਉਹ ਸਫਲ ਹੋਏ। ਕੁਝ ਸੌਦੇ ਅਸਲ ਵਿੱਚ ਬਾਹਰ ਖੜ੍ਹੇ ਸਨ. ਜਿਵੇਂ ਕਿ ਅਰਥ ਸ਼ਾਸਤਰੀ ਜਿਮ ਸਟੈਨਫੋਰਡ ਨੇ ਨਵੰਬਰ ਵਿੱਚ ਜੈਕੋਬਿਨ ਲਈ ਲਿਖਿਆ ਸੀ, ਕੈਨੇਡਾ ਅਤੇ ਸੰਯੁਕਤ ਰਾਜ ਦੋਵਾਂ ਵਿੱਚ ਆਟੋ ਵਰਕਰਾਂ ਨੇ ਇੱਕੋ ਸਮੇਂ ਵਿੱਚ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ।

ਨਹੀਂ 2023 ਵਿੱਚ ਹਰ ਦਿਨ ਮਜ਼ਦੂਰ ਜਸ਼ਨ ਦਾ ਕਾਰਨ ਸੀ, ਬੇਸ਼ਕ. ਲੇਬਰ ਮੰਤਰੀ ਸੀਮਸ ਓ’ਰੀਗਨ ਨੇ ਬ੍ਰਿਟਿਸ਼ ਕੋਲੰਬੀਆ ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ ਦੇ ਖਿਲਾਫ ਅੰਤਰਰਾਸ਼ਟਰੀ ਲੋਂਗਸ਼ੋਰ ਅਤੇ ਵੇਅਰਹਾਊਸ ਯੂਨੀਅਨ (ILWU) ਦੀ ਲੜਾਈ ਨੂੰ ‘ਗੈਰ-ਕਾਨੂੰਨੀ’ ਕਿਹਾ ਹੈ। ਅਤੇ ILWU ਦੀ ਗੱਲਬਾਤ ਵਿੱਚ ਪਰਦੇ ਦੇ ਪਿੱਛੇ ਦੇ ਸੌਦੇ ਸ਼ਾਮਲ ਸਨ ਜਿਨ੍ਹਾਂ ਨੇ ਕਦੇ ਵੀ ਦਿਨ ਦੀ ਰੌਸ਼ਨੀ ਨਹੀਂ ਵੇਖੀ, ਅੰਸ਼ਕ ਤੌਰ ’ਤੇ ਕੈਨੇਡੀਅਨ ਪ੍ਰਕਾਸ਼ਨਾਂ ਵਿੱਚ ਮਜ਼ਦੂਰ ਮੁੱਦਿਆਂ ਦੀ ਘਟਦੀ ਕਵਰੇਜ ਦੇ ਕਾਰਨ। ਇਸ ਤੋਂ ਇਲਾਵਾ, ਜਿਵੇਂ ਕਿ ਐਡਮ ਕਿੰਗ ਦ ਮੈਪਲ ਲਈ ਦਲੀਲ ਦਿੰਦੇ ਹਨ, ਕੈਨੇਡਾ ਦੇ ਆਟੋ ਵਰਕਰਾਂ ਦਾ ਸੰਘਰਸ਼ ਉਨ੍ਹਾਂ ਦੇ ਯੂਐਸ ਹਮਰੁਤਬਾ ਦੇ ਮੁਕਾਬਲੇ ਘੱਟ ਗਿਆ, UAW ਨੇ ਕੈਨੇਡਾ ਵਿੱਚ ਯੂਨੀਫੋਰ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਰਣਨੀਤੀ ਅਪਣਾਈ।

ਫਿਰ ਵੀ, ਮੁੱਖ ਰੂਪ ਵਿੱਚ, 2023 ਕੈਨੇਡੀਅਨ ਮਜ਼ਦੂਰਾਂ ਲਈ ਇੱਕ ਚੰਗਾ ਸਾਲ ਸੀ। ਇਹ ਸੰਭਾਵਨਾ ਹੈ ਕਿ ਯੂਨੀਅਨ ਪੂਰੇ ਸਾਲ ਦੌਰਾਨ, ਇੱਥੋਂ ਤੱਕ ਕਿ ਸਰਹੱਦ ਦੇ ਪਾਰ ਵੀ, ਉਤਸ਼ਾਹਤ ਅਤੇ ਏਕੀਕ੍ਰਿਤ ਕਿਰਤ ਕਾਰਵਾਈ ਜਿੱਤਦੀ ਹੈ। ਅਮਰੀਕੀ ਕਾਮਿਆਂ ਕੋਲ, ਆਪਣੇ ਕੈਨੇਡੀਅਨ ਹਮਰੁਤਬਾ ਵਾਂਗ, ਲਾਭਾਂ ਵਿੱਚ ਇੱਕ ਬੈਨਰ ਸਾਲ ਸੀ। ਇਹ ਲਗਾਤਾਰ ਜਿੱਤਾਂ ਨਾ ਸਿਰਫ਼ ਮਜ਼ਦੂਰ ਖਾੜਕੂਵਾਦ ਨੂੰ ਉਤਸ਼ਾਹਿਤ ਕਰਨ ਵਾਲੇ ਭੌਤਿਕ ਦਬਾਅ ਦੁਆਰਾ ਚਲਾਈਆਂ ਗਈਆਂ ਸਨ, ਸਗੋਂ ਇੱਕ ਯੂਨੀਅਨ ਦੀ ਸਫਲਤਾ ਦੇ ਪ੍ਰਭਾਵ ਦੁਆਰਾ ਵੀ ਦੂਜਿਆਂ ਨੂੰ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਲਈ ਪ੍ਰੇਰਿਤ ਕਰਦੀਆਂ ਸਨ। ਜਿਵੇਂ ਕਿ ਪੁਰਾਣੀ ਕਹਾਵਤ ਹੈ, ਸਫਲਤਾ ਵਾਂਗ ਕੁਝ ਵੀ ਸਫਲ ਨਹੀਂ ਹੁੰਦਾ।

ਕੰਮ ਦੇ ਇਕਰਾਰਨਾਮੇ ਤੋਂ ਇਲਾਵਾ, ਲੇਬਰ ਨੇ ਲਿਬਰਲ ਸਰਕਾਰ ਤੋਂ ਨੋ ਸਕੈਬਜ਼ ਕਾਨੂੰਨ ਵੀ ਪ੍ਰਾਪਤ ਕੀਤਾ। ਬਿੱਲ C-58, ਓ’ਰੀਗਨ ਦੁਆਰਾ ਪੇਸ਼ ਕੀਤਾ ਗਿਆ, ਸੰਘੀ ਤੌਰ ’ਤੇ ਨਿਯੰਤ੍ਰਿਤ ਖੇਤਰਾਂ ਵਿੱਚ ਬਦਲਣ ਵਾਲੇ ਕਰਮਚਾਰੀਆਂ ਦੀ ਵਰਤੋਂ ’ਤੇ ਪਾਬੰਦੀ ਲਗਾਉਂਦਾ ਹੈ ਅਤੇ ਕਾਨੂੰਨ ਨੂੰ ਤੋੜਨ ਵਾਲੀਆਂ ਕੰਪਨੀਆਂ ਲਈ 31$10,000 ਪ੍ਰਤੀ ਦਿਨ ਜੁਰਮਾਨੇ ਨਿਰਧਾਰਤ ਕਰਦਾ ਹੈ। ਇਹ ਯੂਨੀਅਨਾਂ ਅਤੇ ਰੁਜ਼ਗਾਰਦਾਤਾਵਾਂ ਨੂੰ ਹੜਤਾਲ ਦੀ ਪ੍ਰਕਿਰਿਆ ਦੇ ਸ਼ੁਰੂ ਵਿੱਚ ਸੌਦੇਬਾਜ਼ੀ ਕਰਨ ਲਈ ਪ੍ਰੇਰਿਤ ਕਰਨ ਲਈ ਪ੍ਰਕਿਰਿਆਵਾਂ ਵੀ ਸਥਾਪਤ ਕਰਦਾ ਹੈ।

ਜਿਵੇਂ ਕਿ ਸਸਕੈਚਵਨ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਚਾਰਲਸ ਸਮਿਥ ਨੇ ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ, ਯੂਨੀਅਨਾਂ ਪੰਜ ਦਹਾਕਿਆਂ ਤੋਂ ਅਜਿਹੇ ਕਾਨੂੰਨ ਦੀ ਵਕਾਲਤ ਕੀਤੀ ਜਾ ਰਹੀ ਹੈ। ਕਾਨੂੰਨ ਨਾ ਸਿਰਫ਼ ਯੂਨੀਅਨਾਂ ਨੂੰ ਵਧੇਰੇ ਸ਼ਕਤੀ ਪ੍ਰਦਾਨ ਕਰੇਗਾ, ਪਰ, ਜਿਵੇਂ ਕਿ ਸਮਿਥ ਨੋਟ ਕਰਦਾ ਹੈ, ਹੜਤਾਲਾਂ ਨੂੰ ਟਾਲ ਸਕਦਾ ਹੈ ਅਤੇ ਸੌਦੇਬਾਜ਼ੀ ਦੀ ਮੇਜ਼ ’ਤੇ ਸੌਦਿਆਂ ਨੂੰ ਹੱਲਾਸ਼ੇਰੀ ਦੇ ਸਕਦਾ ਹੈ।

ਹੁਣ ਤੱਕ, ਓ’ਰੀਗਨ, ਕੁਝ ਤਰੀਕਿਆਂ ਨਾਲ, ਇੱਕ ਮਜ਼ਦੂਰ-ਅਨੁਕੂਲ ਮੰਤਰੀ ਰਿਹਾ ਹੈ। ਸਰਕਾਰ ਦਾ ਕੋਈ ਵੀ ਮੰਤਰੀ ਮਜ਼ਦੂਰਾਂ ਦਾ ਪੱਕਾ ਮਿੱਤਰ ਨਹੀਂ ਹੈ, ਪਰ ਸੀ-58 ਮਜ਼ਦੂਰਾਂ ਲਈ ਵੱਡੀ ਜਿੱਤ ਹੈ। ਲੇਬਰ ਜਿੱਤਾਂ ਦੇ ਬਾਵਜੂਦ ਜੋ ਚੰਗੀ ਤਰ੍ਹਾਂ ਮਾਨਤਾ ਦੇਣ ਅਤੇ ਮਨਾਉਣ ਦੇ ਯੋਗ ਹਨ, ਹਾਲਾਂਕਿ, ਕੈਨੇਡਾ ਵਿੱਚ ਕਾਮਿਆਂ ਲਈ ਅਜੇ ਵੀ ਮੁੱਖ ਢਾਂਚਾਗਤ ਚਿੰਤਾਵਾਂ ਹਨ। ਵਧ ਰਹੀ ਅਸਮਾਨਤਾ ਇੱਕ ਹੈ। ਆਮਦਨ ਦਾ ਪਾੜਾ ਘੱਟ ਹੋਣ ਦੇ ਬਾਵਜੂਦ ਹਾਲ ਹੀ ਵਿੱਚ ਦੌਲਤ ਦਾ ਪਾੜਾ ਵਧਿਆ ਹੈ। ਕਿਫਾਇਤੀ ਰਿਹਾਇਸ਼ ਵੀ ਲੱਖਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਇਹ ਕਿਰਤ ਦਾ ਮੁੱਦਾ ਹੈ।

ਜਦੋਂ ਤੱਕ ਵਰਕਰ ਕੁਝ ਵੀ ਬਰਦਾਸ਼ਤ ਕਰਨ ਲਈ ਸੰਘਰਸ਼ ਕਰਦੇ ਹਨ, ਖਾਸ ਤੌਰ ’ਤੇ ਰਿਹਾਇਸ਼, ਉਹ ਸੌਦੇਬਾਜ਼ੀ ਦੀ ਮੇਜ਼ ’ਤੇ ਲਾਭ ਗੁਆ ਲੈਂਦੇ ਹਨ ਅਤੇ ਨੌਕਰੀਆਂ ਅਤੇ ਸ਼ਰਤਾਂ ਲਈ ਮਜਬੂਰ ਹੁੰਦੇ ਹਨ ਜੋ ਉਹ ਸਵੀਕਾਰ ਨਹੀਂ ਕਰਨਗੇ ਜੇ ਉਹ ਇੰਨੇ ਕਮਜ਼ੋਰ ਨਾ ਹੁੰਦੇ। ਵਿਆਜ ਦਰਾਂ ਉੱਚੀਆਂ ਰਹਿੰਦੀਆਂ ਹਨ, ਅਤੇ ਮੰਦੀ ਦੂਰੀ ’ਤੇ ਹੋ ਸਕਦੀ ਹੈ। ਸੰਘ ਘਣਤਾ ਇੱਕ ਹੋਰ ਚਿੰਤਾ ਹੈ. ਸਟੈਟਿਸਟਿਕਸ ਕੈਨੇਡਾ ਦੀਆਂ ਰਿਪੋਰਟਾਂ ਅਨੁਸਾਰ, 1981 ਅਤੇ 2022 ਦਰਮਿਆਨ ਯੂਨੀਅਨ ਦਰਾਂ ਵਿੱਚ 9 ਪ੍ਰਤੀਸ਼ਤ ਦੀ ਗਿਰਾਵਟ ਆਈ, ਜਿਸ ਵਿੱਚ ਇੱਕ ਤਿਹਾਈ ਗਿਰਾਵਟ 1997 ਅਤੇ 2022 ਦੇ ਵਿਚਕਾਰ ਆਈ। ਏਜੰਸੀ ਨੋਟ ਕਰਦੀ ਹੈ, ਸਮੁੱਚੀ ਗਿਰਾਵਟ ਲਿੰਗ ਅਨੁਸਾਰ ਹੈ। ਪਿਛਲੇ ਚਾਰ ਦਹਾਕਿਆਂ ਵਿੱਚ, ਇਹ ਦੱਸਦਾ ਹੈ, ÷ਪੁਰਸ਼ਾਂ ਵਿੱਚ ਸੰਘੀਕਰਨ ਦੀਆਂ ਦਰਾਂ ਵਿੱਚ 16 ਪ੍ਰਤੀਸ਼ਤ ਅੰਕ ਦੀ ਗਿਰਾਵਟ ਆਈ ਪਰ ਔਰਤਾਂ ਵਿੱਚ ਸਥਿਰ ਰਹੀ। ਨਤੀਜੇ ਵਜੋਂ, 2022 ਵਿੱਚ 26 ਪ੍ਰਤੀਸ਼ਤ ਪੁਰਸ਼ਾਂ ਦੀ ਤੁਲਨਾ ਵਿੱਚ 31 ਪ੍ਰਤੀਸ਼ਤ ਔਰਤਾਂ ਨੂੰ ਯੂਨੀਅਨ ਕੀਤਾ ਗਿਆ ਸੀ।




ਯੂਨੀਅਨ ਘਣਤਾ ਵਿੱਚ ਸੈਕਟਰ ਵੰਡ ਵੀ ਮਹੱਤਵਪੂਰਨ ਹੈ। ਵਪਾਰਕ ਖੇਤਰ ਵਿੱਚ ਮਰਦ ਅਤੇ ਔਰਤਾਂ ਦੀ ਵੱਡੀ ਬਹੁਗਿਣਤੀ ਸੰਘੀ ਨਹੀਂ ਹੈ। ਸਿਰਫ਼ 15 ਪ੍ਰਤੀਸ਼ਤ ਕਾਮੇ ਵਪਾਰਕ ਖੇਤਰ ਵਿੱਚ ਯੂਨੀਅਨ ਹਨ, ਜਦੋਂ ਕਿ ਗੈਰ-ਵਪਾਰਕ ਖੇਤਰ ਵਿੱਚ 62 ਪ੍ਰਤੀਸ਼ਤ ਦੇ ਮੁਕਾਬਲੇ, ਜਿਸ ਵਿੱਚ ਜਨਤਕ ਪ੍ਰਸ਼ਾਸਨ ਦੇ ਨਾਲ-ਨਾਲ ਸਿੱਖਿਆ, ਸਮਾਜਿਕ ਸਹਾਇਤਾ ਅਤੇ ਸਿਹਤ ਸੰਭਾਲ ਸੇਵਾਵਾਂ ਸ਼ਾਮਲ ਹਨ। ਯੂਨੀਅਨ ਘਣਤਾ ਵਿੱਚ ਗਿਰਾਵਟ ਕਿਰਤ ਸ਼ਕਤੀ ਨੂੰ ਕਮਜ਼ੋਰ ਕਰਦੀ ਹੈ ਅਤੇ ਗੈਰ-ਯੂਨੀਅਨ ਨੌਕਰੀਆਂ ਵਿੱਚ ਕਾਮਿਆਂ ਨੂੰ ਮਾਲਕਾਂ ਅਤੇ ਮਾਲਕਾਂ ਦੇ ਨਿਰਾਸ਼ਾ ਦਾ ਖ਼ਤਰਾ ਬਣਾਉਂਦੀ ਹੈ।

ਜਦੋਂ ਕਿ ਬੰਦਰਗਾਹ ਕਾਮਿਆਂ ਅਤੇ ਆਟੋ ਵਰਕਰਾਂ ਨੇ ਆਟੋਮੇਸ਼ਨ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਉਭਾਰ ਤੋਂ ਨੌਕਰੀਆਂ ਨੂੰ ਬਚਾਉਣ ਲਈ ਸੰਘਰਸ਼ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ, ਲੰਬੇ ਸਮੇਂ ਵਿੱਚ ਇਹ ਤਕਨਾਲੋਜੀਆਂ ਵਿੱਚ ਸ਼ਕਤੀ ਨੂੰ ਮਜ਼ਦੂਰਾਂ ਤੋਂ ਹੋਰ ਵੀ ਦੂਰ ਮਾਲਕਾਂ ਵੱਲ ਤਬਦੀਲ ਕਰਨ ਦੀ ਸਮਰੱਥਾ ਹੈ। ਇਹ ਕੋਈ ਨਵਾਂ ਵਰਤਾਰਾ ਨਹੀਂ ਹੈ; ਇਹ ਉਦਯੋਗਿਕ ਕ੍ਰਾਂਤੀ ਦੇ ਸਮੇਂ ਦੀ ਹੈ, ਜਿਵੇਂ ਕਿ ਉਤਪਾਦਨ ਦੇ ਸਾਧਨਾਂ ਤੱਕ ਲੀਵਰੇਜ ਅਤੇ ਪਹੁੰਚ ਕਿਸ ਕੋਲ ਹੈ, ਇਸ ਬਾਰੇ ਚੱਲ ਰਹੀ ਸ਼ਕਤੀ ਸੰਘਰਸ਼ ਹੈ।

ਇਹਨਾਂ ਤਕਨਾਲੋਜੀਆਂ ਵਿੱਚ ਤੇਜ਼ੀ ਨਾਲ ਤਰੱਕੀ ਬਹੁਤ ਸਾਰੇ ਕਰਮਚਾਰੀਆਂ ਨੂੰ ਬਦਲਣ ਲਈ ਕਮਜ਼ੋਰ ਛੱਡਦੀ ਹੈ, ਜੋ ਕਿ ਹਮੇਸ਼ਾ ਚਿੰਤਾਜਨਕ ਹੈ ਪਰ ਖਾਸ ਤੌਰ ’ਤੇ ਵਿਨਾਸ਼ਕਾਰੀ ਹੈ ਕਿਉਂਕਿ ਦੇਸ਼ ਹਾਊਸਿੰਗ ਸਮਰੱਥਾ, ਖਪਤਕਾਰਾਂ ਦੇ ਕਰਜ਼ੇ ਅਤੇ ਦੌਲਤ ਦੀ ਵੰਡ ਵਿੱਚ ਢਾਂਚਾਗਤ ਚੁਣੌਤੀਆਂ ਨਾਲ ਜੂਝ ਰਿਹਾ ਹੈ। ਦਹਾਕਿਆਂ ਦੀ ਕਲਿਆਣਕਾਰੀ ਰਾਜ ਦੀ ਛਾਂਟੀ, ਕੈਨੇਡਾ ਚਾਈਲਡ ਬੈਨੀਫਿਟ ਅਤੇ ਮਾਮੂਲੀ ਰਾਸ਼ਟਰੀ ਦੰਦਾਂ ਦੀ ਦੇਖਭਾਲ ਯੋਜਨਾ ਵਰਗੇ ਪ੍ਰੋਗਰਾਮਾਂ ਦੇ ਨਾਲ ਲਿਬਰਲ ਸਰਕਾਰ ਦੁਆਰਾ ਹਾਲ ਹੀ ਦੇ ਸਾਲਾਂ ਵਿੱਚ ਅੰਸ਼ਕ ਤੌਰ ’ਤੇ ਉਲਟਾ, ਉੱਚੀ ਲੜਾਈਆਂ ਨੂੰ ਹੋਰ ਵਧਾ ਦਿੰਦੀ ਹੈ।

ਸਾਨੂੰ 2023 ਦੀਆਂ ਵੱਡੀਆਂ ਮਜ਼ਦੂਰ ਜਿੱਤਾਂ ਦਾ ਜਸ਼ਨ ਮਨਾਉਣ ਲਈ ਕੁਝ ਸਮਾਂ ਕੱਢਣਾ ਚਾਹੀਦਾ ਹੈ - ਉਹ ਸੱਚਮੁੱਚ ਕਮਾਲ ਦੇ ਹਨ ਅਤੇ ਸਮਰਪਿਤ, ਬੁੱਧੀਮਾਨ ਯਤਨਾਂ ਦਾ ਨਤੀਜਾ ਹਨ। ਇਹ ਸਫਲਤਾਵਾਂ ਚੱਲ ਰਹੀਆਂ ਯੂਨੀਅਨ ਦੀਆਂ ਕਾਰਵਾਈਆਂ ਅਤੇ ਸੰਗਠਿਤ ਕਰਨ ਲਈ ਪ੍ਰੇਰਨਾ ਦਾ ਕੰਮ ਕਰ ਸਕਦੀਆਂ ਹਨ। ਪਰ ਅਸੀਂ ਉਨ੍ਹਾਂ ਢਾਂਚਾਗਤ ਚੁਣੌਤੀਆਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਜੋ ਮਜ਼ਦੂਰ ਲਹਿਰ ਅਤੇ ਮਜ਼ਦੂਰ ਜਮਾਤ ਨੂੰ ਖਤਰੇ ਵਿੱਚ ਪਾਉਂਦੇ ਹਨ। 2024 ਅਤੇ ਇਸ ਤੋਂ ਬਾਅਦ, ਸੰਘ ਘਣਤਾ ਲਈ ਲੜਾਈ ਆਮਦਨ ਅਤੇ ਦੌਲਤ ਦੀ ਸਮਾਨਤਾ ਲਈ ਵਿਆਪਕ ਸੰਘਰਸ਼ ਨੂੰ ਰੂਪ ਦੇਵੇਗੀ। ਸਾਡੇ ਮਾਣ ’ਤੇ ਆਰਾਮ ਕਰਨ ਦਾ ਕੋਈ ਸਮਾਂ ਨਹੀਂ ਹੈ।

**ਧੰਨਵਾਦ ਸਹਿਤ ਸੋਸ਼ਲਿਸਟ ਪ੍ਰੋਜੈਕਟ**

### ਅਹਿਮਦ ਸਲੀਮ ਨੂੰ ਇਕ ਸ਼ਰਧਾਂਜਲੀ

# ਸੂਹੀ ਤੇ ਸਾਵੀ ਧਰਤ ਦਾ ਸ਼ਬਦਕਾਰ



ਸੁਖਦੇਵ ਸਿੰਘ ਸਿਰਸਾ*

ਉਹਦੇ ਜਨਮ ਵੇਲੇ ਮਾਂ ਬਿਮਾਰ ਸੀ ਤੇ ਜਾਤਕ ਡਾਢਾ ਲਿੱਸਾ। ਬਚਣ ਦੀ ਉਮੀਦ ਨਹੀਂ ਸੀ। ਸਿਆਣਿਆਂ ਸਲਾਹ ਦਿੱਤੀ ਕਿ ਆਉਣ ਵਾਲੇ ਇਸ ਮਾੜਚੂ ਜਿਹੇ ਜੀਅ ਨੂੰ ਛਾਤੀ ਦੀਆਂ ਧਾਰਾਂ ਖਾਤਰ ਤਕੜੇ ਜੁੱਸੇ ਵਾਲੀ ਕਿਸੇ ਮਾਂ ਦੇ ਹਵਾਲੇ ਕਰ ਦਿੱਤਾ ਜਾਵੇ। ਨੇਕ ਬਖ਼ਤ ਦਾਦੇ ਮੀਆਂ ਫ਼ਜ਼ਲ ਕਰੀਮ ਨੇ ਉਸ ਨੂੰ ਪਰਿਵਾਰਕ ਸਾਂਝ ਵਾਲੀ ਸਿੱਖ ਬੀਬੀ ਦੇ ਹਵਾਲੇ ਕਰ ਦਿੱਤਾ। ਵੱਡਾ ਹੋ ਕੇ ਅਹਿਮਦ ਸਲੀਮ ਨੇ ਚੁੰਘਾਵੀ ਮਾਂ ਦੇ ਦੁੱਧ ਦੀ ਲਾਜ ਰੱਖੀ ਤੇ ਉਹ ਸਾਰੇ ਭਾਈਚਾਰਿਆਂ ਦੀ ਸਾਂਝ ਦਾ ਮੁਦੱਈ ਹੋ ਨਿਬੜਿਆ। ਇਸ ਲੱਜਪਾਲ ਨੇ ਤਾ-ਉਮਰ ਔਰਤ ਦੀ ਅਜ਼ਮਤ ਅਤੇ ਪੰਜਾਬੀਆਂ ਦੀ ਸਾਂਝ ਦੀ ਰੀਤ ਦਾ ਹੋਕਾ ਦਿੱਤਾ। ਮੁਲਕ ਦੀ ਵੰਡ ਨੂੰ ਉਹਨੇ ਕਦੇ ਤਸਲੀਮ ਨਾ ਕੀਤਾ। ਉਹਦੇ ਸੀਨੇ ਤੇ ਸ਼ਾਇਰੀ 'ਚ ਵੰਡ ਦਾ ਜ਼ਖ਼ਮ ਰਿਸਦਾ ਰਿਹਾ। ਕਹਿਣ ਤੂੰ ਤਾਂ ਉਸ ਨੇ ਆਪਣੇ ਆਪ ਨੂੰ 'ਸ਼ਾਇਰ ਦੇਸ ਪੰਜਾਬ ਦਾ' ਕਿਹਾ, ਪਰ ਮਨੁੱਖਤਾ ਖਾਤਰ ਉਸ ਦੇ ਫ਼ਿਕਰਾਂ ਦਾ ਘੇਰਾ ਬਹੁਤ ਵਸੀਹ ਸੀ। ਸਮਾਜਿਕ ਨਿਆਂ, ਅਮਨ, ਇਨਸਾਫ਼, ਮੁਹੱਬਤ ਅਤੇ ਮਾਨਵੀ ਹੱਕਾਂ ਲਈ ਉਹ ਉਮਰ-ਭਰ ਹਿੱਕ ਡਾਹ ਕੇ ਲੜਿਆ। ਆਪਣੇ ਮਾਨਵੀ ਹਕੂਕ ਤੇ ਪਛਾਣ ਲਈ ਜੂਝਦੇ ਸਿੰਧੀਆਂ, ਬਲੋਚਾਂ ਤੇ ਬੰਗਲਾਦੇਸ਼ੀਆਂ ਦੇ ਸੰਘਰਸ਼ਾਂ ਦੀ ਉਹ ਜੋਖ਼ਮ ਉਠਾ ਕੇ ਵੀ ਹਮਾਇਤ ਕਰਦਾ ਰਿਹਾ। ਪਾਕਿਸਤਾਨ ਦੇ ਤਾਨਾਸ਼ਾਹਾਂ ਦੇ ਦਾਬੇ ਤੇ ਜ਼ੁਲਮ ਵਿਰੁੱਧ ਲੜਦੇ ਬੰਗਾਲੀਆਂ ਦੇ ਹੱਕ ਵਿੱਚ ਉਸ ਨੇ 'ਸਦਾ ਜੀਵੇ ਬੰਗਲਾ ਦੇਸ਼' ਅਤੇ 'ਸੋਨਾਰ ਬੰਗਲਾ' ਵਰਗੀਆਂ ਨਜ਼ਮਾਂ ਲਿਖੀਆਂ। ਹਕੂਮਤ ਨੇ ਉਸ ਨੂੰ ਛੇ ਮਹੀਨੇ ਦੀ ਕੈਦ, ਦੋ ਹਜ਼ਾਰ ਰੁਪਏ ਜੁਰਮਾਨਾ ਤੇ ਪੰਜ ਕੋੜਿਆਂ ਦੀ ਸਜ਼ਾ ਸੁਣਾਈ। ਉਸ ਦੀ ਸ਼ਾਇਰੀ ਤਾਨਾਸ਼ਾਹਾਂ ਤੇ ਮੁਲਾਣਿਆਂ ਦੀ ਅੱਖ ਦੀ ਰੜਕ ਬਣੀ; ਹਕੂਮਤੀ ਤਾਨਾਸ਼ਾਹਾਂ ਦੀਆਂ ਘੁਰਕੀਆਂ ਤੇ ਮੁਲਾਣਿਆਂ ਦੇ ਫ਼ਤਵੇ ਉਸ ਦੇ ਈਮਾਨ ਨੂੰ ਨਾ ਡੁਲਾ ਸਕੇ। ਬਕੌਲ ਅਹਿਮਦ ਸਲੀਮ ਉਸ ਨੇ 'ਆਪਣੀ ਰੂਹ ਨੂੰ ਨਾ ਸਿੱਕਿਆਂ ਦੀ ਜੰਗ (ਜਰ) ਲੱਗਣ ਦਿੱਤੀ, ਨਾ ਤੁਅੱਸਬ ਦੀ ਪਾਣ ਚੜ੍ਹਨ ਦਿੱਤੀ ਅਤੇ ਨਾ ਰਾਠਾਂ-ਰਜਵਾੜਿਆਂ ਦੀ ਧੌਂਸ ਅੱਗੇ ਸਿਰ ਝੁਕਾਇਆ।' ਆਪਣੇ ਵੇਲੇ ਦੇ ਸੁਖ-ਰਹਿਣੇ ਬੁੱਧੀਜੀਵੀਆਂ ਤੇ ਸ਼ਾਇਰਾਂ ਨਾਲ ਉਹਨੂੰ ਗਿਲਾ ਸੀ - "ਮੁਆਫ਼ ਕਰੀਂ ਦੋਸਤ/ ਕਿ ਤੇਰਾ ਦਿਲ ਤੇਰੀਆਂ ਅੱਖਾਂ 'ਚੋਂ ਨਹੀਂ ਬੋਲਦਾ।" ਉਹ ਪੱਕਾ ਧਿਰ ਪਾਲ ਸੀ, ਸਜਗ ਤੇ ਬੇਬਾਕ। ਇਸੇ ਲਈ ਤਾਂ ਉਸ ਨੇ ਲਿਖਿਆ:

**ਅਸੀਂ ਆਪਣੀ ਜ਼ਮੀਨ ਦੇ ਮਤਰੇਏ ਧੀਆਂ ਪੁੱਤਰ**<br>
**ਅਸੀਂ ਕਦ ਰਾਠਾਂ, ਕਰਾੜਾਂ, ਸਈਅਦਾਂ, ਬਾਹਮਣਾਂ ਤੇ ਮੁਲਵਾਣਿਆਂ ਦੀਆਂ**<br>
**ਅੱਖਾਂ 'ਚ ਅੱਖੀਂ ਪਾ ਕੇ ਟੁਰੇ**<br>
**ਸੁਣੋ ਉਹ ਖੋਜਿਆਂ ਖੱਤਰੀਆਂ ਦੇ ਘਰ ਜੰਮਣ ਆਲਾ ਸ਼ਾਇਰ ਆਹਮਦ**<br>
**ਅੱਜ ਆਂਹਦਾ**<br>
**ਬੌਂਹਕਰ ਤੇ ਬੰਦੂਕ ਵਿਚਲੀ ਵਿੱਥ ਜਦ ਅਸਾਂ ਪੂਰ ਲਈ**<br>
**ਵੱਤ ਤੁਸੀਂ ਨਾ ਰਹਿਸੋ।**

'ਸਾਰੇ ਜੱਗ ਦੀ ਖ਼ੈਰ' ਮੰਗਣ ਵਾਲਾ ਅਹਿਮਦ ਸਲੀਮ ਰਜਵਾੜਾਸ਼ਾਹੀ ਦੀ ਰਹਿੰਦ-ਖੂੰਹਦ, ਨਵਾਬੀ ਧੌਂਸ ਅਤੇ ਨਵ-ਪੂੰਜੀਵਾਦ ਦੀ ਖ਼ਸਲਤ ਨੂੰ ਸਮਝਣ ਵਾਲਾ ਲੇਖਕ, ਚਿੰਤਕ ਅਤੇ ਸਿਆਸੀ ਕਾਰਕੁਨ ਸੀ। ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਮਨੁੱਖੀ ਅਧਿਕਾਰਾਂ ਲਈ ਲੜੇ ਜਾਂਦੇ ਘੋਲਾਂ ਨਾਲ ਉਸ ਦੀ ਜੁੜਤ ਰਹੀ। ਉਹ ਆਪਣੇ ਆਪ ਨੂੰ ਗੁਰੂ ਨਾਨਕ, ਹੋ ਚੀ ਮਿੰਨ, ਬਾਚਾ ਖਾਂ, ਜੂਲੀਅਸ ਫ਼ਿਊਚਿਕ, ਅਮੀਰ ਹੈਦਰ ਖਾਂ, ਹਬੀਬ ਜਾਲਿਬ, ਫਾਤਮਾ ਬਰਨਾਵੀ, ਨਗੋਈਅਨ ਵਾਨ ਤਰਵੇ, ਕਾਰਲ ਮਾਰਕਸ, ਲੈਨਿਨ, ਸਰਾਜ-ਉਲ-ਦੌਲਾ, ਪਾਬਲੋ ਨੇਰੂਦਾ ਅਤੇ ਸ਼ੇਖ ਮੁਜੀਬ-ਉਲ-ਰਹਿਮਾਨ ਦਾ ਸੰਗੀ-ਸਾਥੀ ਸਮਝਦਾ ਸੀ। ਲੋਕ-ਪੱਖੀ ਤੇ ਆਵਾਮੀ ਤਹਿਰੀਕਾਂ ਨਾਲ ਖੜ੍ਹਨ ਦੀ ਪ੍ਰੇਰਣਾ ਉਸ ਨੇ ਫ਼ੈਜ਼ ਅਹਿਮਦ ਫ਼ੈਜ਼, ਇਮਾਮ ਨਾਜ਼ਿਸ ਅਮਰੋਹਵੀ, ਜਾਮ ਸਾਕੀ, ਸ਼ੋਬੋ ਗਿਆਨ ਚੰਦਾਨੀ, ਬਾਚਾ ਖਾਂ (ਖ਼ਾਨ ਅਬਦੁੱਲ ਗ਼ਫ਼ਾਰ ਖਾਂ), ਹਬੀਬ ਜਾਲਿਬ, ਗ਼ਨੀ ਖ਼ਾਨ (ਬਾਚਾ ਖ਼ਾਂ ਦਾ ਪੁੱਤਰ) ਅਤੇ ਅਜਮਲ ਖ਼ਾਨ ਖਟਕ ਆਦਿ ਤੋਂ ਲਈ। ਆਪਣੀ ਨਜ਼ਮ 'ਚ ਉਹ ਬੰਗਲਾਦੇਸ਼ ਦੇ ਮੁਜਾਹਿਦਾਂ ਨੂੰ ਕਹਿੰਦਾ ਏ - 'ਮੇਰੇ ਨੈਣਾਂ ਵਿੱਚ ਵੀ ਤੁਹਾਡੀ ਅੰਬੜੀ ਦਾ ਦਰਦ ਘੁਲੇ/ ਤੇ ਸਾਡੇ ਦੋਹਾਂ ਦੇ ਹੋਠਾਂ ਉੱਤੇ/ ਇੱਕੋ ਗੀਤ ਦੀ ਪਿਆਸ ਬਲੇ।" "ਜੀਵੇ ਸਿੰਧ ਸਦਾਈਂ ਸ਼ਾਲਾ/ ਨਿੱਤ ਦੇਂਦੇ ਅਸੀਂ ਦੁਆਈਂ" ਕਹਿ ਕੇ ਉਹ ਸਿੰਧੀਆਂ ਦੇ ਸੰਘਰਸ਼ ਦੀ ਹਮਾਇਤ ਕਰਦਾ ਏ। ਮਿਰਜ਼ਾ ਗ਼ਾਲਿਬ ਦੇ ਹਵਾਲੇ ਨਾਲ ਉਹ ਦਿੱਲੀ ਦੀ ਖ਼ੈਰ ਮੰਗਦਾ ਏ- "ਸ਼ਾਲਾ ਮੇਰੇ ਪਿੰਡ ਦੇ ਹੋਠਾਂ ਉੱਤੇ/ ਪਿਆਰਾਂ ਦੇ ਫੁੱਲ ਖਿੜਦੇ ਰਹਿਣ ਹਮੇਸ਼ੀਂ/ ਦਿੱਲੀਏ! ਸ਼ਾਲਾ ਹੁਣ ਤੂੰ ਕਦੇ ਨਾ ਉਜੜੀਂ।" ਉਸ ਅੰਦਰਲਾ ਸਜਗ ਤੇ ਅਡੋਲ ਨਾਬਰ "'ਵਾ ਦਾ ਪਾਗਲ ਬੁੱਲਾ ਸੀ ਜੋ ਥਾਂ ਥਾਂ ਉੱਜੜੀਆਂ ਸਾਂਝਾਂ ਦੀ ਅੱਗ ਬਾਲੀ ਫਿਰਦਾ" ਸੀ।

ਅਹਿਮਦ ਸਲੀਮ ਇਹ ਸਮਝਦਾ ਸੀ ਕਿ ਜਦੋਂ 'ਲਫ਼ਜ਼ਾਂ ਦੇ ਪਿੰਡੇ ਲੂਸੇ ਜਾਣ' ਫਿਰ ਨਜ਼ਮਾਂ ਨਹੀਂ ਲਿਖੀਆਂ ਜਾਂਦੀਆਂ। ਫਿਰ ਕਵੀ ਦਰਦ ਵਿੱਚੋਂ, ਮੌਤ ਵਿੱਚੋਂ ਜ਼ਿੰਦਗੀ ਲੱਭਦਾ ਤੇ ਪੀੜ ਲਿਖਦਾ ਹੈ। ਉਹਦੇ ਹੋਠਾਂ ਉੱਤੇ ਪਿਆਰ ਦੇ ਤਰਾਨੇ ਨਹੀਂ, 'ਭੁੱਖ ਨਾਲ ਮੋਏ ਬਾਲ ਦੀ ਅੱਖ ਉੱਗ ਆਉਂਦੀ ਏ।' ਕਵੀ ਫਿਰ ਮੰਟੋ ਵਾਂਗ 'ਜਿਸਮਾਂ ਦੀ ਭੁਰਦੀ ਕੰਧ ਵਿੱਚੋਂ ਸਿੰਮਦੇ ਲਹੂ ਦੀ' ਦਾਸਤਾਨ ਲਿਖਦਾ ਹੈ। ਉਸ ਨੇ ਦੇਸ਼ ਦੀ ਵੰਡ ਸਮੇਂ ਹੋਈ ਅਣਚਾਹੀ ਹਿਜਰਤ, ਵਹਿਸ਼ਤ ਦੇ ਨੰਗੇ ਨਾਚ ਅਤੇ ਔਰਤ ਦੀ ਲੀਰੋ-ਲੀਰ ਹੋਈ ਅਜ਼ਮਤ ਨੂੰ ਆਪਣੀਆਂ ਲਿਖਤਾਂ ਵਿੱਚ ਵਾਰ-ਵਾਰ ਬਿਆਨ ਕੀਤਾ। ਫ਼ੌਜੀ ਤਾਨਾਸ਼ਾਹਾਂ ਦੇ ਜਬਰ ਤੇ ਮੁਲਾਣਿਆਂ ਦੇ ਫ਼ਤਵਿਆਂ ਦੀ ਹਿੰਸਾ ਦੇ ਦੌਰ ਵਿੱਚ ਉਸ ਨੂੰ ਹਬੀਬ ਜਾਲਿਬ ਵਾਂਗ ਚੁੱਪ ਰਹਿਣਾ ਨਾ ਆਇਆ। ਉਸ ਨੂੰ ਤੇ ਉਸ ਦੇ ਹਰਫ਼ਾਂ ਨੂੰ ਕਾਫ਼ਿਰ ਦਾ ਕੁਫ਼ਰ ਗਰਦਾਨਿਆ ਗਿਆ, ਸੰਗਲ, ਸਲਾਖਾਂ ਤੇ ਬੇੜੀਆਂ ਉਸ ਦਾ ਨਸੀਬ ਬਣੇ। ਸਾਮਰਾਜਵਾਦੀਆਂ, ਉਨ੍ਹਾਂ ਦੇ ਸਥਾਨਕ ਹਕੂਮਤੀ ਭਾਈਵਾਲਾਂ ਅਤੇ ਫ਼ਿਰਕੂ ਜ਼ਿਹਨ ਵਾਲੇ ਮੁਲਾਣਿਆਂ ਨੂੰ ਅੱਖ 'ਚ ਅੱਖ ਪਾ ਕੇ ਵੰਗਾਰਨ ਵਾਲੇ ਅਹਿਮਦ ਸਲੀਮ ਦਾ ਜਨਮ ਗੁਜਰਾਤ ਜ਼ਿਲ੍ਹੇ, ਤਹਿਸੀਲ ਫਲੀਆ ਦੇ ਗੁੰਮਨਾਮ ਜਿਹੇ ਪਿੰਡ ਮਿਆਣਾ ਗੋਂਦਲ ਵਿੱਚ ਜਨਵਰੀ 1945 ਨੂੰ ਹੋਇਆ। ਉਸ ਦੇ ਪੁਰਖੇ ਖੋਜੇ ਖੱਤਰੀ ਸਨ ਜਿਨ੍ਹਾਂ ਨੇ ਹਕੂਮਤੀ ਦਾਬੇ ਕਾਰਨ ਇਸਲਾਮ ਕਬੂਲ ਕਰ ਲਿਆ ਸੀ। ਪਿਤਾ ਖ਼ਵਾਜਾ ਮੁਹੰਮਦ ਸ਼ਰੀਫ਼ ਅਰੋੜਾ ਸੀ ਤੇ ਮਾਂ ਜ਼ੁਬੈਦਾ ਬੇਗ਼ਮ ਸਹਿਗਲ ਗੋਤ ਦੀ ਖੱਤਰੀ ਸੀ। ਉਸ ਦੇ ਪਿਤਾ ਬਜਾਜੀ ਦਾ ਕੰਮ ਕਰਦੇ ਸਨ। ਮੁੱਢਲੀ ਸਿੱਖਿਆ ਪਿੰਡ 'ਚੋਂ ਹਾਸਿਲ ਕਰ ਕੇ ਅਹਿਮਦ ਸਲੀਮ ਆਪਣੀ ਭੂਆ ਕੋਲ ਪਿਸ਼ਾਵਰ ਪੜ੍ਹਨ ਚਲਾ ਗਿਆ। ਇੱਥੇ ਉਹਨੇ ਪਸ਼ਤੋ ਸਿੱਖੀ ਤੇ ਉਸ ਦਾ ਮੇਲ ਉਰਦੂ ਤੇ ਪਸ਼ਤੋ ਦੇ ਅਗਾਂਹਵਧੂ ਲੇਖਕਾਂ ਰਜ਼ਾ ਹਮਦਾਨੀ, ਫ਼ਾਰਿਗ ਬੁਖਾਰੀ, ਅਫ਼ਜ਼ਲ ਬੰਗਿਸ਼ ਤੇ ਅਜਮਲ ਖਾਨ ਖਟਕ ਨਾਲ ਹੋਇਆ। ਖ਼ਾਨ ਅਬਦੁਲ ਗ਼ਫ਼ਾਰ ਖਾਂ ਤੇ ਉਸ ਦੇ ਪੁੱਤਰ ਗਨੀ ਖਾਂ ਨੇ ਅਹਿਮਦ ਸਲੀਮ ਨੂੰ ਸਿਆਸੀ ਵਿਚਾਰਾਂ ਦੀ ਜਾਗ ਲਾਈ। ਕਾਲਜ ਦੀ ਪੜ੍ਹਾਈ ਲਈ ਉਹ ਕਰਾਚੀ ਆ ਗਿਆ। ਪਹਿਲਾਂ ਮੌਲਵੀ ਅਬਦੁਲ ਹੱਕ ਤੇ ਪਿੱਛੋਂ ਫ਼ੈਜ਼ ਅਹਿਮਦ ਫ਼ੈਜ਼ ਦੇ ਕਾਲਜ ਵਿੱਚ ਦਾਖ਼ਲਾ ਲਿਆ ਜਿੱਥੇ ਉਹ ਪ੍ਰਿੰਸੀਪਲ ਸਨ। ਉਸ ਸਮੇਂ ਤੱਕ ਅਹਿਮਦ ਸਲੀਮ ਨੇ ਉਰਦੂ 'ਚ ਕਵਿਤਾ ਕਹਿਣੀ ਸ਼ੁਰੂ ਕਰ ਲਈ ਸੀ। ਫ਼ੈਜ਼ ਸਾਹਿਬ ਨੇ ਉਸ ਨੂੰ ਹੀਰ ਵਾਰਸ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਿਤਾਬਾਂ ਪੜ੍ਹਨ ਨੂੰ ਦਿੱਤੀਆਂ। ਕਰਾਚੀ ਵਿੱਚ ਉਸ ਦਾ ਮੇਲ ਇਮਾਮ ਅਲੀ ਨਾਜ਼ਿਸ ਅਮਰੋਹਵੀ, ਜਮਾਲ ਨਕਵੀ, ਜਾਮ ਸਾਕੀ ਤੇ ਸੋਭੋ ਗਿਆਨਚੰਦਾਨੀ ਵਰਗੇ ਕਮਿਊਨਿਸਟ ਨੇਤਾਵਾਂ ਨਾਲ ਹੋਇਆ ਤੇ ਉਹ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਸ਼ੇਖ ਇਆਜ਼ ਵਰਗੇ ਸਿੰਧੀ ਲੇਖਕਾਂ ਦੇ ਸੰਪਰਕ ਕਰਕੇ ਉਸ ਨੇ ਸਿੰਧੀ ਭਾਸ਼ਾ ਸਿੱਖ ਲਈ। ਪਾਕਿਸਤਾਨ ਦੀਆਂ ਕੌਮੀ ਭਾਸ਼ਾਵਾਂ ਵਿੱਚੋਂ ਉਸ ਦੀ ਚਾਰ - ਉਰਦੂ, ਪੰਜਾਬੀ, ਹਿੰਦੀ ਤੇ ਪਸ਼ਤੋ ਵਿੱਚ ਮੁਹਾਰਤ ਸੀ। ਅਬਦੁੱਲਾ ਜਮਾਲਦੀਨ ਵਰਗੇ ਬਲੋਚੀ ਭਾਸ਼ਾ ਦੇ ਅਗਾਂਹਵਧੂ ਲੇਖਕਾਂ ਨਾਲ ਸੰਪਰਕ ਦੇ ਬਾਵਜੂਦ ਉਹ ਬਲੋਚੀ ਭਾਸ਼ਾ ਨਾ ਸਿੱਖ ਸਕਿਆ। ਅਹਿਮਦ ਸਲੀਮ ਦੇ ਨਾਵਲ 'ਨਾਲ ਮੇਰੇ ਕੋਈ ਚੱਲੇ', ਕਹਾਣੀ 'ਕੱਚੇ ਕੋਠਿਆਂ ਦੀ ਕਹਾਣੀ', ਡਰਾਮੇ 'ਕਾਲਾ ਪੁਲ' ਅਤੇ ਨਜ਼ਮ 'ਮਿਆਣਾ ਗੋਂਦਲ ਦਾ ਢੋਲਾ' ਵਿੱਚ ਉਸ ਦੀ ਹਯਾਤੀ ਦੇ ਵੇਰਵੇ ਮਿਲ ਜਾਂਦੇ ਹਨ। ਉਸ ਦੀ ਕਲਾਸਿਕ ਨਜ਼ਮ 'ਮਿਆਣਾ ਗੋਂਦਲ ਦਾ ਢੋਲਾ' ਵਿੱਚ ਅਹਿਮਦ ਸਲੀਮ ਦੇ ਪੁਰਖਿਆਂ ਦੇ ਇਤਿਹਾਸ ਅਤੇ ਵੰਡ ਨਾਲ ਵਲੂੰਧਰੇ ਦਿਲਾਂ ਦਾ ਬਿਆਨੀਆ ਦੇਖਿਆ ਜਾ ਸਕਦਾ ਏ।

ਮਾਸੀ ਜੰਨਤੇ ਕੋਈ ਹੋਰ ਨਹੀਂ, ਬਾਲਕੇ ਅਹਿਮਦ ਸਲੀਮ ਨੂੰ ਛਾਤੀ ਦੀਆਂ ਧਾਰਾਂ ਬਖਸ਼ਣ ਵਾਲੀ ਸਿੱਖ ਬੀਬੀ ਸੀ ਜਿਸ ਦੇ ਪਰਿਵਾਰ ਨੂੰ ਹੱਲਿਆਂ ਵੇਲੇ ਬਲਵੱਈਆਂ ਨੇ ਪਿੰਡ ਦੇ ਖੇਤਾਂ 'ਚ ਕਤਲ ਕਰ ਦਿੱਤਾ ਸੀ। ਦੇਸ਼ ਦੀ ਵੰਡ ਤੇ ਹੱਲਿਆਂ ਦਾ ਦਰਦ ਅਹਿਮਦ ਸਲੀਮ ਦੀ ਕਵਿਤਾ ਦਾ ਕੇਂਦਰੀ ਮੌਜ਼ੂਹ ਹੈ। ਲੀਰੋ-ਲੀਰ ਪਾਟੀ ਚੁੰਨੀ ਤੇ ਕੰਧ ਦੇ ਮੈਟਾਫ਼ਰ ਰਾਹੀਂ ਅਹਿਮਦ ਸਲੀਮ ਨੇ ਵੰਡ ਵੇਲੇ ਦੀ ਵਹਿਸ਼ਤ ਦੇ ਰਿਸਦੇ ਫੋੜੇ ਨੂੰ ਮਰ੍ਹਮ ਲਾਉਣ ਦੀ ਕੋਸ਼ਿਸ਼ ਕੀਤੀ:

*** ਮੂੰਹ ਮੋੜ ਖੜਾ ਮਹੀਂਵਾਲ ਵੇ/ ਲਈ ਮਿਰਜੇ ਖਿੱਚ ਕਮਾਨ/ ਇਕ ਪਾਸੇ ਵਰਕ ਗਰੰਥ ਦੇ/ ਇਕ ਪਾਸੇ ਪਾਕ ਕੁਰਾਨ**<br>
*** ਕਦੋਂ ਵਿੱਥਾਂ ਨੂੰ ਇਸ਼ਕ ਦੀ ਸਾਰ ਹੁੰਦੀ/ ਕਿਸੇ ਕੰਧ ਨੂੰ ਹੁਸਨ ਦੀ ਪੀੜ ਕਿੱਥੇ**<br>
**ਪਾਟੀ ਚੁੰਨੀ ਦੇ ਵਾਂਗ ਇਹ ਦੁੱਖ ਸਾਡਾ/ ਇੱਕ ਲੀਰ ਕਿੱਥੇ ਦੂਜੀ ਲੀਰ ਕਿੱਥੇ।**<br>
*** ਸਾਡੇ ਵਿਚਕਾਰ ਫੁੱਲ ਨੇ/ ਤੇ ਕੰਧ ਫੇਰ ਕੰਧ ਏ ਭਾਵੇਂ ਫੁੱਲਾਂ ਦੀ ਹੋਵੇ**<br>
**ਸਾਡੇ ਵਿਚਕਾਰ ਖ਼ਤ ਨੇ/ ਤੇ ਉਹ ਸਾਡੇ ਵਿਛੋੜੇ ਦੀ ਪੀੜ ਜਗਾ ਦਿੰਦੇ**<br>
**ਤੇ ਦਰਦ ਏ/ ਸਾਡੇ ਵਿਚਕਾਰ ਥਲਾਂ ਵਾਂਙਰ ਖਿੰਡਿਆ ਹੋਇਆ।**

ਹੱਲਿਆਂ ਦੀ ਵਹਿਸ਼ਤ ਸਮੇਂ ਔਰਤਾਂ ਉੱਪਰ ਹੋਏ ਜ਼ੁਲਮਾਂ ਨੇ ਅਹਿਮਦ ਸਲੀਮ ਦੇ ਅਵਚੇਤਨ ਉੱਪਰ ਗਹਿਰਾ ਅਸਰ ਪਾਇਆ। ਅੱਜ ਵੀ ਦੁਨੀਆਂ ਦੇ ਵੱਡੇ ਹਿੱਸੇ ਵਿੱਚ ਔਰਤ ਆਪਣੀ ਪਛਾਣ ਤੇ ਅਧਿਕਾਰਾਂ ਲਈ ਲੜ ਰਹੀ ਏ। ਮੱਧ ਏਸ਼ੀਆ ਤੇ ਪਾਕਿਸਤਾਨ ਵਰਗੇ ਪਿੱਤਰੀ ਸੱਤਾ ਪ੍ਰਬੰਧਾਂ ਵਾਲੇ ਮੁਲਕਾਂ ਵਿੱਚ ਔਰਤ ਅੱਜ ਵੀ ਜੂਏ ਦੀ ਨਰਦ ਵਰਗੀ ਹੈ। ਔਰਤ ਦੀ ਪੀੜ ਬਾਰੇ ਅਹਿਮਦ ਸਲੀਮ ਏਨਾ ਸੰਵੇਦਨਸ਼ੀਲ ਕਿਉਂ ਹੈ? ਹੱਲਿਆਂ ਵੇਲੇ ਦੁੱਧ ਚੁੰਘਾਉਣ ਵਾਲੀ ਸਿੱਖ ਬੀਬੀ ਦੇ ਪਰਿਵਾਰ ਦਾ ਕਤਲ, ਮਕਬੂਲ ਸ਼ਾਇਰਾ ਸਾਰਾ ਸ਼ਗੁਫ਼ਤਾ ਅਤੇ ਗੌਹਰ ਸੁਲਤਾਨਾ ਉਜ਼ਮਾਂ ਵਰਗੀਆਂ ਦੋਸਤ ਅਦੀਬਾਂ ਦੀਆਂ ਆਤਮ-ਹੱਤਿਆਵਾਂ ਨੇ ਅਹਿਮਦ ਸਲੀਮ ਨੂੰ ਜੋ ਦਰਦ ਤੇ ਸਦਮਾ ਦਿੱਤਾ, ਉਸ ਦਾ ਹੌਲਨਾਕ ਵੇਰਵਾ ਇਨ੍ਹਾਂ ਸਤਰਾਂ 'ਚੋਂ ਦੇਖਿਆ ਜਾ ਸਕਦਾ ਹੈ:

*** ਸੀਤੇ ਜਾਂਦੇ ਨੇ ਇੱਥੇ ਵੀ ਬੁੱਲ੍ਹ ਕਿੰਨੇ/ ਕਿੰਨੇ ਸੂਲੀ ਨੂੰ ਉਥੇ ਵੀ ਚੁੰਮ ਲੈਂਦੇ/ ਮੇਰੇ ਮਨ ਦੀ ਸੱਸੀ ਵੀ ਰੋਜ਼ ਮਰਦੀ/ ਤੇਰੇ ਪੁੰਨਣ ਨੂੰ ਵੀ ਨਿੱਤ ਕਫ਼ਨ ਪੈਂਦੇ।**



*** ਕੁੜੀਆਂ ਸੋਹਣੀਆਂ ਹੁੰਦੀਆਂ ਨੇ**<br>
**ਕੁੜੀਆਂ ਬਹਾਦਰ ਹੁੰਦੀਆਂ ਨੇ**<br>
**ਪਰ ਕਦੇ ਕਦੇ ਬਹਾਦਰੀ ਨੂੰ ਨੀਂਦਰ ਦੀਆਂ ਗੋਲੀਆਂ ਖਾਣੀਆਂ ਪੈਂਦੀਆਂ**<br>
**ਕੁੜੀਆਂ ਦੇ ਦਿਲ ਵੱਡੇ ਹੁੰਦੇ ਨੇ**<br>
**ਉਨ੍ਹਾਂ ਵਿੱਚ ਉਹ ਕਿੰਨਾ ਕੁਝ ਸਾਂਭ ਕੇ ਰਖਦੀਆਂ ਹਨ**<br>
**ਉਹ ਮਜਬੂਰ ਹੋ ਜਾਣ**<br>
**ਤਾਂ ਜ਼ਹਿਰ ਖਾ ਲੈਂਦੀਆਂ ਨੇ**<br>
**ਹੋਰ ਮਜਬੂਰ ਹੋ ਜਾਣ**<br>
**ਤੇ ਨਜ਼ਮਾਂ ਲਿਖਦੀਆਂ ਨੇ ਮਰਨ ਜੋਗੀਆਂ, ਬਹਾਦਰੀ ਨਾਲ**

ਅਹਿਮਦ ਸਲੀਮ ਨੇ ਹਕੂਮਤੀ ਜਬਰ ਬਾਰੇ ਲਿਖਿਆ ਹੀ ਨਹੀਂ, ਉਸ ਨੂੰ ਜੀਅ-ਜਾਨ 'ਤੇ ਹੰਢਾਇਆ ਵੀ ਹੈ। ਉਸ ਦੀਆਂ ਲਿਖਤਾਂ ਆਲਮੀ ਪੱਧਰ ਉੱਤੇ ਮਾਨਵੀ ਅਧਿਕਾਰਾਂ ਤੇ ਸਮਾਜਿਕ ਨਿਆਂ ਲਈ ਹੋ ਰਹੇ ਸੰਘਰਸ਼ਾਂ ਦੀਆਂ ਜ਼ਾਮਨ ਬਣੀਆਂ ਹਨ। ਸਰਕਾਰੀ ਦਮਨ ਉਸ ਦੇ ਹੌਸਲੇ ਨੂੰ ਪਸਤ ਨਹੀਂ ਕਰ ਸਕਿਆ। ਅਵਾਮੀ ਸੰਘਰਸ਼ਾਂ ਨਾਲ ਉਸ ਦੀ ਕਵਿਤਾ ਤੇ ਸਾਹਿਤਕ ਲਿਖਤਾਂ ਹਮ-ਪੱਲਾ ਰਹੀਆਂ ਹਨ। ਉਸ ਨੇ ਆਪਣੇ ਅਮਲਾਂ ਤੇ ਬੋਲਾਂ ਰਾਹੀਂ ਪੰਜਾਬ ਦੀ ਭਾਈਚਾਰਕ ਸਾਂਝ, ਮੁਹੱਬਤ ਅਤੇ ਨਾਬਰੀ ਦੀ ਰੀਤ ਨੂੰ ਹੋਰ ਪੱਕਿਆਂ ਕੀਤਾ ਹੈ। ਅੱਜ ਜਦੋਂ ਉਦਾਰਵਾਦੀ ਮੁਖੌਟੇ ਵਾਲਾ ਛਲੀਆ ਬਾਜ਼ਾਰ ਪਛੜੇ ਮੁਲਕਾਂ ਦੇ ਸਭ ਕੁਦਰਤੀ ਸਰੋਤਾਂ ਤੇ ਮਨੁੱਖੀ ਕਿਰਤ ਨੂੰ ਹੜੱਪ ਜਾਣਾ ਚਾਹੁੰਦਾ ਹੈ, ਉਦੋਂ ਅਹਿਮਦ ਸਲੀਮ ਦੇ ਇਹ ਬੋਲ ਹੋਰ ਵੀ ਪ੍ਰਸੰਗਿਕ ਲਗਦੇ ਹਨ:

**ਸੂਹੀ ਤੇ ਸਾਵੀ ਚੰਨਾ ਧਰਤ ਵੇ ਮੇਰੀ/ ਉੱਤੋਂ ਚੋਰਾਂ ਦੇ ਸੌ ਸੌ ਦਾਹਵੇ/ ਚੋਰਾਂ ਤੇ ਵੰਡ ਲਈ ਧਰਤ ਵੇ ਸਾਰੀ/ ਕੌਣ ਅੱਖਰਾਂ ਨੂੰ ਕਲੇਜੜੇ ਲਾਵੇ।**

ਅਹਿਮਦ ਸਲੀਮ ਦੋਵੇਂ ਪੰਜਾਬਾਂ ਤੇ ਭਾਰਤ-ਪਾਕ ਖ਼ਿੱਤੇ ਦੇ ਲਿਖਾਰੀਆਂ ਤੇ ਆਵਾਮ ਵਿਚਕਾਰ ਮਜ਼ਬੂਤ ਬੁਨਿਆਦ ਵਾਲਾ ਪੁਲ ਸੀ। ਉਹ ਪੰਜਾਬ ਦਾ ਜੀਆਲਾ/ਜੀਅਦਾਰ ਕਲਮਕਾਰ ਸੀ ਜਿਸ ਨੇ ਔਖੇ ਵੇਲਿਆਂ ਵਿੱਚ ਪੰਜਾਬੀਆਂ ਦੀ ਮੁਹੱਬਤ ਤੇ ਬਾਗ਼ੀਆਨਾ ਰਵਾਇਤ ਦੀ ਬਾਤ ਪਾਈ। ਲੰਘੇ ਸੋਮਵਾਰ ਉਹ ਲੰਮੇ ਰਾਹੀਂ ਤੁਰ ਗਿਆ, ਪਰ ਉਹਦੇ ਇਹ ਕੌਲ ਸਾਡੇ ਚੇਤਿਆਂ 'ਚ ਸੁਲਗ਼ਦੇ ਰਹਿਣਗੇ:

**ਸ਼ਾਇਰ ਦੇਸ ਪੰਜਾਬ ਦਾ ਅਹਿਮਦ ਉਹਦਾ ਨਾਂ**<br>
**ਹੰਝੂ ਭਰ ਕੇ ਆਖਦਾ ਹੋਸੀ ਕਦੋਂ ਨਿਆਂ**<br>
**ਗਲ ਬਸੰਤੀ ਚੋਲੜਾ ਸੰਗਲ ਬੱਧੇ ਪੈਰ**<br>
**ਝੋਲੀ ਅੱਡ ਕੇ ਮੰਗ ਰਿਹਾ, ਸਾਰੇ ਜੱਗ ਦੀ ਖੈਰ**<br>
**ਸ਼ਾਇਰ ਦੇਸ ਪੰਜਾਬ ਦਾ ਅਹਿਮਦ ਉਹਦਾ ਨਾਂ**<br>
**ਹੱਸ ਹੱਸ ਕੇ ਵੱਤ ਆਖਦਾ ਹੋਸੀ ਅੱਜ ਨਿਆਂ।**

ਸੰਪਰਕ: 98156-36565

## ਅਹਿਮਦ ਸਲੀਮ ਦੀਆਂ ਦੋ ਕਵਿਤਾਵਾਂ

### ਅਸਾਂ ਹਸ਼ਰ ਦਿਹਾੜਾ ਮਾਣੀਏ

ਅਸਾਂ ਹਸ਼ਰ ਦਿਹਾੜਾ ਮਾਣੀਏ<br>
ਮੁੜ ਸੀਸ ਕਟਾ ਕੇ<br>
ਕਾਈ ਰੰਗ ਮਚਾ ਕੇ<br>
ਅਸੀਂ ਤਨ ਤੇ ਤੰਬੂ ਤਾਣੀਏ<br>
ਮੁੜ ਕਬਰਾਂ ਢਾਹ ਕੇ<br>
ਮੁੜ ਬੂਹੇ ਬੂਹੇ ਨੱਚੀਏ<br>
ਅਸੀਂ ਘੁੰਗਰੂ ਪਾ ਕੇ<br>
ਸੰਗਲ ਛਣਕਾ ਕੇ<br>
ਅਸੀਂ ਨਿੱਤ ਚਿਣਗ ਬਣ ਮੱਚੀਏ<br>
ਹੋਠਾਂ ਤੇ ਆ ਕੇ,<br>
ਤੇਰੇ ਰਾਹੋਂ ਕਰੀਏ ਪਿਆਰਿਆ।<br>
ਅਸੀਂ ਨੈਣ ਸਦਕੜੇ<br>
ਸਾਡਾ ਤਨ ਮਨ ਵਾਰੀ ਸਾਹਿਬਾ<br>
ਸੁੱਖ ਚੈਨ ਸਦਕੜੇ<br>
ਕੰਧੜੀ ਤੇ ਕਾਂ ਜੋ ਬੋਲਦਾ<br>
ਉਹਨੂੰ ਕੋਲ ਬੁਲਾ ਕੇ<br>
ਅਸੀਂ ਕਰੀਏ ਜਿੰਦ ਹਵਾਲੜੇ<br>
ਤੇਰੇ ਨਾਵੇਂ ਲਾ ਕੇ<br>
ਸੰਗਲ ਛਣਕਾ ਕੇ<br>
ਵਰ ਢੂੰਡੀਏ ਮਾਏ ਭੋਲੀਏ<br>
ਨਾ ਮਿਰਜ਼ੇ ਭੱਟੀ<br>
ਅੱਜ ਥੀਵਣ ਸੌਦੇ ਸਿਰਾਂ ਦੇ<br>
ਹਰ ਪ੍ਰੇਮ ਦੀ ਹੱਟੀ<br>
ਅੱਜ ਜੰਡੋ ਤੀਰ ਲਹੇਸੀ<br>
ਆਪੇ ਸਾਹਿਬਾਂ ਜੱਟੀ<br>
ਅੱਜ ਅੰਤ ਦਿਹਾੜਾ ਆ ਗਿਆ<br>
ਇਹ ਇਸ਼ਕ ਦੀ ਖੱਟੀ<br>
ਹੁਣ ਟੁਰਨਾ ਰਾਹੀਂ ਬਲਦੀਆਂ<br>
ਅੱਗ ਸਿਰ 'ਤੇ ਚਾ ਕੇ<br>
ਅੱਗ ਪੈਰੀਂ ਪਾ ਕੇ<br>
ਅਸਾਂ ਹਸ਼ਰ ਦਿਹਾੜਾ ਮਾਣੀਏ<br>
ਮੁੜ ਸੀਸ ਕਟਾ ਕੇ<br>
ਕਾਈ ਰੰਗ ਮਚਾ ਕੇ<br>
ਸੰਗਲ ਛਣਕਾ ਕੇ<br>
ਸੰਗਲ ਛਣਕਾ ਕੇ

* * *

### ਦੇਸ ਪੰਜਾਬ

ਧਰਤੀ ਦੇਸ਼ ਪੰਜਾਬ ਦੀ ਉਹ ਦੁੱਲੇ ਦੀ ਬਾਰ<br>
ਜੰਮਿਆ ਮਿਰਜ਼ਾ ਸੂਰਮਾ ਕਰਦਾ ਕੌਲ ਕਰਾਰ<br>
ਭਗਤ ਸਿੰਘ ਦਾ ਦੇਸ਼ ਤੇ ਮੁਲਖ ਇਹ ਖਰਲਾਂ ਦਾ<br>
ਲਹੂ ਬਾਲ ਕੇ ਲੱਭਦੀ ਖ਼ਲਕਤ ਇੱਕੋ ਰਾਹ<br>
ਧਰਤੀ ਦੇਸ਼ ਪੰਜਾਬ ਦੀ ਭਾਵੇਂ ਬੜੀ ਅਮੀਰ<br>
ਜੀਉਂਦਿਆਂ ਜੀਅ ਪਰ ਫਿਰੇ ਪਈ ਗਲ ਵਿੱਚ ਪਾ ਕਫ਼ਨੀਰ<br>
ਖੂਹ ਗਿੜਦੇ ਵਿੱਚ ਬਸਤੀਆਂ, ਹੋਠੀਂ ਨੱਚੇ ਤਰੇਹ<br>
ਸਿੱਟਿਆਂ ਉੱਤੇ ਜੋਬਨਾਂ ਭੁੱਖਾ ਲੋਕ ਮਰੇ<br>
ਦੇਸ਼ ਪੰਜਾਬੋਂ ਉੱਠਿਆ, ਵੱਤ ਨਫ਼ਰਤ ਦਾ ਸ਼ੋਰ<br>
ਵਰਕਾ ਪਿਛਾਂਹ ਨੂੰ ਪਰਤਿਆ, ਤਵਾਰੀਖ਼ ਨੇ ਹੋਰ<br>
ਜਿਉਂ ਤੂੰਬਾ ਉਡਦਾ ਰੂੰ ਦਾ, ਉੱਡੇ ਇੰਜ ਸਰੀਰ<br>
ਤੇਰੇ ਹੱਥੋਂ ਅਮਨ ਦੀ ਚੁੰਨੀ ਲੀਰ ਕਤੀਰ<br>
ਜਿੰਦੜੀ ਦੇ ਮੂੰਹ ਪਈ ਨੀ, ਬੂਹੇ ਬੂਹੇ ਧੂੜ<br>
ਮਾਏ ਲੁਕਾਵਾਂ ਕਿੰਜ ਮੈਂ ਤੇਰਾ ਨਿੱਤ ਦਾ ਕੂੜ<br>
ਪੁੱਤਰ ਤੇਰੇ ਛੇੜਦੇ ਦੂਰ ਪਾਰ ਨਿੱਤ ਲਾਮ<br>
ਪੀਣ ਬਿਗਾਨੇ ਸਿਰਾਂ ਦੇ ਭਰ ਭਰ ਸੂਹੇ ਜਾਮ।<br>
ਤੇਰੀ ਮਿੱਟੀਓਂ ਉਠਦੇ ਨਿੱਤ ਦਿਹਾੜੀ ਠੱਗ<br>
ਦੂਜਿਆਂ ਦੇ ਘਰ ਫੂਕ ਕੇ ਸੇਕਣ ਬਹਿੰਦੇ ਅੱਗ<br>
ਤੇਰੀ ਚੁੰਨੀ ਸਾੜਦੇ ਵੱਤ ਵੈਂਦੇ ਨਦੀਆਂ ਚੀਰ<br>
ਮਿਰਜ਼ੇ ਨੂੰ ਵੰਞ ਘੇਰਦੇ ਜ਼ਾਲਮ ਮੀਰ ਸ਼ਮੀਰ<br>
ਸਾਹਿਬਾਂ ਬੰਗਲਾ ਦੇਸ਼ ਦੀ, ਮਿਰਜ਼ੇ ਦੀ ਜਿੰਦ ਜਾਨ<br>
ਵੰਞ ਕੇ ਜੋਬਨ ਲੁੱਟਦੇ, ਲੁੱਟ ਖੜਦੇ ਮੁਸਕਾਨ<br>
ਕੈਦ ਕੀਤੋ ਨੇ ਸੂਰਮਾ ਰਾਂਝਣ ਯਾਰ ਤਬੀਬ<br>
ਬੱਧੇ ਉਹਦੇ ਹੱਥ ਤੇ ਟੁੱਕੀ ਉਹਦੀ ਜੀਭ<br>
ਸੰਗਲ ਸੰਗਲ ਬੋਲਦਾ ਹਿੱਕੋ ਹੱਕ ਦਾ ਬੋਲ<br>
ਓੜਕ ਲੋਕਾਂ ਜਿੱਤਣਾ, ਲੋਕ ਰਾਜ ਦਾ ਘੋਲ<br>
ਤੇਰੀ ਅਣਖ ਦਾ ਲਹੂ ਵੱਤ, ਡੁੱਲ੍ਹਿਆ ਰਾਹਵਾਂ 'ਤੇ<br>
ਤੇਰੇ ਨਾਂ ਦੀ ਮਾਏਂ ਨੀ ਬੋਲੀ ਨਿੱਤ ਪਵੇ<br>
ਤੇਰੀ ਗੋਦ ਦੀ ਅੰਬੜੀਏ, ਮਾਲਾ ਜਪਦੇ ਜੋ<br>
ਰੋ ਰੋ ਤੈਥੋਂ ਪੁੱਛਦੇ, ਨੀ ਤੇਰੇ ਪੁੱਤਰ ਉਹ<br>
ਮਾਏ ਨੀ ਲੋਰੀ ਗਾਉਂਦੀਏ, ਕਿਉਂ ਤੇਰੀ ਝੋਲੀ ਮੌਤ<br>
ਤੇਰੀਆਂ ਅੱਖੀਆਂ 'ਚ ਪਿਆਰ ਦੀ<br>
ਹੁਣ ਕਦ ਜਗਸੀ ਜੋਤ<br>
ਮਹਿਕਣ ਦੋਵੇਂ ਧਰਤੀਆਂ, ਵਿਛੜੇ ਸੱਜਣਾਂ ਹਾਰ<br>
ਟੁੱਟੀ ਹੋਈ ਤੰਦ ਜੋੜ ਦੇ, ਨੀਲੀ ਦੇ ਅਸਵਾਰ<br>
ਵਿਛੜੇ ਮੇਲ ਵਿਖਾਈਏ, ਅੱਜ ਨਦੀਆਂ ਨੂੰ ਚੀਰ<br>
'ਅਹਿਮਦ' ਬਾਝ ਰੰਝੇਟੜੇ ਹੀਰ ਤੱਤੀ ਦਿਲਗੀਰ।

# ਸਮਾਜਿਕ ਤਬਦੀਲੀ ਦਾ ਚਿੰਨ੍ਹ ਊਧਮ ਸਿੰਘ



ਨਰਾਇਣ ਦੱਤ
84275-11770

26 ਦਸੰਬਰ 1899 ਨੂੰ ਜਨਮੇ ਅਤੇ 31 ਜੁਲਾਈ 1940 ਨੂੰ ਹੱਸਦਿਆਂ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਮੌਕੇ ਉਸ ਦੇ ਸੰਗਰਾਮੀ ਜੀਵਨ ਸਫ਼ਰ ਅਤੇ ਉਦੇਸ਼ਾਂ ਦਾ ਅਧਿਐਨ ਜ਼ਰੂਰੀ ਹੈ। ਉਨ੍ਹਾਂ ਨੂੰ ਜੱਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਲੰਡਨ ਜਾ ਕੇ ਲੈਣ ਤੱਕ ਜਾਣੇ ਅਨਜਾਣੇ ਸੀਮਤ ਕਰਨਾ ਉਸ ਦੀ ਵਿਲੱਖਣ ਘਾਲਣਾ ਅਤੇ ਉੱਚੇ ਆਦਰਸ਼ਾਂ ਨਾਲ? ਇਨਸਾਫ਼ ਨਹੀਂ। ਊਧਮ ਸਿੰਘ ਦੀਆਂ ਮੌਲਿਕ ਲਿਖਤਾਂ, ਬਿਆਨਾਂ ਅਤੇ ਸੁਨੇਹਿਆਂ ਵਿਚੋਂ ਉਸ ਦੀ ਸੋਚ ਦ੍ਰਿਸ਼ਟੀ ਅਤੇ ਉਦੇਸ਼ਾਂ ਬਾਰੇ ਖੁੱਲ੍ਹੇ ਮਨ ਨਾਲ ਸਮਝਣ ਦੀ ਲੋੜ ਹੈ। ਸਾਨੂੰ ਅਜਿਹੇ ਸਕੂਨ ਦਾ ਸ਼ੌਕ ਪਾਲਣ ਤੋਂ ਉੱਪਰ ਉੱਠਣ ਦੀ ਲੋੜ ਹੈ ਜਿਹੜਾ ਸਾਡਾ ਧਿਆਨ ਬਦਲਿਆਂ ਦੀ ਰਾਜਨੀਤੀ ਤੱਕ ਹੀ ਸਮੇਟ ਕੇ ਸਮਾਜਿਕ ਤਬਦੀਲੀ ਦੇ ਕੇਂਦਰੀ ਕਾਰਜ ਤੋਂ ਨਜ਼ਰ ਲਾਂਭੇ ਕਰਨ ਦਾ ਕੰਮ ਕਰ ਦਿੰਦਾ ਹੈ।

ਊਧਮ ਸਿੰਘ ਕਿਸੇ ਇੱਕ ਸ਼ਖ਼ਸ ਨੂੰ ਲੋਕ ਵਿਰੋਧੀ ਵਰਤਾਰਿਆਂ ਦਾ ਮੁਜਰਿਮ ਨਹੀਂ ਸੀ ਸਮਝਦਾ। ਉਹ ਡਾਇਰਾਂ ਅਤੇ ਉਡਵਾਇਰਾਂ ਦੀ ਜਨਮ ਭੋਇੰ ਸਾਮਰਾਜੀ ਪ੍ਰਬੰਧ ਨੂੰ ਟਿੱਕਦਾ ਸੀ ਜਿਹੜਾ ਪ੍ਰਬੰਧ ਅਜਿਹੇ ਖ਼ੂਨੀ ਸਾਕੇ ਰਚਣ ਵਾਲੇ ਪੈਦਾ ਕਰਨ ਅਤੇ ਥਾਪੜਾ ਦੇਣ ਦਾ ਕੰਮ ਕਰਦਾ ਹੈ। ਸਾਡੇ ਓਪਰੇ ਸਮਾਜੀ ਅਤੇ ਮਨ-ਸੁਭਾਅ ਨੂੰ ਬਦਲੇ ਦੀ ਰਾਜਨੀਤੀ ਟੁੰਬਦੀ ਅਤੇ ਵਕਤੀ ਸਕੂਨ ਦਿੰਦੀ ਹੈ। ਦੁਨੀਆ ਭਰ ਵਿਚ ਗ਼ੁਲਾਮੀ ਅਤੇ ਦਾਬੇ ਦੀ ਮਾਰ ਝੱਲ ਰਹੇ ਲੋਕਾਂ ਅੰਦਰ ਪਨਪਦੇ ਨਾਬਰੀ ਦੇ ਉੱਸਲਵੱਟੇ ਲੈਂਦੇ ਵਿਚਾਰ ਇਨਕਲਾਬੀ ਸਮਾਜਿਕ ਤਬਦੀਲੀ ਵਿਚ ਪਲਟਣ ਦੀ ਬਜਾਇ ਬਦਲਿਆਂ ਦੀ ਘੁੰਮਣਘੇਰੀ ਵਿਚ ਫਸ ਕੇ ਰਹਿ ਜਾਂਦੇ ਹਨ। ਦੁਨੀਆ ਭਰ ਵਿਚ ਜੱਲ੍ਹਿਆਂਵਾਲਾ ਬਾਗ਼ ਕਾਂਡ ਵਰਗੇ ਕਾਰੇ ਕਰਨ ਵਾਲੇ ਡਾਇਰ 13 ਅਪਰੈਲ 1919 ਤੋਂ ਪਹਿਲਾਂ ਵੀ ਸੀ ਅਤੇ ਉਸ ਤੋਂ ਬਾਅਦ ਵੀ ਮੌਜੂਦ ਨੇ। ਇਹ ਕੌੜੀ ਸਚਾਈ ਸਿਰਫ਼ ਸਾਡੇ ਮੁਲਕ ਅੰਦਰ ਹੀ ਨਹੀਂ ਸਗੋਂ ਦੁਨੀਆਂ ਭਰ 'ਚ ਦੇਖੀ ਜਾ ਸਕਦੀ ਹੈ। ਇਹ ਹਕੀਕਤ ਦਰਸਾਉਂਦੀ ਹੈ ਕਿ ਉਸ ਨੁਕਤੇ ਦਾ ਭੇਤ ਸਮਝਿਆ ਜਾਵੇ ਜਿਸ ਨੂੰ ਅਸਲ ਵਿਚ ਬਦਲਿਆ ਜਾਵੇ ਨਾ ਕਿ ਸਿਰਫ਼ ਬਦਲੇ ਤੱਕ ਸੀਮਤ ਤੇ ਸੰਤੁਸ਼ਟ ਹੋਇਆ ਜਾਵੇ।

ਲੋਕਾਂ ਦੇ ਨਾਇਕ ਊਧਮ ਸਿੰਘ ਨੂੰ ਵੀ ਇਸ ਨੁਕਤਾ-ਏ-ਨਜ਼ਰ ਤੋਂ ਸਮਝਣ ਦੀ ਲੋੜ ਹੈ। ਜਦੋਂ ਅੰਮ੍ਰਿਤਸਰ ਸਿਟੀ ਕੋਤਵਾਲੀ ਪੁਲੀਸ ਉਸ ਨੂੰ 30 ਅਗਸਤ 1927 ਨੂੰ ਫੜਦੀ ਹੈ ਤਾਂ ਉਸ ਕੋਲੋਂ ਗ਼ਦਰ ਦੀ ਗੂੰਜ, ਰੂਸੀ ਗ਼ਦਰ ਗਿਆਨ ਸਮਾਚਾਰ, ਗ਼ੁਲਾਮੀ ਦਾ ਜ਼ਹਿਰ, ਗ਼ਦਰ ਦੀ ਦੂਰੀ, ਦੇਸ਼ ਭਗਤਾਂ ਦੀ ਜਾਨ ਆਦਿ ਸਾਹਿਤ ਫੜਿਆ ਗਿਆ। ਇਹ ਸਾਹਿਤ ਊਧਮ ਸਿੰਘ ਨੂੰ ਨੇੜਿਓਂ ਮਿਲਣ ਲਈ ਪ੍ਰੇਰਨਾ ਸ੍ਰੋਤ ਹੈ। ਇਸ ਤੋਂ ਹੋਰ ਪਿੱਛੇ ਝਾਤ ਮਾਰੀਏ ਤਾਂ ਊਧਮ ਸਿੰਘ ਦੇ ਬਦਲੇ ਤੋਂ ਕਿਤੇ ਉੱਚੇ ਆਦਰਸ਼ਾਂ ਦੇ ਦੀਦਾਰ ਹੁੰਦੇ ਹਨ ਜਦੋਂ ਉਹ 1923 'ਚ 1857 ਦੇ ਗ਼ਦਰ ਦੀ ਬਰਸੀ ਮੌਕੇ ਸੰਬੋਧਨ ਕਰਦਾ ਹੈ: "ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਦੇ ਉਨ੍ਹਾਂ ਬਹਾਦਰ ਸ਼ਹੀਦਾਂ ਨੂੰ ਮੈਂ ਸ਼ਰਧਾਂਜਲੀ ਭੇਟ ਕਰਦਾ ਹਾਂ ਜਿਨ੍ਹਾਂ ਨੇ ਆਪਣਾ ਖ਼ੂਨ ਦੇ ਕੇ ਆਜ਼ਾਦੀ ਦੇ ਝੰਡੇ ਨੂੰ ਉੱਚਿਆਂ ਕੀਤਾ। ਉਨ੍ਹਾਂ ਦੇ ਆਜ਼ਾਦੀ ਦੇ ਆਦਰਸ਼ ਨੂੰ ਅਪਨਾਉਂਦੇ ਹੋਏ ਅਸੀਂ ਹਕੂਮਤ ਦੇ ਹਰ ਵਾਰ ਅਤੇ ਕਹਿਰ ਨੂੰ ਛਾਤੀਆਂ 'ਤੇ ਝੱਲਾਂਗੇ। ਅੰਗਰੇਜ਼ ਸਾਮਰਾਜ ਨਾਲ ਸਾਡਾ ਸਮਝੌਤਾ ਅਸੰਭਵ ਹੈ। ਇਸ ਵਿਰੁੱਧ ਸਾਡੀ ਜੰਗ ਦਾ ਉਸ ਵੇਲੇ ਅੰਤ ਹੋਵੇਗਾ ਜਦ ਸਾਡੀ ਜਿੱਤ ਦਾ ਕੌਮੀ ਝੰਡਾ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਦੀ ਕਬਰ 'ਤੇ ਝੁੱਲੇਗਾ।




1925 ਵਿਚ ਨੌਜਵਾਨ ਭਾਰਤ ਸਭਾ ਦੀ ਕਾਨਫਰੰਸ 'ਚ ਊਧਮ ਸਿੰਘ ਨੇ ਕਿਹਾ ਸੀ: "ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗ਼ੁਲਾਮੀ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰ ਕੇ ਸਿਰ ਨਿਵਾ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕਿ ਆਜ਼ਾਦੀ ਜੀਵਨ ਅਤੇ ਗ਼ੁਲਾਮੀ ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ, ਅਸੀਂ ਇਸ ਨੂੰ ਪ੍ਰਾਪਤ ਕਰ ਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ।

ਜੇ ਊਧਮ ਸਿੰਘ ਦੀ ਜ਼ਿੰਦਗੀ ਦਾ ਮਕਸਦ ਬਦਲਾ ਲੈਣ ਤੱਕ ਸੀਮਤ ਹੁੰਦਾ, ਫਿਰ ਉਹ ਭਲਾ 'ਆਜ਼ਾਦੀ ਦੀ ਬੁਨਿਆਦ ਇਨਕਲਾਬ ਹੁੰਦਾ ਹੈ' ਵਰਗੇ ਸੁਫ਼ਨੇ ਕਿਉਂ ਬੀਜਦਾ? ਉਹਦਾ ਸ਼ਹੀਦ ਭਗਤ ਸਿੰਘ ਨਾਲ ਐਨਾ ਗਹਿਰਾ ਸਬੰਧ ਹੋਣਾ ਵੀ ਉਸ ਦੇ ਵਡੇਰੇ ਨਿਸ਼ਾਨਿਆਂ ਦੀ ਪੁਸ਼ਟੀ ਕਰਦਾ ਹੈ। ਊਧਮ ਸਿੰਘ 30 ਮਾਰਚ 1940 ਨੂੰ ਬਰਿਕਸਟਨ ਜੇਲ੍ਹ ਤੋਂ ਇੱਕ ਪੱਤਰ ਵਿਚ ਲਿਖਦਾ ਹੈ: "10 ਸਾਲ ਹੋ ਗਏ ਜਦੋਂ ਮੇਰਾ ਸਭ ਤੋਂ ਵਧੀਆ ਦੋਸਤ ਮੈਨੂੰ ਪਿੱਛੇ ਛੱਡ ਕੇ ਚਲਾ ਗਿਆ। ਇਹ 23 ਤਾਰੀਖ ਸੀ। ਉਮੀਦ ਹੈ ਕਿ ਉਹ ਮੈਨੂੰ ਵੀ ਉਸੇ ਤਾਰੀਖ਼ ਨੂੰ ਫਾਂਸੀ ਦੇਣਗੇ।

ਊਧਮ ਸਿੰਘ ਦੀ ਸ਼ਖ਼ਸੀਅਤ ਦਾ ਇਹ ਪਾਸਾ ਉਸ ਦੇ ਸਹਿਜ ਸੁਭਾਅ, ਆਪਣੇ ਭਵਿੱਖ ਅਤੇ ਆਪਣੀ ਭੂਮਿਕਾ ਬਾਰੇ ਸਾਫ਼ ਸਪੱਸ਼ਟ ਹੋਣ ਦਾ ਗਵਾਹ ਹੈ। ਇਹ ਦਰਸਾਉਂਦਾ ਹੈ ਕਿ ਊਧਮ ਸਿੰਘ ਦਾ ਕੈਕਸਟਨ ਹਾਲ ਲੰਡਨ ਵਿਚ ਗੋਲੀ ਦਾਗਣਾ ਅਸਲ ਵਿਚ ਸਾਮਰਾਜੀ ਪ੍ਰਬੰਧ ਦੀ ਵਫ਼ਾਦਾਰੀ ਨਿਭਾਉਣ ਵਾਲੇ, ਜੱਲ੍ਹਿਆਂਵਾਲਾ ਬਾਗ਼ ਵਿਚ ਖ਼ੂਨੀ ਵਿਸਾਖੀ ਬਣਾਉਣ ਕਾਰਨ ਲੋਕਾਂ ਦੀ ਤਿੱਖੀ ਨਫ਼ਰਤ ਦੇ ਪਾਤਰ ਬਣੇ ਉਭਰਵੇਂ ਚਿੰਨ੍ਹ ਨੂੰ ਨਿਸ਼ਾਨਾ ਬਣਾ ਕੇ ਇਹ ਚਿਤਾਵਨੀ ਦੇਣਾ ਹੈ ਕਿ ਲੋਕਾਂ ਦਾ ਲਹੂ ਕਦੇ ਖਾਮੋਸ਼ ਨਹੀਂ ਹੁੰਦਾ, ਉਹ ਸਿਰਫ਼ ਜਿਸਮ ਹੁੰਦੇ ਨੇ ਜਿਨ੍ਹਾਂ ਨੂੰ ਤੁਸੀਂ ਕਤਲ ਕਰ ਕੇ ਲੋਕ ਆਵਾਜ਼ ਨੂੰ ਕਤਲ ਕਰਨ ਦਾ ਭਰਮ ਪਾਲ਼ਦੇ ਹੋ। ਊਧਮ ਸਿੰਘ ਦਾ ਇਹ ਅੰਤਿਮ ਨਿਸ਼ਾਨਾ ਨਹੀਂ ਸੀ ਸਗੋਂ ਅੰਤਿਮ ਨਿਸ਼ਾਨੇ ਵੱਲ ਲੋਕਾਂ ਦਾ ਧਿਆਨ ਖਿੱਚਣ, ਹੌਸਲੇ ਅਤੇ ਸਿਦਕਦਿਲੀ ਨਾਲ ਸਾਮਰਾਜੀ ਅਤੇ ਦੇਸੀ ਗੁਲਾਮੀ ਦੇ ਸੰਗਲ ਤੋੜ ਕੇ ਇਨਕਲਾਬੀ ਤਬਦੀਲੀ ਵੱਲ ਅਗੇਰੇ ਵਧਣ ਲਈ ਲੋਕਾਂ ਨੂੰ ਹੋਕਾ ਦੇਣਾ ਸੀ।

ਊਧਮ ਸਿੰਘ ਬਾਰੇ ਕਿੱਸੇ, ਕਵੀਸ਼ਰੀ, ਢਾਡੀ ਰੰਗ, ਚਲੰਤ ਲੇਖ ਆਮ ਕਰ ਕੇ ਬਦਲਾ ਲੈਣ ਤੱਕ ਹੀ ਮਹਿਦੂਦ ਹਨ। ਪਿਛਲੇ ਅਰਸੇ ਵਿਚ ਸਾਹਮਣੇ ਆਏ ਠੋਸ ਇਤਿਹਾਸਕ ਪ੍ਰਮਾਣ, ਊਧਮ ਸਿੰਘ ਦੇ ਬਿਆਨ, ਚਿੱਠੀਆਂ ਖ਼ਾਸ ਕਰ ਕੇ ਫ਼ਾਂਸੀ ਲੱਗਣ ਤੋਂ ਪਹਿਲਾਂ ਅਦਾਲਤ ਵਿਚ ਜੱਜ ਸਾਹਮਣੇ ਦਿੱਤਾ ਬਿਆਨ ਸਪੱਸ਼ਟ ਐਲਾਨਨਾਮਾ ਹੈ ਕਿ ਊਧਮ ਸਿੰਘ ਦੇ ਦੁਸ਼ਮਣ ਅਤੇ ਮਿੱਤਰ ਕੌਣ ਹਨ। ਉਹ ਸਾਫ਼ ਸ਼ਬਦਾਂ ਵਿਚ ਬਿਆਨ ਕਰਦਾ ਹੈ ਕਿ ਅਨੇਕਾਂ ਅੰਗਰੇਜ਼ ਉਸ ਦੇ ਦੋਸਤ ਹਨ। ਉਹ ਤਾਂ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਣ ਵਾਲੇ ਪ੍ਰਬੰਧ ਦੇ ਖ਼ਿਲਾਫ਼ ਹੈ।

ਹੁਕਮਰਾਨ ਜਰਵਾਣਿਆਂ ਨੂੰ ਭੁਲੇਖਾ ਰਿਹਾ ਹੈ ਕਿ ਸ਼ਾਇਦ ਦੇਸ਼ ਭਗਤਾਂ ਦੇ ਬੋਲ ਦਫ਼ਨ ਹੋ ਜਾਣਗੇ। ਉਹ ਮਿੱਟੀ ਵਿਚ ਸੌਂਦੇ ਜਾਂ ਦਮ ਨਹੀਂ ਤੋੜਦੇ, ਉਹ ਮੌਕਾ ਮਿਲਣ 'ਤੇ ਉੱਗ ਪੈਂਦੇ ਹਨ। 5 ਜੂਨ 1940 ਨੂੰ ਜੋ ਬਿਆਨ ਊਧਮ ਸਿੰਘ ਨੇ ਅਦਾਲਤ ਵਿਚ ਦਿੱਤਾ, ਉਸ ਵਿਚ ਇਹ ਵੀ ਦਰਜ ਹੈ ਕਿ ਬਰਤਾਨਵੀ ਹਕੂਮਤ ਸਾਡੇ ਲੋਕਾਂ ਨੂੰ ਜੇਲ੍ਹਾਂ ਅੰਦਰ ਡੱਕ ਕੇ ਮੌਤ ਦੇ ਮੂੰਹ ਧੱਕ ਰਹੀ ਹੈ। ਇਹ ਇਕ ਦਿਨ ਜ਼ਰੂਰ ਆਜ਼ਾਦ ਹੋਣਗੇ। ਅੱਜ 1940 ਤੋਂ 2023 ਆ ਗਿਆ, ਅੱਜ ਵੀ ਸਾਡੇ ਮੁਲਕ ਦੇ ਹਾਕਮ ਬਰਤਾਨਵੀ ਹਕੂਮਤ ਦੇ ਪਦਚਿੰਨ੍ਹਾਂ 'ਤੇ ਚੱਲਦੇ ਹੋਏ ਹੱਕ, ਸੱਚ ਤੇ ਇਨਸਾਫ਼ ਦੀ ਗੱਲ ਕਰਦੇ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਸਾਹਿਤਕਾਰਾਂ, ਪੱਤਰਕਾਰਾਂ, ਜਮਹੂਰੀ ਤੇ ਸਮਾਜਿਕ ਕਾਮਿਆਂ ਨੂੰ ਬਿਨਾਂ ਮੁਕੱਦਮੇ ਚਲਾਏ ਜਾਂ ਝੂਠੇ ਕੇਸ ਮੜ੍ਹ ਕੇ ਕਈ ਵਰ੍ਹਿਆਂ ਤੋਂ ਸੀਖਾਂ ਪਿੱਛੇ ਡੱਕੀ ਬੈਠੀ ਹੈ। ਊਧਮ ਸਿੰਘ ਦੇ ਬੋਲ ਅੱਜ ਵੀ ਹਵਾਵਾਂ ਵਿਚ ਗੂੰਜਦੇ ਹਨ: ਕੀ ਅਸੀਂ ਅਜਿਹੀ ਆਜ਼ਾਦੀ ਲਈ ਆਪਣਾ ਸਭ ਕੁਝ ਨਿਛਾਵਰ ਕੀਤਾ ਸੀ?

ਊਧਮ ਸਿੰਘ ਦੀ ਵਿਚਾਰਧਾਰਾ, ਆਪਣੇ ਆਪ ਨੂੰ ਮੁਹੰਮਦ ਸਿੰਘ ਆਜ਼ਾਦ ਕਹਾਉਣ ਪਿੱਛੇ ਕੰਮ ਕਰਦੇ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਦੇ ਮਨੋਰਥ ਅਤੇ ਉਸ ਦੀ ਆਜ਼ਾਦੀ ਦੇ ਸੰਕਲਪ ਨੂੰ ਸਮਝਣਾ, ਉਸ ਦੀ ਪੂਰਤੀ ਲਈ ਉੱਦਮ ਜੁਟਾਉਣਾ ਹੀ ਊਧਮ ਸਿੰਘ ਦੇ ਕੁਝ ਲੱਗਦੇ ਹੋਣ ਦਾ ਪ੍ਰਮਾਣ ਹੈ।

# ਕਿਰਤੀ ਕਿਸਾਨ ਯੂਨੀਅਨ ਨੇ ਵਿਚਾਰ-ਚਰਚਾ ਆਯੋਜਿਤ ਕਰਕੇ ਮਨਾਇਆ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ

ਉੜਾਪੜ, (ਬਲਜਿੰਦਰ ਸਿੰਘ ਪਟਿਆਲਾ) : ਲਾਸਾਨੀ ਕੁਰਬਾਨੀ ਦੇ ਚਿੰਨ੍ਹ ਮਹਾਨ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ ਰਸਮ ਦੇ ਤੌਰ 'ਤੇ ਮਨਾਉਣ ਦੀ ਬਜਾਏ ਕਿਰਤੀ ਕਿਸਾਨ ਯੂਨੀਅਨ ਪਿੰਡ ਉੜਾਪੜ ਵਲੋਂ ਇਨ੍ਹਾਂ ਇਤਿਹਾਸਕ ਸ਼ਹਾਦਤਾਂ ਨੂੰ ਸਮਰਪਿਤ ਸੈਮੀਨਾਰ ਆਯੋਜਿਤ ਕਰਕੇ ਵਿਚਾਰ ਚਰਚਾ ਕਰਵਾਈ ਗਈ ਜਿਸ ਵਿਚ ਪਿੰਡ ਦੀਆਂ ਔਰਤਾਂ, ਕਿਸਾਨਾਂ ਅਤੇ ਹੋਰ ਪਿੰਡ ਵਾਸੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਦਲਜੀਤ ਸਿੰਘ, ਬੂਟਾ ਸਿੰਘ ਮਹਿਮੂਦਪੁਰ, ਢਾਡੀ ਗੁਰਦੀਪ ਸਿੰਘ ਅਤੇ ਮਾਸਟਰ ਨਰਿੰਦਰ ਸਿੰਘ ਨੇ ਕਿਹਾ ਕਿ ਇਤਿਹਾਸਕ ਸਿੱਖ ਜੱਦੋਜਹਿਦ ਕਿਸੇ ਖ਼ਾਸ ਧਰਮ ਜਾਂ ਧਾਰਮਿਕ ਫਿਰਕੇ ਵਿਰੁੱਧ ਨਾ ਹੋ ਕੇ ਜਬਰ-ਜ਼ੁਲਮ, ਬੇਇਨਸਾਫ਼ੀ ਅਤੇ ਨਿਰੰਕੁਸ਼ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਹੱਕ, ਸੱਚ ਅਤੇ ਇਨਸਾਫ਼ ਦੀ ਜੱਦੋਜਹਿਦ ਸੀ। ਜਿਸ ਦੇ ਪਿੱਛੇ ਜਾਤਪਾਤ ਅਤੇ ਹਰ ਤਰ੍ਹਾਂ ਦੀ ਨਾਬਰਾਬਰੀ ਨੂੰ ਖ਼ਤਮ ਕਰਕੇ ਸਾਂਝੀਵਾਲਤਾ ਅਤੇ ਬਰਾਬਰੀ 'ਤੇ ਆਧਾਰਿਤ, ਭੈਅਮੁਕਤ ਲੋਕਪੱਖੀ ਸਮਾਜ ਸਿਰਜਣ ਦੀ ਵਿਚਾਰਧਾਰਾ ਹੈ। ਜਿਸ ਦਾ ਨਿਚੋੜ ਮਨੁੱਖੀ ਹੱਕਾਂ ਅਤੇ ਮਨੁੱਖੀ ਮਾਣ-ਸਨਮਾਨ ਦੀ ਰਾਖੀ ਲਈ ਜੱਦੋਜਹਿਦ ਹੈ। ਗੁਰੂ ਸਾਹਿਬਾਨ ਨੇ ਵਿਚਾਰਧਾਰਕ, ਸਮਾਜਿਕ ਅਤੇ ਰਾਜਨੀਤਕ ਰੂਪ 'ਚ ਸਮੇਂ ਦੇ ਹੁਕਮਰਾਨਾਂ ਅਤੇ ਲੋਕਾਂ ਨੂੰ ਮਾਨਸਿਕ ਗ਼ੁਲਾਮੀ 'ਚ ਜਕੜਨ ਵਾਲੀਆਂ ਹੋਰ ਪਿਛਾਖੜੀ ਤਾਕਤਾਂ ਵਿਰੁੱਧ ਸਮੇਂ ਦੀ ਜ਼ਰੂਰਤ ਅਨੁਸਾਰ ਸ਼ਾਂਤਮਈ ਅਤੇ ਹਥਿਆਰਬੰਦ ਲੜਾਈ ਲੜਕੇ ਸ਼ਹਾਦਤਾਂ ਅਤੇ ਕੁਰਬਾਨੀਆਂ ਦਾ ਇਤਿਹਾਸ ਰਚਿਆ। ਹਾਕਮ ਜਮਾਤਾਂ ਅਤੇ ਧਾਰਮਿਕ ਰੂੜ੍ਹੀਵਾਦੀ ਤਾਕਤਾਂ ਸ਼ਹਾਦਤਾਂ ਦਾ ਰਸਮੀਂ ਗੁਣਗਾਣ ਕਰਕੇ ਆਮ ਲੋਕਾਈ ਨੂੰ ਇਸ ਸ਼ਾਨਾਮੱਤੇ ਇਤਿਹਾਸ ਦੀ ਅਸਲ ਪ੍ਰੇਰਨਾ ਤੋਂ ਦੂਰ ਰੱਖਦੀਆਂ ਹਨ। ਜਦਕਿ ਸਮਾਜ ਦੇ ਹਿਤਾਂ ਅਤੇ ਸਮੇਂ ਦੀ ਮੰਗ ਇਹ ਹੈ ਕਿ ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਇਤਿਹਾਸ ਉੱਪਰ ਉਸਾਰੂ ਚਰਚਾ ਕਰਕੇ ਉਸ ਲੰਮੇ ਸੰਘਰਸ਼ ਦੀ ਅਸਲ ਭਾਵਨਾ ਨੂੰ ਆਤਮਸਾਤ ਕੀਤਾ ਜਾਵੇ ਅਤੇ ਇਤਿਹਾਸਕ ਘਟਨਾਵਾਂ ਦੇ ਨਿਚੋੜ ਨੂੰ ਬਦੀ ਦੀਆਂ ਅਜੋਕੀਆਂ ਤਾਕਤਾਂ ਵਿਰੁੱਧ ਸੰਘਰਸ਼ ਦੀ ਪ੍ਰੇਰਨਾ ਬਣਾਇਆ ਜਾਵੇ। ਬੁਲਾਰਿਆਂ ਨੇ ਕਿਹਾ ਕਿ ਅੱਜ ਪੂਰੀ ਦੁਨੀਆ ਅਤੇ ਸਾਡੇ ਆਪਣੇ ਦੇਸ਼ ਵਿਚ ਲੋਟੂ ਨਿਜ਼ਾਮ ਦੀਆਂ ਹਾਕਮ ਜਮਾਤਾਂ ਮਨੁੱਖੀ ਹੱਕਾਂ ਦਾ ਬਦਰੇਗ ਘਾਣ ਕਰ ਰਹੀਆਂ ਹਨ। ਜਿਸ ਦੀਆਂ ਵੱਡੀਆਂ ਮਿਸਾਲਾਂ ਫ਼ਲਸਤੀਨ, ਕਸ਼ਮੀਰ, ਮਨੀਪੁਰ ਅਤੇ ਭਾਰਤ ਦੇ ਆਦਿਵਾਸੀ ਇਲਾਕਿਆਂ 'ਚ ਲੋਟੂ ਤੇ ਧਾੜਵੀ ਹਿਤਾਂ ਲਈ ਕੀਤੀ ਜਾ ਰਹੀ ਨਸਲਕੁਸ਼ੀ, ਔਰਤਾਂ ਵਿਰੁੱਧ ਜਿਨਸੀ ਹਿੰਸਾ ਅਤੇ ਕਤਲੇਆਮ ਹਨ। ਭਾਰਤ ਵਿਚ ਅੱਜ ਘੱਟਗਿਣਤੀਆਂ ਅਤੇ ਹੋਰ ਦੱਬੇਕੁਚਲੇ ਤੇ ਕਿਰਤੀ ਲੋਕ ਭਾਜਪਾ ਹਕੂਮਤ ਦੇ ਜਬਰ ਦੀ ਚੱਕੀ 'ਚ ਪਿਸ ਰਹੇ ਹਨ। ਬੁਲਾਰਿਆਂ ਨੇ ਕਿਹਾ ਕਿ ਅੱਜ ਦੁਨੀਆ 'ਚ ਜਿੱਥੇ ਕਿਤੇ ਵੀ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ, ਉਸ ਵਿਰੁੱਧ ਆਵਾਜ਼ ਉਠਾਉਣਾ ਅਤੇ ਮਜ਼ਲੂਮ ਧਿਰ ਨਾਲ ਖੜ੍ਹਨਾ ਹੀ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦਾਂ ਦੀ ਸ਼ਹਾਦਤ ਨੂੰ ਸੱਚੇ ਮਾਇਨਿਆਂ 'ਚ ਯਾਦ ਕਰਨਾ ਹੈ।




**ਸੈਮੀਨਾਰ 'ਚ ਸ਼ਾਮਲ ਕਿਰਤੀ ਕਿਸਾਨ ਯੂਨੀਅਨ ਦੇ ਕਾਰਕੁਨ ਤੇ ਹੋਰ ਪਿੰਡ ਵਾਸੀ**

ਇਸ ਮੌਕੇ ਸਰਵਸੰਮਤੀ ਨਾਲ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਬਿਨਾਂ ਮੁਕੱਦਮਾ ਚਲਾਏ ਝੂਠੇ ਕੇਸਾਂ ਤਹਿਤ ਜੇਲ੍ਹਾਂ 'ਚ ਡੱਕੇ ਬੁੱਧੀਜੀਵੀਆਂ ਅਤੇ ਸਿਆਸੀ ਕੈਦੀਆਂ ਤੇ ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਕ ਹੋਰ ਮਤੇ ਰਾਹੀਂ ਮੰਗ ਕੀਤੀ ਗਈ ਕਿ ਝੂਠੇ ਮੁਕਾਬਲਿਆਂ ਰਾਹੀਂ ਗ਼ੈਰਅਦਾਲਤੀ ਹੱਤਿਆਵਾਂ ਦਾ ਸਿਲਸਿਲਾ ਬੰਦ ਕੀਤਾ ਜਾਵੇ ਅਤੇ ਗੈਂਗਸਟਰਾਂ ਦੇ ਮੁਕਾਬਲਿਆਂ ਦੀ ਜਾਂਚ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਵੇ।

ਸਮਾਗਮ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕਰਨੈਲ ਸਿੰਘ ਉੜਾਪੜ, ਬਲਦੇਵ ਸਿੰਘ ਉੜਾਪੜ, ਸਰਿੰਦਰ ਸਿੰਘ ਸਰਪੰਚ, ਮੋਹਣ ਸਿੰਘ ਪੰਚ, ਸਤਨਾਮ ਸਿੰਘ , ਦਰਸ਼ਣ ਸਿੰਘ, ਪਰਮਜੀਤ ਸਿੰਘ ਬਡਵਾਲ( ਯੂ ਕੇ) ਸਮੇਤ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

# ਸਿੱਖਾਂ ਦੀ ਕਰਬਲਾ-ਸਾਕਾ ਸਰਹਿੰਦ



ਡਾ. ਇਕਬਾਲ ਸਿੰਘ ਸਕਰੌਦੀ
8427685020



**ਕੌਮਾਂ ਜਿਉਂਦੀਆਂ ਨਾਲ ਕੁਰਬਾਨੀਆਂ ਦੇ,**
**ਅਣਖ ਮਰੇ ਤੋਂ ਕੌਮ ਹੈ ਮਰ ਜਾਂਦੀ।**
**ਉਸ ਕੌਮ ਨੂੰ ਸਦਾ ਇਤਿਹਾਸ ਪੂਜੇ,**
**ਬਿਪਤਾ ਹੱਸ ਕੇ ਕੌਮ ਜੋ ਜਰ ਜਾਂਦੀ।**

ਈਸਾਈ ਧਰਮ ਦੇ ਬਾਨੀ ਹਜ਼ਰਤ ਈਸਾ ਮਸੀਹ ਨੂੰ ਇਸ ਸੰਸਾਰ ਦੇ ਪਹਿਲੇ ਸ਼ਹੀਦ ਮੰਨਿਆਂ ਜਾਂਦਾ ਹੈ, ਜਿਨ੍ਹਾਂ ਨੂੰ ਸਮੇਂ ਦੇ ਜ਼ਾਲਮ ਹਾਕਮਾਂ ਨੇ ਸੂਲੀ ਉੱਤੇ ਟੰਗ ਕੇ ਅਥਾਹ ਕਸ਼ਟ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਇਸਲਾਮ ਧਰਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਕੂਫਾ ਸ਼ਹਿਰ ਦੇ ਨੇੜੇ ਇਰਾਕ ਵਿੱਚ ਇੱਕ ਸਾਜਿਸ਼ ਨਾਲ? ਦਰਿਆ ਫ਼ਰਾਤ ਦੇ ਕੰਢੇ ਕਰਬਲਾ ਦੇ ਮੈਦਾਨ ਵਿੱਚ ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਕਰਬਲਾ ਦਾ ਮੈਦਾਨ ਉਹ ਸਥਾਨ ਹੈ, ਜਿੱਥੇ ਯਦੀਦ ਦੀਆਂ ਫ਼ੌਜਾਂ ਨੇ ਹਜ਼ਰਤ ਇਮਾਮ ਹੁਸੈਨ ਉੱਤੇ ਹਮਲਾ ਕਰਕੇ ਉਨ੍ਹਾਂ ਦੇ ਬਹੱਤਰ ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਸ਼ਹੀਦ ਹੋਣ ਵਾਲਿਆਂ ਵਿੱਚ ਹਜ਼ਰਤ ਇਮਾਮ ਹੁਸੈਨ ਦੇ ਪਰਿਵਾਰ ਦੇ ਅਠਾਰਾਂ ਮੈਂਬਰ ਵੀ ਸ਼ਾਮਲ ਸਨ।

ਸ਼ਹਾਦਤ ਦੇ ਸਮੇਂ ਹਜ਼ਰਤ ਇਮਾਮ ਹੁਸੈਨ ਦੀ ਉਮਰ ਅਠਵੰਜਾ ਸਾਲ ਸੀ। ਜਦੋਂ ਕਿ ਕਰਬਲਾ ਦੇ ਮੈਦਾਨ ਵਿੱਚ ਸ਼ਹੀਦ ਹੋਣ ਵਾਲੇ ਉਨ੍ਹਾਂ ਦੇ ਦੋ ਪੁੱਤਰ ਅਲੀ ਅਕਬਰ ਦੀ ਉਮਰ ਅਠਾਰਾਂ ਸਾਲ, ਅਲੀ ਅਸਗਰ ਦੀ ਉਮਰ ਕੇਵਲ ਛੇ ਮਹੀਨੇ ਦੀ ਸੀ। ਉਨ੍ਹਾਂ ਦੇ ਦੋ ਭਾਣਜੇ ਔਨ ਅਤੇ ਮੁਹੰਮਦ ਦੀ ਉਮਰ ਕ੍ਰਮਵਾਰ ਨੌਂ ਅਤੇ ਦਸ ਸਾਲ ਦੀ ਸੀ।

ਇਨ੍ਹਾਂ ਸਾਰੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਿੱਜਦਾ ਕਰਨ ਲਈ ਸ਼ੀਆ ਮੁਸਲਮਾਨਾਂ ਵੱਲੋਂ ਹਰ ਸਾਲ ਦਸ ਮੁਹੱਰਮ ਨੂੰ ਤਾਜ਼ੀਆ ਕੱਢਿਆ ਜਾਂਦਾ ਹੈ। ਇਸਲਾਮ ਦੇ ਪੈਰੋਕਾਰ ਆਪਣੇ ਇਤਿਹਾਸ ਵਿੱਚ ਮੁਹੱਰਮ ਦੇ ਮਹੀਨੇ ਨੂੰ ਬਹੁਤ ਹੀ ਅਫ਼ਸੋਸਨਾਕ ਸਮਾਂ ਮੰਨਦੇ ਹਨ।

ਇੱਥੋਂ ਤੱਕ ਕਿ ਮੁਹੱਰਮ ਦਾ ਚੰਨ ਚੜ੍ਹਨ ਸਮੇਂ ਸ਼ੀਆ ਫ਼ਿਰਕੇ ਨਾਲ ਸੰਬੰਧਿਤ ਔਰਤਾਂ ਆਪਣੀਆਂ ਚੂੜੀਆਂ ਤੱਕ ਤੋੜ ਦਿੰਦੀਆਂ ਹਨ। ਉਹ ਚਾਲੀ ਦਿਨਾਂ ਤੱਕ ਕਿਸੇ ਪ੍ਰਕਾਰ ਦਾ ਹਾਰ ਸ਼ਿੰਗਾਰ ਵੀ ਨਹੀਂ ਕਰਦੀਆਂ। ਉਹ ਸੋਗ ਵਜੋਂ ਸਿਆਹ ਰੰਗ ਦੀ ਪੁਸ਼ਾਕ ਪਹਿਨਦੀਆਂ ਹਨ। ਚਾਲੀ ਦਿਨਾਂ ਤੱਕ ਕੋਈ ਖ਼ੁਸ਼ੀ ਨਹੀਂ ਮਨਾਈ ਜਾਂਦੀ। ਭੋਜਨ ਵੀ ਬਿਲਕੁਲ ਸਾਦਾ ਤਿਆਰ ਕੀਤਾ ਜਾਂਦਾ ਹੈ। ਸੁਆਦਲੇ ਅਤੇ ਲਜ਼ੀਜ਼ ਪਕਵਾਨ ਬਿਲਕੁਲ ਨਹੀਂ ਪਕਾਏ ਜਾਂਦੇ।

ਇਹ ਸਮਾਂ ਗ਼ਮ-ਏ-ਹੁਸੈਨ ਦੇ ਤੌਰ 'ਤੇ ਅੰਤਾਂ ਦੀ ਉਦਾਸੀ, ਸਾਦਗੀ, ਹਲੀਮੀ ਵਿੱਚ ਰਹਿ ਕੇ ਗੁਜ਼ਾਰਿਆ ਜਾਂਦਾ ਹੈ। ਸ਼ੀਆ ਮੱਤ ਨੂੰ ਮੰਨਣ ਵਾਲੇ ਮੁਸਲਮਾਨ ਮਰਦ ਤਾਜ਼ੀਅਤ ਕੱਢਣ ਵੇਲੇ ਆਪਣੀਆਂ ਛਾਤੀਆਂ ਪਿੱਟ-ਪਿੱਟ ਕੇ 'ਯਾ-ਹੁਸੈਨ ਯਾ-ਹੁਸੈਨ' ਪੁਕਾਰਦੇ ਹੋਏ ਲਹੂ ਲੁਹਾਣ ਹੋ ਜਾਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇੰਝ ਕਰਨ ਨਾਲ? ਉਹ ਇਨ੍ਹਾਂ ਸ਼ਹਾਦਤਾਂ ਨੂੰ ਲਹੂ ਦਾ ਨਜ਼ਰਾਨਾ ਭੇਟ ਕਰਦੇ ਹਨ।

ਕਰਬਲਾ ਦੇ ਮੈਦਾਨ ਦੇ ਇਸ ਦਰਦਨਾਕ ਮੰਜ਼ਰ ਨੂੰ ਉਰਦੂ ਫ਼ਾਰਸੀ ਜ਼ਬਾਨ ਦੇ ਮਹਾਨ ਕਵੀ ਮੁਹੰਮਦ ਇਕਬਾਲ ਇੰਝ ਬਿਆਨ ਕਰਦੇ ਹਨ –

**'ਕਤਲ-ਏ-ਹੁਸੈਨ ਅਸਲ**
**ਮੇਂ ਮਰਗ-ਏ-ਯਦੀਦ ਹੈ,**
**ਇਸਲਾਮ ਜ਼ਿੰਦਾ ਹੋਤਾ ਹੈ**
**ਹਰ 'ਕਰਬਲਾ' ਕੇ ਬਾਅਦ।'**

ਜਦੋਂ ਅਸੀਂ ਸਿੱਖ ਧਰਮ ਦੇ ਇਤਿਹਾਸ ਦੇ ਰੂਬਰੂ ਹੁੰਦੇ ਹਾਂ ਤਾਂ ਸ਼ਹਾਦਤਾਂ ਦੀ ਇੱਕ ਲੰਮੀ ਲੜੀ ਸਾਡੇ ਸਾਹਮਣੇ ਸਾਕਾਰ ਹੋ ਜਾਂਦੀ ਹੈ।

ਜਿਸ ਵਿੱਚ ਸਭ ਤੋਂ ਪਹਿਲਾਂ ਸਿੱਖ ਧਰਮ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸਮੇਂ ਦੀ ਮੁਗ਼ਲ ਹਕੂਮਤ ਨੇ ਇਸ ਲਈ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰ ਦਿੱਤਾ ਸੀ, ਕਿਉਂ ਜੋ ਉਨ੍ਹਾਂ ਨੇ ਆਪਣੀ ਰਚੀ ਬਾਣੀ ਤੋਂ ਇਲਾਵਾ ਆਪਣੇ ਤੋਂ ਪਹਿਲਾਂ ਹੋਏ ਚਾਰ ਸਿੱਖ ਗੁਰੂ ਸਾਹਿਬਾਨ ਦੀ ਬਾਣੀ, ਸੂਫ਼ੀ ਸੰਤਾਂ ਦਰਵੇਸ਼ਾਂ ਦੀ ਬਾਣੀ, ਹਿੰਦੂ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਇੱਕ ਜਗ੍ਹਾ ਇਕੱਤਰ ਕਰਕੇ 'ਆਦਿ ਗ੍ਰੰਥ' ਦੀ ਸੰਪਾਦਨਾ ਦੇ ਕਾਰਜ ਨੂੰ ਸੰਪੂਰਨ ਕਰਵਾਇਆ ਸੀ। ਮੁਗ਼ਲ ਬਾਦਸ਼ਾਹ ਜਹਾਂਗੀਰ ਇਸ ਮਹਾਨ ਕਾਰਜ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਨਿਮਰਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਨੂੰ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ, ਮਾਨਵਤਾ ਨੂੰ ਬਚਾਉਣ ਲਈ, ਜ਼ਬਰ-ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਆਪਣਾ ਬਲੀਦਾਨ ਦੇ ਦਿੱਤਾ ਤਾਂ ਜੋ ਸਮਾਜ ਵਿੱਚ ਸੱਚੀਆਂ ਸੁੱਚੀਆਂ ਉੱਚੀਆਂ ਕਦਰਾਂ ਕੀਮਤਾਂ ਸਥਾਪਤ ਹੋ ਸਕਣ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਦੀ ਧਰਮ ਦੀ ਰੱਖਿਆ ਹਿੱਤ ਦਿੱਲੀ ਵਿੱਚ ਦਿੱਤੀ ਲਾਸਾਨੀ ਸ਼ਹਾਦਤ ਨੂੰ 'ਸਾਕਾ' ਕਹਿੰਦੇ ਹੋਏ ਲਿਖਿਆ ਹੈ –

**'ਧਰਮ ਹੇਤ ਸਾਕਾ ਜਿਨਿ ਕੀਆ।।**
**ਸੀਸੁ ਦੀਆ ਪਰ ਸਿਰਰੁ ਨ ਦੀਆ।।'**

ਗੁਰੂ ਤੇਗ਼ ਬਹਾਦਰ ਜੀ ਨਾਲ ਹੀ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਜੀ ਨੂੰ ਵੀ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹੀਦੀ ਦੇ ਕਾਰਨ ਉਸ ਸੰਦਰਭ ਵਿੱਚ ਪਏ ਹਨ, ਜਿਹੜਾ ਪਹਾੜੀ ਰਾਜਿਆਂ ਅਤੇ ਮੁਗ਼ਲ ਸਲਤਨਤ ਦੀਆਂ ਸਾਂਝੀਆਂ ਫ਼ੌਜਾਂ ਨੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾਇਆ ਹੋਇਆ ਸੀ।

ਇਤਿਹਾਸਕ ਹਵਾਲਿਆਂ ਅਨੁਸਾਰ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਮਈ 1704 ਈਸਵੀ ਨੂੰ ਆਨੰਦਪੁਰ ਦੇ ਕਿਲ੍ਹੇ ਨੂੰ ਘੇਰਿਆ ਸੀ। ਇਸ ਪ੍ਰਕਾਰ ਖ਼ਾਲਸਾ ਫ਼ੌਜਾਂ ਅਤੇ ਦੁਸ਼ਮਣਾਂ ਦਰਮਿਆਨ ਸੱਤ ਮਹੀਨੇ ਤੋਂ ਵੱਧ ਸਮੇਂ ਤੱਕ ਲੜਾਈ ਚੱਲਦੀ ਰਹੀ। ਇੰਨੇ ਲੰਮੇ ਸਮੇਂ ਦੌਰਾਨ ਕਿਲ੍ਹੇ ਅੰਦਰ ਸਿੱਖ ਫ਼ੌਜਾਂ ਕੋਲ ਰਸਦ ਪਾਣੀ ਖ਼ਤਮ ਹੋਣ 'ਤੇ ਆ ਗਿਆ। ਇਸੇ ਚੱਲਦੀ ਲੜਾਈ ਦੌਰਾਨ ਭੁੱਖ ਅਤੇ ਤ੍ਰੇਹ ਤੋਂ ਆਤੁਰ ਹੋਏ ਚਾਲੀ ਸਿੰਘ ਦਸਮੇਸ਼ ਪਿਤਾ ਨੂੰ ਬੇਦਾਵਾ ਲਿਖ ਕੇ ਕਿਲ੍ਹੇ 'ਚੋਂ ਬਾਹਰ ਨਿੱਕਲ ਗਏ ਸਨ।

ਦੂਜੇ ਪਾਸੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਲਸ਼ਕਰ ਵੀ ਇੰਨੀ ਲੰਮੀ ਲੜਾਈ ਕਰਕੇ ਥੱਕ ਟੁੱਟ ਚੁੱਕੇ ਸਨ। ਉਹ ਵੀ ਹੁਣ ਲੜਾਈ ਲੜਨ ਦੇ ਪੱਖ ਵਿੱਚ ਨਹੀਂ ਸਨ। ਉਨ੍ਹਾਂ ਲੋਕਾਂ ਵੱਲੋਂ ਗਊਆਂ ਅਤੇ ਪਵਿੱਤਰ ਗ੍ਰੰਥ ਕੁਰਾਨ ਸ਼ਰੀਫ਼ ਦੀਆਂ ਝੂਠੀਆਂ ਸਹੁੰਆਂ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਕਿਲ੍ਹਾ ਖ਼ਾਲੀ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇਣ ਦਾ ਵਾਅਦਾ ਕੀਤਾ ਗਿਆ। ਪਰੰਤੂ ਗੁਰੂ ਸਾਹਿਬ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਚਾਲਾਂ ਤੋਂ ਬਾਖ਼ੂਬੀ ਚੇਤੰਨ ਸਨ।

ਪਰੰਤੂ ਜਦੋਂ ਪੰਜ ਪਿਆਰਿਆਂ ਨੇ ਦਸਮੇਸ਼ ਪਿਤਾ ਨੂੰ ਕਿਲ੍ਹਾ ਖ਼ਾਲੀ ਕਰਨ ਲਈ ਹੁਕਮਨਾਮਾ ਜਾਰੀ ਕੀਤਾ ਤਾਂ ਉਹ ਕਿਲ੍ਹਾ ਖ਼ਾਲੀ ਕਰਨ ਲਈ ਮਜਬੂਰ ਹੋ ਗਏ।

ਆਖ਼ਰ ਵਿੱਚ ਦਸਮੇਸ਼ ਪਿਤਾ ਖ਼ਾਲਸਾ ਫ਼ੌਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਛੇ ਪੋਹ ਦੀ ਰਾਤ ਨੂੰ ਆਨੰਦਪੁਰ ਦਾ ਕਿਲ੍ਹਾ ਖ਼ਾਲੀ ਕਰਕੇ ਰੋਪੜ ਵੱਲ ਚਾਲੇ ਪਾ ਦਿੱਤੇ। ਸਾਹਿਬਜ਼ਾਦਾ ਅਜੀਤ ਸਿੰਘ ਨੂੰ ਕਾਫ਼ਲੇ ਦੀ ਪਿੱਛੇ ਤੋਂ ਸੁਰੱਖਿਆ ਦੀ ਕਮਾਨ ਸੌਂਪੀ ਗਈ ਸੀ। ਸਾਰਾ ਵਹੀਰ ਸਰਸਾ ਨਦੀ ਦੇ ਕੰਢੇ 'ਤੇ ਪਹੁੰਚਿਆ।

ਆਨੰਦਪੁਰ ਤੋਂ ਹੀ ਪਿੱਛਾ ਕਰਦੀ ਆ ਰਹੀਆਂ ਮੁਗ਼ਲ ਫ਼ੌਜਾਂ ਨੇ ਫਿਰ ਹਮਲਾ ਕਰ ਦਿੱਤਾ। ਸਰਸਾ ਨਦੀ ਵਿੱਚ ਉਸ ਵੇਲੇ ਬਹੁਤ ਜ਼ਿਆਦਾ ਪਾਣੀ ਚੜ੍ਹਿਆ ਹੋਇਆ ਸੀ। ਸਰਸਾ ਦੇ ਕੰਢੇ 'ਤੇ ਹੀ ਖ਼ਾਲਸਾ ਫ਼ੌਜਾਂ ਦੀ ਦੁਸ਼ਮਣਾਂ ਨਾਲ ਬੜੀ ਗਹਿ-ਗੱਡਵੀਂ ਲੜਾਈ ਹੋਈ। ਇਸ ਅਚਾਨਕ ਪਿੱਛੇ ਤੋਂ ਹੋਏ ਹਮਲੇ ਕਾਰਨ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਫ਼ੌਜੀ ਸ਼ਹੀਦ ਹੋ ਗਏ।

ਸਿੱਖ ਧਰਮ ਨਾਲ ਸੰਬੰਧਿਤ ਬੇਸ਼ਕੀਮਤੀ ਸਾਹਿਤ ਸਰਸਾ ਨਦੀ ਦੇ ਤੇਜ਼ ਵਹਾਅ ਵਿੱਚ ਵਹਿ ਗਿਆ। ਇਸੇ ਸਥਾਨ 'ਤੇ ਦਸਮੇਸ਼ ਪਿਤਾ ਦਾ ਸਮੁੱਚਾ ਪਰਿਵਾਰ ਖੇਰੂੰ-ਖੇਰੂੰ ਹੋ ਕੇ ਵਿੱਖਰ ਗਿਆ।

ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ, ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਦੇ ਜੱਥੇ ਨਾਲ ਰੋਪੜ ਵੱਲ ਚੱਲ ਪਏ। ਬੀਬੀ ਬੀਬੋ ਅਤੇ ਬੀਬੀ ਭਾਗੋ ਉਨ੍ਹਾਂ ਨਾਲ? ਦੋ ਸੇਵਿਕਾਵਾਂ ਵੀ ਸਨ।

ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਚਾਲੀ ਸਿੰਘ ਚਮਕੌਰ ਵੱਲ ਚੱਲ ਪਏ।

ਮਾਤਾ ਗੁਜਰੀ ਜੀ, ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਵੱਖਰੇ ਪਹਾੜੀ ਰਾਹਾਂ ਤੇ ਚੱਲਦੇ ਹੋਏ ਅੱਗੇ ਵਧਣ ਲੱਗੇ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢ, ਉੱਤੋਂ ਲਗਾਤਾਰ ਹੋ ਰਹੀ ਬਰਸਾਤ ਵਿੱਚ ਭਿੱਜਦੇ ਹੋਏ ਦੋ ਛੋਟੇ ਛੋਟੇ ਮਸੂਮ ਬਾਲ ਦਾਦੀ ਮਾਂ ਦੀ ਉਂਗਲੀ ਫੜ ਕੇ ਜੰਗਲਾਂ ਵਿੱਚੋਂ ਦੀ ਹੁੰਦੇ ਹੋਏ ਹਨੇਰੇ ਵਿੱਚ ਲਗਾਤਾਰ ਤੁਰਦੇ ਹੋਏ ਆਪਣੀ ਜ਼ਿੰਦਗੀ ਦੇ ਔਕੜਾਂ ਭਰੇ ਸਫ਼ਰ ਨੂੰ ਤਹਿ ਕਰਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਦੋਂ ਮੁਸ਼ਕਲ ਪੈਂਡਿਆਂ ਤੇ ਚੱਲਦੇ ਹੋਏ ਮਾਸੂਮ ਬਾਲ ਦਾਦੀ ਮਾਂ ਨੂੰ ਸਵਾਲ ਕਰਦੇ ਹਨ ਤਾਂ ਉਸ ਸਮੇਂ ਦੇ ਦ੍ਰਿਸ਼ ਨੂੰ ਮਹਾਨ ਲਿਖਾਰੀ ਅੱਲ੍ਹਾ ਯਾਰ ਖਾਂ ਜੋਗੀ ਆਪਣੇ ਵੈਰਾਗ ਮਈ ਸ਼ਬਦਾਂ ਵਿੱਚ ਬਿਆਨ ਕਰਦਾ ਹੋਇਆ ਇੰਝ ਲਿਖਦਾ ਹੈ–

**'ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ।**
**ਦਰਯਾ ਪਿ ਹਮ ਕੋ ਛੋੜ ਕੇ ਰਾਹੀ ਕਿਧਰ ਗਏ।**
**ਤੜਪਾ ਕੇ ਹਾਏ ਸੂਰਤ ਮਾਹੀ ਕਿਧਰ ਗਏ।**
**ਅੱਬਾ ਭਗਾ ਕੇ ਲਸ਼ਕਰਿ ਸ਼ਾਹੀ ਕਿਧਰ ਗਏ।'**

ਇਤਿਹਾਸਕਾਰਾਂ ਅਨੁਸਾਰ ਮਾਤਾ ਗੁਜਰੀ ਜੀ ਪਰਿਵਾਰ ਤੋਂ ਵਿੱਛੜ ਕੇ ਸਰਸਾ ਨਦੀ ਦੇ ਕੰਢੇ ਤੁਰਦੇ ਹੋਏ ਸਤਲੁਜ ਦਰਿਆ ਦੇ ਪੱਤਣ 'ਤੇ ਪੁੱਜ ਗਏ, ਜਿੱਥੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਮਿਲ ਜਾਂਦੀ ਹੈ। ਸਰਸਾ ਅਤੇ ਸਤਲੁਜ ਦੇ ਇਸ ਸਾਂਝੇ ਪੱਤਣ ਉੱਤੇ ਕੁੰਮਾ ਨਾਂ ਦੇ ਮਾਸ਼ਕੀ ਦੀ ਘਾਹ ਫ਼ੂਸ ਅਤੇ ਕੱਖਾਂ ਕਾਨਿਆਂ ਦੀ ਬਣੀ ਹੋਈ ਛੋਟੀ ਜਿਹੀ ਇੱਕ ਝੁੱਗੀ ਸੀ। ਬਿੱਖੜੇ ਰਾਹਾਂ 'ਤੇ ਤੁਰਦੇ ਹੋਏ ਮਾਤਾ ਗੁਜਰੀ ਜੀ ਦੋਵੇਂ ਪੋਤਿਆਂ ਨਾਲ? ਇਸ ਝੁੱਗੀ ਵਿੱਚ ਪੁੱਜਦੇ ਹਨ।

ਕੁੰਮਾਮਾਸ਼ਕੀ ਇੱਕ ਨੇਕ ਅਤੇ ਰੱਬ ਦਾ ਖ਼ੌਫ਼ ਖਾਣ ਵਾਲਾ ਇੱਕ ਸੱਚਾ ਸੁੱਚਾ ਇਨਸਾਨ ਸੀ। ਉਸ ਨੇ ਤਿੰਨਾਂ ਰੂਹਾਨੀ ਮੂਰਤਾਂ ਨੂੰ ਆਪਣੀ ਛੰਨ ਵਿੱਚ ਵਿਸ਼ਰਾਮ ਕਰਨ ਦੀ ਬੇਨਤੀ ਕੀਤੀ। ਇਸ ਪ੍ਰਕਾਰ ਉਹ ਰਾਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਗੁਜ਼ਾਰੀ।

ਨੇੜਲੇ ਪਿੰਡ ਵਿੱਚ ਰਹਿੰਦੀ ਲੱਛਮੀ ਨਾਂ ਦੀ ਇੱਕ ਬ੍ਰਾਹਮਣ ਇਸਤਰੀ ਕੋਲੋਂ ਕੁੰਮਾ ਮਾਸ਼ਕੀ ਭੋਜਨ ਲੈ ਕੇ ਆਇਆ। ਉਸ ਔਰਤ ਨੇ ਠੰਢ ਤੋਂ ਬਚਣ ਲਈ ਉਸ ਨੂੰ ਕੁਝ ਗਰਮ ਕੱਪੜੇ ਵੀ ਦਿੱਤੇ। ਅਗਲੇ ਦਿਨ ਚੜ੍ਹੇ ਲੱਛਮੀ ਆਪ ਭੋਜਨ ਤਿਆਰ ਕਰ ਕੇ ਲੈ ਕੇ ਆਈ। ਉਸ ਨੇ ਆਪਣੇ ਹੱਥੀਂ ਕੁੰਮੇ ਮਾਸ਼ਕੀ ਸਮੇਤ ਚਾਰਾਂ ਨੂੰ ਭੋਜਨ ਛਕਾਇਆ।

ਇਤਿਹਾਸਕਾਰਾਂ ਅਨੁਸਾਰ ਗੰਗੂ ਬ੍ਰਾਹਮਣ ਵੀ ਕੁੰਮੇ ਮਾਸ਼ਕੀ ਦੀ ਝੌਂਪੜੀ ਵਿੱਚ ਆ ਕੇ ਹੀ ਮਾਤਾ ਜੀ ਨੂੰ ਮਿਲਿਆ ਸੀ। ਇਸ ਦਾ ਜ਼ਿਕਰ 'ਪੋਹ ਦੀਆਂ ਰਾਤਾਂ' ਪੁਸਤਕ ਵਿੱਚ ਕੀਤਾ ਗਿਆ ਮਿਲਦਾ ਹੈ। ਇਹ ਛੰਨ ਵਾਲਾ ਸਥਾਨ ਵੀ ਪਿੰਡ ਚੱਕ ਢੇਰਾ ਜ਼ਿਲ੍ਹਾ ਰੋਪੜ ਵਿੱਚ ਹੀ ਹੈ।

ਮਾਤਾ ਗੁਜਰੀ, ਦੋਵੇਂ ਸਾਹਿਬਜ਼ਾਦਿਆਂ, ਗੰਗੂ ਅਤੇ ਇੱਕ ਖੱਚਰ ਨੂੰ ਆਪਣੀ ਬੇੜੀ ਵਿੱਚ ਬਿਠਾ ਕੇ ਕੁੰਮਾ ਮਾਸ਼ਕੀ ਸਤਲੁਜ ਦਰਿਆ ਦੇ ਕੰਢੇ ਪਿੰਡ ਚੱਕ ਢੇਰਾ ਲੈ ਆਇਆ। ਮਾਤਾ ਗੁਜਰੀ ਨੇ ਇੱਥੋਂ ਜਾਣ ਸਮੇਂ ਲੱਛਮੀ ਨੂੰ ਦੋ ਮੁਹਰਾਂ ਦੇ ਮੁੱਲ ਵਾਲੀ ਕੀਮਤੀ ਆਰਸੀ ਅਤੇ ਸੋਨੇ ਦੀਆਂ ਪੰਜ ਚੂੜੀਆਂ ਦਿੱਤੀਆਂ। ਕੁੰਮੇ ਮਾਸ਼ਕੀ ਨੂੰ ਮਾਤਾ ਜੀ ਨੇ ਪੰਜ ਰੁਪਏ ਦਿੱਤੇ।

ਇੱਥੋਂ ਹੀ ਗੰਗੂ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈ ਗਿਆ ਸੀ। ਮਾਤਾ ਜੀ ਕੋਲ ਬਹੁਤ ਜ਼ਿਆਦਾ ਧੰਨ ਦੌਲਤ ਵੇਖ ਕੇ ਉਸ ਦਾ ਮਨ ਡੋਲ ਗਿਆ। ਉਹ ਲਾਲਚ ਵੱਸ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਇਸ ਸਥਾਨ ਤੋਂ ਜੰਗਲ ਬੀਆਬਾਨਾਂ ਵਿੱਚ ਘੁੰਮਾਉਂਦਾ ਹੋਇਆ ਪਿੰਡ ਕਾਈਨੌਰ ਪੁੱਜ ਗਿਆ, ਜੋ ਹੁਣ ਮੋਰਿੰਡੇ ਦੇ ਨੇੜੇ ਰੋਪੜ ਜ਼ਿਲ੍ਹੇ ਵਿੱਚ ਸਥਿਤ ਹੈ।

ਇਥੇ ਉਨ੍ਹਾਂ ਇੱਕ ਤਲਾਅ ਉੱਤੇ ਸੰਘਣੀ ਝਿੜੀ ਵਿੱਚ ਰਾਤ ਗੁਜ਼ਾਰੀ। ਅਗਲੇ ਦਿਨ ਗੰਗੂ ਉਨ੍ਹਾਂ ਤਿੰਨਾਂ ਨੂੰ ਆਪਣੇ ਪਿੰਡ ਸਹੇੜੀ ਲੈ ਗਿਆ। ਮਾਤਾ ਗੁਜਰੀ ਜੀ ਕੋਲ ਕੁਝ ਗਹਿਣੇ ਅਤੇ ਸੋਨੇ ਦੀਆਂ ਮੋਹਰਾਂ ਇੱਕ ਪੋਟਲੀ ਵਿੱਚ ਬੰਨ੍ਹੇ ਹੋਏ ਸਨ। ਬੱਸ ਇਨ੍ਹਾਂ ਗਹਿਣਿਆਂ, ਹੀਰਿਆਂ, ਮੋਹਰਾਂ ਦੀ ਚਮਕ ਨੇ ਗੰਗੂ ਨੂੰ ਅੰਨ੍ਹਾ ਕਰ ਦਿੱਤਾ। ਉਹ ਇਨ੍ਹਾਂ ਵਸਤਾਂ ਨੂੰ ਹਾਸਲ ਕਰਨ ਲਈ ਹੀਰਿਆਂ ਜਵਾਹਰਾਤਾਂ ਤੋਂ ਵੀ ਵੱਧ ਸੋਹਣੇ ਛੋਟੇ ਸਾਹਿਬਜ਼ਾਦਿਆਂ ਦੀ ਮੌਤ ਦਾ ਕਾਰਨ ਬਣਿਆ।

ਬੇਸ਼ੱਕ ਉਹ ਗੁਰੂ ਘਰ ਦਾ ਰਸੋਈਆ ਰਹਿ ਚੁੱਕਾ ਸੀ। ਪਰੰਤੂ ਲਾਲਚ ਵਿੱਚ ਆ ਕੇ ਉਸ ਨੂੰ ਗੁਰੂ ਦੁਆਰਾ ਕੀਤੇ ਸਾਰੇ ਉਪਕਾਰ ਵਿੱਸਰ ਗਏ। ਗੰਗੂ ਨੇ ਸਹੇੜੀ ਦੇ ਚੌਧਰੀ ਨਾਲ ਜਾ ਕੇ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਸੰਬੰਧੀ ਸਾਰੀ ਜਾਣਕਾਰੀ ਮੋਰਿੰਡੇ ਦੇ ਰੰਗੜ ਕਪਤਾਨ ਨੂੰ ਦੇ ਦਿੱਤੀ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਤੋਂ ਇਨਾਮ ਹਾਸਲ ਕਰਨ ਲਈ ਇਨ੍ਹਾਂ ਤਿੰਨਾਂ ਨੇ ਮਿਲ ਕੇ ਸਾਹਿਬਜ਼ਾਦਿਆਂ ਅਤੇ ਦਾਦੀ ਮਾਂ ਨੂੰ ਵਜ਼ੀਰ ਖ਼ਾਨ ਦੇ ਬੰਦੀ ਬਣਾ ਦਿੱਤਾ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਕੇ ਰੱਖਿਆ ਗਿਆ। ਇਸ ਬੁਰਜ ਦੇ ਚਾਰ ਥੰਮ੍ਹ ਸਨ। ਉੱਪਰ ਛੱਤ ਵੀ ਕੋਈ ਨਹੀਂ ਸੀ। ਲੋਹੇ ਦੇ ਸਰੀਏ ਵਾਲੇ ਬੜੇ ਵੱਡੇ-ਵੱਡੇ ਦਰਵਾਜੇ ਸਨ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢੀ ਹਵਾ ਕਲੇਜਿਆਂ ਨੂੰ ਚੀਰ ਕੇ ਲੰਘਦੀ ਸੀ।

ਪਰੰਤੂ ਸ਼ਹੀਦ ਦਾਦੇ ਗੁਰੂ ਤੇਗ਼ ਬਹਾਦਰ ਦੇ ਪੋਤੇ, ਬਹਾਦਰ ਸੂਰਬੀਰ ਯੋਧੇ ਗੁਰੂ ਗੋਬਿੰਦ ਸਿੰਘ ਦੇ ਲਾਲ ਆਪਣੀ ਦਾਦੀ ਮਾਂ ਦੀ ਨਿੱਘੀ ਬੁੱਕਲ ਵਿੱਚ ਬੈਠੇ ਬਹਾਦਰਾਂ, ਸੂਰਬੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀਆਂ ਲਾਸਾਨੀ ਸ਼ਹਾਦਤਾਂ ਨਾਲ? ਸੰਬੰਧਿਤ ਬਾਤਾਂ ਅਤੇ ਕਹਾਣੀਆਂ ਸੁਣ ਕੇ ਆਪਣੇ ਇਰਾਦਿਆਂ ਨੂੰ ਹੋਰ ਵੀ ਜ਼ਿਆਦਾ ਮਜ਼ਬੂਤ ਬਣਾ ਰਹੇ ਸਨ।

ਮਖ਼ਮਲੀ ਬਿਸਤਰਿਆਂ 'ਤੇ ਸੌਣ ਵਾਲੇ, ਛੱਤੀ ਪ੍ਰਕਾਰ ਦੇ ਭੋਜਨ ਪਦਾਰਥ ਖਾਣ ਵਾਲੇ ਅੱਜ ਭੁੱਖਣ ਭਾਣੇ ਠੰਢੇ ਬੁਰਜ ਵਿੱਚ ਬੈਠੇ ਦਾਦੀ ਮਾਂ ਦੀਆਂ ਅੱਖਾਂ ਵਿੱਚ ਤੱਕ ਰਹੇ ਸਨ। ਮਾਤਾ ਗੁਜਰੀ ਦੀਆਂ ਗੱਲਾਂ ਸੱਚ ਦੇ ਰਾਹ 'ਤੇ ਤੁਰੇ ਪਾਂਧੀਆਂ ਨੂੰ ਰਸਤੇ ਵਿੱਚ ਆਉਣ ਵਾਲੀਆਂ ਔਕੜਾਂ, ਮੁਸ਼ਕਲਾਂ, ਦੁਸ਼ਵਾਰੀਆਂ, ਮੁਸੀਬਤਾਂ ਨੂੰ ਚੜ੍ਹਦੀ ਕਲਾ ਵਿੱਚ ਰਹਿੰਦੇ ਹੋਏ ਖਿੜੇ ਮੱਥੇ ਬਰਦਾਸ਼ਤ ਕਰਨ ਦੀ ਸਿੱਖਿਆ ਦਿੰਦੀਆਂ ਸਨ।

ਮਾਂ ਗੁਜਰੀ ਉਨ੍ਹਾਂ ਬਾਲਾਂ ਨੂੰ ਸਮਝਾ ਰਹੀ ਸੀ ਕਿ ਬੱਚਿਓ! ਤੁਸੀਂ ਆਪਣੇ ਦਾਦੇ ਦੀ ਚਿੱਟੀ ਪਗੜੀ ਨੂੰ ਹੋਰ ਜ਼ਿਆਦਾ ਚਮਕਾਇਓ। ਜੇਕਰ ਜਾਨ 'ਤੇ ਵੀ ਆਣ ਪਵੇ ਤਾਂ ਵੀ ਸੀਸ ਬੇਸ਼ੱਕ ਕਟਵਾ ਦਿਓ, ਪਰੰਤੂ ਆਪਣੇ ਧਰਮ, ਕੌਮ, ਦੇਸ਼ ਨੂੰ ਕਦੀ ਵੀ ਪਿੱਠ ਨਹੀਂ ਦਿਖਾਉਣੀ।

ਮਾਂ ਗੁਜਰੀ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦੇ ਹੋਏ ਦੋਵੇਂ ਸਾਹਿਬਜ਼ਾਦਿਆਂ ਨੇ ਕਿਹਾ ਸੀ, 'ਦਾਦੀ ਮਾਂ, ਅਸੀਂ ਸਿਰ ਦੇ ਕੇ ਵੀ ਸਿਦਕ ਬਚਾਵਾਂਗੇ।'

ਆਖ਼ਰ ਉਹ ਮਨਹੂਸ ਦਿਨ ਚੜ੍ਹਿਆ, ਜਦੋਂ ਪਹਿਲੀ ਵਾਰੀ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਣਾ ਸੀ। ਉਸ ਸਮੇਂ ਦਾ ਵਰਨਣ ਅੱਲਾ ਯਾਰ ਖਾਂ ਜੋਗੀ ਆਪਣੀ ਰਚਨਾ 'ਸ਼ਹੀਦਾਨਿ ਵਫ਼ਾ' ਵਿੱਚ ਇਸ ਤਰ੍ਹਾਂ ਕਰਦਾ ਹੈ –

**ਜਾਨੇ ਸੇ ਪਹਲੇ ਆਓ ਗਲੇ ਲਗਾ ਤੋ ਲੂੰ,**
**ਕੇਸੋਂ ਕੋ ਕੰਘੀ ਜ਼ਰਾ ਧੁਲਾ ਤੋ ਲੂੰ,**
**ਪਿਆਰੇ ਸਰੋਂ ਪੇ ਨੰਨ੍ਹੀਂ ਸੀ ਕਲਗ਼ੀ ਸਜਾ ਤੋ ਲੂੰ,**
**ਮਰਨ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।**

ਅਗਲੇ ਦਿਨ ਸਵੇਰੇ-ਸਵੇਰੇ ਮੁਗ਼ਲ ਬਾਦਸ਼ਾਹ ਦੇ ਸਿਪਾਹੀ ਦੋਵਾਂ ਸਾਹਿਬਜ਼ਾਦਿਆਂ ਨੂੰ ਨਵਾਬ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਲਈ ਲੈਣ ਆ ਗਏ। ਮਾਤਾ ਗੁਜਰੀ ਨੇ ਦੋਵਾਂ ਪੋਤਿਆਂ ਨੂੰ ਗਲੇ ਨਾਲ ਲਗਾ ਕੇ ਪਿਆਰ ਅਤੇ ਨਿੱਘ ਦਿੱਤਾ। ਸਾਹਿਬਜ਼ਾਦੇ ਬੜੇ ਉਤਸ਼ਾਹ ਨਾਲ ਸਿਪਾਹੀਆਂ ਨਾਲ ਚੱਲ ਪਏ।

ਜਿਉਂ ਹੀ ਬਾਲ ਦਰਬਾਰ ਦੇ ਬਾਹਰ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਦਰਬਾਰ ਹਾਲ ਦਾ ਵੱਡਾ ਗੇਟ ਬੰਦ ਕੀਤਾ ਹੋਇਆ ਸੀ। ਸਾਰੇ ਲੋਕ ਇੱਕ ਬਹੁਤ ਹੀ ਛੋਟੀ ਖਿੜਕੀ ਰਾਹੀਂ ਸਿਰ ਝੁਕਾਅ ਕੇ ਅੰਦਰ ਜਾ ਰਹੇ ਸਨ। ਇਹ ਸਭ ਮੁਗ਼ਲ ਦਰਬਾਰ ਦੇ ਇੱਕ ਝੋਲੀਚੁੱਕ ਦੀਵਾਨ ਸੁੱਚਾ ਨੰਦ ਦੀ

ਇੱਕ ਚਾਲ ਸੀ। ਉਸ ਦੇ ਮਨ ਵਿੱਚ ਇਹ ਬਦਨੀਤੀ ਸੀ ਕਿ ਜਦੋਂ ਸਾਹਿਬਜ਼ਾਦੇ ਦਰਬਾਰ ਦੇ ਅੰਦਰ ਦਾਖ਼ਲ ਹੋਣ ਤਾਂ ਉਨ੍ਹਾਂ ਦੇ ਸਿਰ ਨਵਾਬ ਦੇ ਸਾਹਮਣੇ ਝੁਕ ਜਾਣ।

ਪਰੰਤੂ ਦਾਦੀ ਮਾਂ ਵੱਲੋਂ ਮਿਲੀ ਸਿੱਖਿਆ ਅਨੁਸਾਰ ਸਾਹਿਬਜ਼ਾਦੇ ਉਸ ਚਾਲ ਨੂੰ ਸਮਝ ਗਏ। ਜਦੋਂ ਦੋਵੇਂ ਬਾਲ ਅੰਦਰ ਦਾਖ਼ਲ ਹੋਣ ਲੱਗੇ ਤਾਂ ਉਨ੍ਹਾਂ ਨੇ ਬਿਨਾਂ ਸੀਸ ਝੁਕਾਏ ਪਹਿਲਾਂ ਆਪਣੇ ਪੈਰ ਛੋਟੀ ਖਿੜਕੀ ਦੇ ਅੰਦਰ ਰੱਖੇ। ਸਾਹਿਬਜ਼ਾਦਿਆਂ ਦੀ ਸੂਝ-ਬੂਝ ਭਰੀ ਲਿਆਕਤ ਨੂੰ ਵੇਖ ਕੇ ਦੀਵਾਨ ਸੁੱਚਾ ਨੰਦ ਅਤੇ ਵਜ਼ੀਰ ਖਾਂ ਨੂੰ ਗੁੱਸਾ ਤਾਂ ਬਹੁਤ ਚੜ੍ਹਿਆ। ਪਰੰਤੂ ਉਹ ਕੇਵਲ ਦੰਦ ਪੀਹ ਕੇ ਰਹਿ ਗਏ।

ਜਿਉਂ ਹੀ ਸਾਹਿਬਜ਼ਾਦਿਆਂ ਨੇ ਦਰਬਾਰ ਵਿੱਚ ਪ੍ਰਵੇਸ਼ ਕੀਤਾ, ਉਨ੍ਹਾਂ ਨੇ ਸਾਰੇ ਦਰਬਾਰੀਆਂ ਦੇ ਸਾਹਮਣੇ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਦਾ ਨਾਅਰਾ ਬੁਲੰਦ ਕੀਤਾ। ਉਨ੍ਹਾਂ ਦੇ ਇਸ ਨਿਡਰ ਅਤੇ ਬੇਖੌਫ਼ ਰਵੱਈਏ ਨੂੰ ਵੇਖ ਕੇ ਦਰਬਾਰੀ ਬਹੁਤ ਪ੍ਰਭਾਵਿਤ ਹੋਏ। ਤਦ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੇ ਸਾਹਮਣੇ ਝੁਕਣ ਲਈ ਆਖਿਆ।

ਤਦ ਸਾਹਿਬਜ਼ਾਦਿਆਂ ਨੇ ਉੱਤਰ ਦਿੱਤਾ, 'ਅਸੀਂ ਕੇਵਲ ਸਰਬ ਸ਼ਕਤੀਮਾਨ ਪ੍ਰਭੂ ਨੂੰ ਪ੍ਰਣਾਮ ਕਰਦੇ ਹਾਂ। ਕਿਸੇ ਇਨਸਾਨ ਨੂੰ ਨਹੀਂ ਕਰਦੇ।'

ਨਵਾਬ ਵਜ਼ੀਰ ਖਾਂ ਨੇ ਕਾਜ਼ੀ ਨੂੰ ਆਖਿਆ, 'ਕਾਜ਼ੀ ਸਾਹਿਬ, ਤੁਸੀਂ ਇਨ੍ਹਾਂ ਲੜਕਿਆਂ ਦਾ ਵਿਵਹਾਰ ਨੋਟ ਕੀਤਾ। ਇਹ ਇੱਕ ਵਿਦਰੋਹੀ ਬਾਪ ਦੇ ਵਿਦਰੋਹੀ ਬੇਟੇ ਹਨ। ਇਨ੍ਹਾਂ ਦੇ ਇਸ ਅਪਰਾਧ ਦੀ ਸਜ਼ਾ ਇਨ੍ਹਾਂ ਨੂੰ ਦੇਣੀ ਹੀ ਚਾਹੀਦੀ ਹੈ।'

ਬੇਸ਼ੱਕ ਕਾਜ਼ੀ ਦੋਵੇਂ ਸਾਹਿਬਜ਼ਾਦਿਆਂ ਨੂੰ ਮੌਤ ਦੀ ਸਜ਼ਾ ਸੁਣਾ ਕੇ ਵਜ਼ੀਰ ਖਾਂ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਪਰੰਤੂ ਉਹ ਮਜਬੂਰ ਸੀ। ਕਿਉਂਕਿ ਇਸਲਾਮੀ ਸ਼ਰਾ ਦੇ ਅਨੁਸਾਰ ਦੋਵੇਂ ਬੱਚੇ ਕਿਸੇ ਵੀ ਅਪਰਾਧ ਵਿੱਚ ਦੋਸ਼ੀ ਨਹੀਂ ਸਨ। ਇਸ ਲਈ ਕਾਜ਼ੀ ਨੇ ਵਜ਼ੀਰ ਖਾਂ ਨੂੰ ਸਲਾਹ ਦਿੱਤੀ,

'ਜਨਾਬ! ਜੇਕਰ ਤੁਸੀਂ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਰਾਜ਼ੀ ਕਰ ਲਵੋ ਤਾਂ ਇਸਲਾਮੀ ਕਾਨੂੰਨ ਨੂੰ ਤੋੜੇ ਬਿਨਾਂ ਤੁਹਾਡਾ ਮਕਸਦ ਵੀ ਪੂਰਾ ਹੋ ਜਾਵੇਗਾ। ਇਸ ਦੇ ਨਾਲ? ਹੀ ਇਹ ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਹਾਰ ਹੋਵੇਗੀ।'

ਤਦ ਵਜ਼ੀਰ ਖਾਂ ਨੇ ਬਹੁਤ ਹੀ ਪਿਆਰ, ਸਨੇਹ ਅਤੇ ਖ਼ਲੂਸ ਭਰੇ ਸ਼ਬਦਾਂ ਵਿੱਚ ਸਾਹਿਬਜ਼ਾਦਿਆਂ ਨੂੰ ਆਖਿਆ, 'ਦੇਖੋ ਬੱਚਿਓ! ਜੇਕਰ ਤੁਸੀਂ ਇਸਲਾਮ ਧਰਮ ਕਬੂਲ ਕਰ ਲਵੋਗੇ ਤਾਂ ਤੁਸੀਂ ਜੋ ਮੰਗੋਗੇ, ਤੁਹਾਨੂੰ ਉਹੀ ਦੇ ਦਿੱਤਾ ਜਾਵੇਗਾ।'

ਦੋਨੋਂ ਸਾਹਿਬਜ਼ਾਦੇ ਇਕੱਠੇ ਬੋਲੇ, 'ਨਵਾਬ ਵਜ਼ੀਰ ਖਾਂ, ਜਿਵੇਂ ਤੁਹਾਨੂੰ ਆਪਣਾ ਦੀਨ ਪਿਆਰਾ ਹੈ, ਸਾਨੂੰ ਵੀ ਆਪਣੀ ਸਿੱਖੀ ਬਹੁਤ ਪਿਆਰੀ ਹੈ। ਅਸੀਂ ਕਿਸੇ ਵੀ ਕੀਮਤ 'ਤੇ ਆਪਣਾ ਧਰਮ ਨਹੀਂ ਛੱਡਾਂਗੇ।'

ਬਾਲਾਂ ਦਾ ਉੱਤਰ ਸੁਣ ਕੇ ਨਵਾਬ ਨੂੰ ਬਹੁਤ ਕ੍ਰੋਧ ਆਇਆ। ਉਸ ਨੇ ਸਾਹਿਬਜ਼ਾਦਿਆਂ ਨੂੰ ਡਰਾਉਣ ਅਤੇ ਭੈਭੀਤ ਕਰਨ ਲਈ ਆਖਿਆ, 'ਆਨੰਦਪੁਰ ਵਿੱਚ ਤੁਹਾਡਾ ਘਰ ਢਹਿ ਢੇਰੀ ਹੋ ਚੁੱਕਾ ਹੈ। ਉਹ ਕਿਲ੍ਹਾ ਵੀ ਤਬਾਹ ਕੀਤਾ ਜਾ ਚੁੱਕਾ ਹੈ। ਤੁਹਾਡੇ ਦੋਵੇਂ ਵੱਡੇ ਭਰਾ ਚਮਕੌਰ ਦੀ ਗੜ੍ਹੀ ਵਿੱਚ ਮਾਰੇ ਜਾ ਚੁੱਕੇ ਹਨ। ਬਹੁਤ ਜਲਦੀ ਅਸੀਂ ਤੁਹਾਡੇ ਪਿਤਾ ਗੋਬਿੰਦ ਸਿੰਘ ਨੂੰ ਵੀ ਫ਼ੜ ਕੇ ਜੇਲ੍ਹ ਵਿੱਚ ਬੰਦ ਕਰ ਦਿਆਂਗੇ। ਹੁਣ ਤੁਹਾਡਾ ਕੋਈ ਸਹਾਰਾ ਬਾਕੀ ਨਹੀਂ ਰਿਹਾ। ਕੇਵਲ ਵਜ਼ੀਰ ਖਾਂ ਤੁਹਾਡੀ ਜਾਨ ਦੀ ਰੱਖਿਆ ਕਰ ਸਕਦਾ ਹੈ। ਤੁਹਾਡੇ ਲਈ ਚੰਗਾ ਇਹੀ ਹੋਵੇਗਾ ਕਿ ਤੁਸੀਂ ਇਸਲਾਮ ਧਰਮ ਕਬੂਲ ਕਰ ਕੇ ਆਪਣੀ ਜਾਨ ਬਚਾ ਲਵੋ। ਨਹੀਂ ਤਾਂ ਤੁਹਾਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਏਗਾ।'

ਇਸ ਸੰਬੰਧੀ ਕਵੀ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼' ਗ੍ਰੰਥ ਵਿੱਚ ਇੰਝ ਦਰਜ ਕੀਤਾ ਹੈ –

**'ਸਾਹਿਬਜ਼ਾਦਿਓ ਪਿਤਾ ਤੁਹਾਰਾ।।**
**ਗਢ ਚਮਕੌਰ ਘੇਰ ਗਹਿ ਮਾਰਾ।।**
**ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ।।**
**ਸੰਗੀ ਸਿੰਘ ਸਕਲ ਸੋ ਮਾਰੇ।।'**

ਪਰੰਤੂ ਉਹ ਦੋਵੇਂ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਅਤੇ ਗੁਰੂ ਤੇਗ਼ ਬਹਾਦਰ ਦੇ ਪੋਤਰੇ ਸਨ। ਉਨ੍ਹਾਂ ਉੱਪਰ ਨਵਾਬ ਦੀਆਂ ਧਮਕੀਆਂ ਦਾ ਕੋਈ ਅਸਰ ਨਾ ਹੋਇਆ। ਨਵਾਬ ਦੀ ਗੱਲ ਸੁਣ ਕੇ ਬਾਲਾਂ ਨੇ ਆਖਿਆ,

'ਸਾਨੂੰ ਤਾਂ ਕੇਵਲ ਅਕਾਲ ਪੁਰਖ ਦੇ ਆਸਰੇ ਦੀ ਲੋੜ ਹੈ। ਉਸ ਅਕਾਲ ਪੁਰਖ ਤੋਂ ਇਲਾਵਾ ਸਾਨੂੰ ਹੋਰ ਕਿਸੇ ਆਸਰੇ, ਸਹਾਰੇ ਦੀ ਲੋੜ ਨਹੀਂ ਹੈ। ਵਜ਼ੀਰ ਖਾਂ, ਸੂਰਜ ਪੂਰਬ ਦੀ ਥਾਂ ਪੱਛਮ ਵਿੱਚੋਂ ਚੜ੍ਹ ਸਕਦਾ ਹੈ। ਮੱਛੀਆਂ ਪਾਣੀ ਤੋਂ ਬਿਨਾਂ ਜ਼ਿੰਦਾ ਰਹਿ ਸਕਦੀਆਂ ਹਨ। ਪਰੰਤੂ ਸ਼ੇਰਾਂ ਦੇ ਪੁੱਤ ਤੇਰੀਆਂ ਗਿੱਦੜ ਧਮਕੀਆਂ ਅੱਗੇ ਕਦੇ ਵੀ ਨਹੀਂ ਝੁਕਣਗੇ। ਸਗੋਂ ਸਾਹਿਬਜ਼ਾਦਿਆਂ ਨੇ ਬੜੇ ਹੌਂਸਲੇ ਅਤੇ ਬੁਲੰਦ ਆਵਾਜ਼ ਵਿੱਚ ਦੋ ਆਖਿਆ, ਉਸ ਨੂੰ ਕਵੀ ਸੰਤੋਖ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਇੰਝ ਬੀੜਿਆ ਹੈ –

**'ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ।।**
**ਜਗ ਮਹਿ ਕੌਨ ਸਕੇ ਤਿਹੰ ਮਾਰਾ।।**
**ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ।।**
**ਕੌਨ ਅੰਧੇਰੀ ਕੋ ਨਿਰਵਾਰਹਿ।।'**

ਇਸ ਉਪਰੰਤ ਵਜ਼ੀਰ ਖਾਂ ਨੇ ਦੋਵਾਂ ਬਾਲਾਂ ਨੂੰ ਵਾਪਸ ਠੰਢੇ ਬੁਰਜ ਵਿੱਚ ਭੇਜ ਦਿੱਤਾ। ਨਾਲ ਹੀ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਉਹ ਇਸ ਮਾਮਲੇ ਵਿੱਚ ਆਪਣੀ ਦਾਦੀ ਨਾਲ ਸਲਾਹ ਮਸ਼ਵਰਾ ਜਰੂਰ ਕਰ ਲੈਣ।

ਠੰਢੇ ਬੁਰਜ ਵਿੱਚ ਸਾਹਿਬਜ਼ਾਦਿਆਂ ਨੇ ਦਾਦੀ ਮਾਂ ਨੂੰ ਮੁਗ਼ਲ ਦਰਬਾਰ ਵਿੱਚ ਹੋਈ ਸਾਰੀ ਗੱਲਬਾਤ ਕਹਿ ਸੁਣਾਈ। ਤਦ ਦਾਦੀ ਨੇ ਆਪਣੇ ਪੋਤਿਆਂ ਨੂੰ ਸਿੱਖ ਸੂਰਬੀਰਾਂ ਦੀ ਬਹਾਦਰੀ ਦੇ ਕਿੱਸੇ ਸੁਣਾ ਕੇ ਹੋਰ ਵਧੇਰੇ ਮਜ਼ਬੂਤ ਬਣਾ ਦਿੱਤਾ।

ਅਗਲੇ ਦਿਨ ਫ਼ਿਰ ਬਾਲਾਂ ਨੂੰ ਕਚਹਿਰੀ ਵਿੱਚ ਪੇਸ਼ ਹੋਣ ਲਈ ਬੁਲਾਇਆ ਗਿਆ। ਦਰਬਾਰ ਵਿੱਚ ਸ਼ੇਰ ਮੁਹੰਮਦ ਖ਼ਾਨ ਵੀ ਮੌਜੂਦ ਸੀ। ਵਜ਼ੀਰ ਖਾਂ ਨੇ ਮਾਲੇਰਕੋਟਲੇ ਦੇ ਨਵਾਬ ਨੂੰ ਉਂਗਲ ਲਾਉਂਦਿਆਂ ਕਿਹਾ, 'ਤੇਰੇ ਦੋ ਭਰਾਵਾਂ ਦੀ ਮੌਤ ਗੋਬਿੰਦ ਸਿੰਘ ਹੱਥੋਂ ਹੋ ਚੁੱਕੀ ਹੈ। ਇਸ ਲਈ ਮੈਂ ਇਨ੍ਹਾਂ ਬਾਲਾਂ ਨੂੰ ਸਜ਼ਾ ਦੇਣ ਦਾ ਫ਼ੈਸਲਾ ਸ਼ੇਰ ਮੁਹੰਮਦ ਖ਼ਾਨ 'ਤੇ ਹੀ ਛੱਡ ਦਿੱਤਾ।

ਪਰੰਤੂ ਰਹਿਮ ਦਿਲ ਇਨਸਾਨ ਮਾਲੇਰਕੋਟਲਾ ਦੇ ਨਵਾਬ ਨੇ ਕਿਹਾ ਸੀ, 'ਨਵਾਬ ਵਜ਼ੀਰ ਖਾਂ, ਜਦੋਂ ਵਕਤ ਆਇਆ ਤਾਂ ਮੈਂ ਆਪਣੇ ਭਰਾਵਾਂ ਦੀ ਮੌਤ ਦਾ ਬਦਲਾ ਗੋਬਿੰਦ ਸਿੰਘ ਤੋਂ ਹੀ ਲਵਾਂਗਾ। ਮਾਸੂਮ ਬੱਚਿਆਂ 'ਤੇ ਜ਼ੁਲਮ ਕਰਨ ਦੀ ਇਜਾਜ਼ਤ ਇਸਲਾਮ ਧਰਮ ਹਰਗਿਜ਼ ਨਹੀਂ ਦਿੰਦਾ। ਯਾ ਅੱਲਾਹ! ਮੈਨੂੰ ਇਸ ਪਾਪ ਤੋਂ ਬਚਾਈਂ।'

ਕਿਹਾ ਜਾਂਦਾ ਹੈ ਕਿ ਨਿਰਦੋਸ਼ ਸਾਹਿਬਜ਼ਾਦਿਆਂ ਦੀ ਰਿਹਾਈ ਲਈ ਜਨ-ਸਧਾਰਨ ਵਿੱਚ ਬਣ ਚੁੱਕੀ ਇੱਕ ਆਮ ਸਹਿਮਤੀ ਨੂੰ ਵੇਖਦੇ ਹੋਏ ਨਵਾਬ ਵਜ਼ੀਰ ਖਾਂ ਦਾ ਮਨ ਵੀ ਬਦਲ ਗਿਆ ਸੀ। ਤਦ ਉਸ ਨੇ ਸਾਹਿਬਜ਼ਾਦਿਆਂ ਨੂੰ ਪ੍ਰਸ਼ਨ ਪੁੱਛਿਆ, 'ਬੱਚਿਓ! ਜੇਕਰ ਤੁਹਾਨੂੰ ਰਿਹਾ ਕਰ ਦਿੱਤਾ ਜਾਵੇ ਤਾਂ ਸਾਡੀ ਕੈਦ ਵਿੱਚੋਂ ਬਾਹਰ ਜਾ ਕੇ ਤੁਸੀਂ ਕੀ ਕਰੋਗੇ?'

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ ਸੀ, 'ਅਸੀਂ ਆਪਣੇ ਪਿਤਾ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਉਹੀ ਕਰਾਂਗੇ, ਜੋ ਸਾਡੇ ਪਿਤਾ ਕਰ ਰਹੇ ਹਨ। ਅਸੀਂ ਜ਼ਬਰ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੁੱਧ ਲੜਾਂਗੇ। ਇਸ ਕਾਰਜ ਲਈ ਅਸੀਂ ਮੁੜ ਤੋਂ ਸਿੰਘਾਂ ਨੂੰ ਜੱਥੇਬੰਦ ਕਰਾਂਗੇ। ਜਦੋਂ ਤੱਕ ਅੱਤਿਆਚਾਰੀ ਹਕੂਮਤ ਦਾ ਸਫ਼ਾਇਆ ਨਹੀਂ ਹੋ ਜਾਂਦੇ, ਉਦੋਂ ਤੱਕ ਲੜਦੇ ਰਹਾਂਗੇ।'

ਉਸੇ ਵੇਲੇ ਦੀਵਾਨ ਸੁੱਚਾ ਨੰਦ ਬੋਲਿਆ, 'ਨਵਾਬ ਸਾਹਿਬ, ਸੱਪਾਂ ਦੇ ਪੁੱਤ ਕਦੇ ਮਿੱਤ ਨਹੀਂ ਹੁੰਦੇ। ਸੱਪ ਨੂੰ ਮਾਰਨਾ ਅਤੇ ਉਸ ਦੇ ਸਪੋਲੀਆਂ ਨੂੰ ਦੁੱਧ ਪਿਆਉਣਾ ਇਹ ਕਦੀ ਵੀ ਸਮਝਦਾਰੀ ਨਹੀਂ ਹੁੰਦੀ।'

ਦੀਵਾਨ ਸੁੱਚਾ ਨੰਦ ਦੀਆਂ ਲਾਈਆਂ ਲੂਤੀਆਂ ਦਾ ਨਵਾਬ ਦੇ ਦਿਲ 'ਤੇ ਬੜਾ ਡੂੰਘਾ ਪ੍ਰਭਾਵ ਪਿਆ। ਉਸ ਨੇ ਉਸੇ ਵੇਲੇ ਕਾਜ਼ੀ ਨੂੰ ਕਿਹਾ, 'ਕਾਜ਼ੀ ਸਾਹਿਬ, ਆਪਣੇ ਹੱਥ ਆਏ ਗੋਬਿੰਦ ਦੇ ਬੱਚਿਆਂ ਨੂੰ ਰਿਹਾ ਕਰਨਾ ਅਕਲਮੰਦੀ ਨਹੀਂ ਹੈ। ਇਹ ਤਾਂ ਪੱਕਾ ਹੀ ਹੈ ਕਿ ਇਹ ਦੋਵੇਂ ਵੱਡੇ ਹੋ ਕੇ ਆਪਣੇ ਪਿਉ ਦੀ ਤਰ੍ਹਾਂ ਬਾਗ਼ੀ ਹੀ ਬਣਨਗੇ। ਫ਼ਿਰ ਇਹ ਸਾਡੇ ਖ਼ਿਲਾਫ਼ ਵਿਦਰੋਹ ਦਾ ਝੰਡਾ ਬੁਲੰਦ ਕਰਨਗੇ।'

ਕਾਜ਼ੀ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਤਲਾਸ਼ ਵਿੱਚ ਸੀ। ਉਸ ਨੇ ਅਜਿਹਾ ਫ਼ਤਵਾ ਜਾਰੀ ਕੀਤਾ, ਜਿਸਨੂੰ ਪੜ੍ਹਨ ਸੁਣਨ ਵਾਲੇ ਦਾ ਵੀ ਦਿਲ ਦਹਿਲ ਜਾਵੇ। ਕਿਉਂਕਿ ਇਸਲਾਮ ਧਰਮ ਵਿੱਚ ਇਹ ਗੱਲ ਕਹੀ ਗਈ ਹੈ ਕਿ ਮਾਸੂਮ ਬੱਚੇ ਦਾ ਖ਼ੂਨ ਜ਼ਮੀਨ 'ਤੇ ਨਹੀਂ ਡਿੱਗਣਾ ਚਾਹੀਦਾ। ਇਸ ਲਈ ਕਾਜ਼ੀ ਨੇ ਫ਼ਤਵਾ ਪੜ੍ਹਿਆ, 'ਬਾਗ਼ੀ ਦੇ ਪੁੱਤਰਾਂ ਨੂੰ ਜ਼ਿੰਦਾ ਨੀਹਾਂ ਵਿੱਚ ਚਿਣਵਾ ਦਿੱਤਾ ਜਾਵੇ।'

ਨਵਾਬ ਮਾਲੇਰਕੋਟਲਾ ਇਸ ਫ਼ਤਵੇ ਵਿਰੁੱਧ ਕੁਝ ਨਾ ਬੋਲ ਸਕੇ। ਉਹ ਬਹੁਤ ਉਦਾਸੀ ਅਤੇ ਨਿਰਾਸ਼ਾ ਦੇ ਆਲਮ ਵਿੱਚ ਉਸੇ ਵੇਲੇ ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿੱਚੋਂ ਉੱਠ ਕੇ ਚਲੇ ਗਏ।

ਸਾਹਿਬਜ਼ਾਦਿਆਂ ਨੇ ਠੰਢੇ ਬੁਰਜ ਵਿੱਚ ਜਾ ਕੇ ਸਾਰੀ ਗੱਲਬਾਤ ਦਾਦੀ ਮਾਂ ਨੂੰ ਸੁਣਾਈ। ਤਦ ਮਾਤਾ ਗੁਜਰੀ ਨੇ ਆਖਿਆ, 'ਮੇਰੇ ਪਿਆਰੇ ਬੱਚਿਓ! ਮੈਂ ਤੁਹਾਡੇ ਸਾਹਸ, ਬਹਾਦਰੀ, ਦਲੇਰੀ, ਦ੍ਰਿੜ੍ਹਤਾ 'ਤੇ ਬਹੁਤ ਜ਼ਿਆਦਾ ਖ਼ੁਸ਼ ਹਾਂ। ਤੁਸੀਂ ਆਪਣੇ ਦਾਦੇ ਅਤੇ ਪਿਤਾ ਦੇ ਗੌਰਵ ਨੂੰ ਹੋਰ ਵੀ ਜ਼ਿਆਦਾ ਵਧਾਇਆ ਹੈ।' ਇਹ ਕਹਿੰਦਿਆਂ ਹੋਇਆਂ ਦਾਦੀ ਨੇ ਪੋਤਿਆਂ ਨੂੰ ਘੁੱਟ ਕੇ ਆਪਣੇ ਗਲੇ ਨਾਲ ਲਾਇਆ। ਉਨ੍ਹਾਂ ਦੀ ਪਿੱਠ 'ਤੇ ਸ਼ਾਬਾਸ਼ੀ ਦਿੱਤੀ।

ਜਦੋਂ ਬਾਬਾ ਮੋਤੀ ਰਾਮ ਮਹਿਰਾ ਨੂੰ ਪਤਾ ਲੱਗਾ ਕਿ ਮਾਤਾ ਗੁਜਰੀ ਅਤੇ ਦੋ ਛੋਟੇ ਸਾਹਿਬਜ਼ਾਦੇ ਭੁੱਖਣ ਭਾਣੇ ਠੰਢੇ ਬੁਰਜ ਵਿੱਚ ਕੈਦ ਕੀਤੇ ਗਏ ਹਨ। ਉਨ੍ਹਾਂ ਕੋਲ ਠੰਢ ਤੋਂ ਬਚਾਅ ਕਰਨ ਲਈ ਕੋਈ ਨਿੱਘਾ ਕੱਪੜਾ ਵੀ ਨਹੀਂ ਹੈ। ਤਦ ਉਸ ਦੀ ਮਾਂ ਅਤੇ ਪਤਨੀ ਨੇ ਉਸ ਨੂੰ ਗਰਮ ਦੁੱਧ ਦੇ ਕੇ ਠੰਢੇ ਬੁਰਜ ਵਿੱਚ ਘੱਲ ਦਿੱਤਾ। ਮਾਤਾ ਗੁਜਰੀ ਅਤੇ ਬਾਲਾਂ ਨੇ ਕੜਾਕੇ ਦੀ ਠੰਢ ਵਿੱਚ ਗਰਮ-ਗਰਮ ਦੁੱਧ ਪੀਤਾ। ਮਾਤਾ ਜੀ ਨੇ ਉਸ ਨੂੰ ਅਨੇਕਾਂ ਅਸੀਸਾਂ ਦਿੱਤੀਆਂ।

ਪ੍ਰੰਤੂ ਗੰਗੂ ਬ੍ਰਾਹਮਣ ਦੇ ਭਰਾ ਪੰਮੇ ਨੇ ਨਵਾਬ ਵਜ਼ੀਰ ਖਾਂ ਕੋਲ ਚੁਗ਼ਲੀ ਕੀਤੀ, 'ਮੋਤੀ ਰਾਮ ਮਹਿਰੇ ਨੇ ਹਕੂਮਤ ਦੇ ਬਾਗ਼ੀਆਂ ਨੂੰ ਦੁੱਧ ਪਿਲਾ ਕੇ ਉਨ੍ਹਾਂ ਦੀ ਸੇਵਾ ਕੀਤੀ ਹੈ।'

ਗੁੱਸੇ ਵਿੱਚ ਲਾਲ ਪੀਲੇ ਹੋਏ ਵਜ਼ੀਰ ਖਾਂ ਨੇ ਮੋਤੀ ਰਾਮ ਮਹਿਰਾ ਅਤੇ ਉਸ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਕੋਹਲੂ ਵਿੱਚ ਪੀੜ ਦਿੱਤਾ। ਇਸ ਪ੍ਰਕਾਰ ਬਾਬਾ ਮੋਤੀ ਰਾਮ ਮਹਿਰੇ ਨੇ ਆਪਣੇ ਪਰਿਵਾਰ ਨੂੰ ਸਿੱਖ ਕੌਮ ਤੋਂ ਨਿਸ਼ਾਵਰ ਕਰ ਦਿੱਤਾ।

ਆਖ਼ਰ ਤੇਰਾਂ ਪੋਹ ਦੀ ਸਵੇਰ ਚੜ੍ਹੀ। ਮਾਤਾ ਗੁਜਰੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਹਿੰਮਤ ਅਤੇ ਹੌਂਸਲੇ ਨਾਲ ਤਿਆਰ ਕੀਤਾ। ਜਦੋਂ ਦਾਦੀ ਮਾਂ ਨੇ ਪੋਤਿਆਂ ਦੇ ਮੱਥੇ 'ਤੇ ਪਿਆਰ ਦਿੱਤਾ ਤਾਂ ਤਿੰਨਾਂ ਨੂੰ ਹੀ ਇਸ ਗੱਲ ਦਾ ਇਲਮ ਸੀ ਕਿ ਇਹ ਉਨ੍ਹਾਂ ਦੀ ਆਖ਼ਰੀ ਮੁਲਾਕਾਤ ਹੈ। ਪਰੰਤੂ ਫ਼ੇਰ ਵੀ ਤਿੰਨਾਂ ਵਿੱਚੋਂ ਕੋਈ ਵੀ ਭਾਵਨਾਵਾਂ ਵਿੱਚ ਬਹਿ ਕੇ ਉਦਾਸ ਨਹੀਂ ਹੋਇਆ। ਸਗੋਂ ਦੋਵੇਂ ਸਾਹਿਬਜ਼ਾਦਿਆਂ ਨੇ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਦਾ ਨਾਅਰਾ ਬੁਲੰਦ ਕੀਤਾ ਅਤੇ ਦਾਦੀ ਮਾਂ ਨੂੰ ਫ਼ਤਹਿ ਬੁਲਾ ਕੇ ਪੂਰੀ ਦ੍ਰਿੜ੍ਹਤਾ, ਹੌਂਸਲੇ, ਬੁਲੰਦ ਇਰਾਦੇ ਨਾਲ ਮੁਗ਼ਲ ਸਿਪਾਹੀਆਂ ਨਾਲ ਚੱਲ ਪਏ।

ਆਖ਼ਰੀ ਵਾਰੀ ਦਾਦੀ ਮਾਂ ਨੇ ਪੋਤਿਆਂ ਦੀ ਪਿੱਠ 'ਤੇ ਨਜ਼ਰ ਮਾਰੀ। ਸਹਿਜ ਸੁਭਾਅ ਉਨ੍ਹਾਂ ਅੱਖਾਂ ਬੰਦ ਕਰਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ। ਉਹ ਆਪਣੀ ਅਮਾਨਤ ਆਪਣੇ ਚਰਨਾਂ ਵਿੱਚ ਵਾਪਸ ਲੈ ਰਿਹਾ ਹੈ।

ਦੋਵੇਂ ਸਾਹਿਬਜ਼ਾਦਿਆਂ ਨੂੰ ਉਸ ਸਥਾਨ 'ਤੇ ਲਿਜਾਇਆ ਗਿਆ, ਜਿੱਥੇ ਇੱਟਾਂ ਦੀ ਇੱਕ ਕੰਧ ਉਸਾਰੀ ਜਾ ਰਹੀ ਸੀ। ਉਸੇ ਸਮੇਂ ਕਾਜ਼ੀ ਵੀ ਉੱਥੇ ਪੁੱਜ ਗਿਆ। ਦੋਵੇਂ ਬਾਲਕ ਆਪਣੇ ਇਰਾਦੇ 'ਤੇ ਅਡੋਲ ਖੜ੍ਹੇ ਰਹੇ। ਉੱਸਰ ਰਹੀ ਕੰਧ ਤੋਂ ਉਨ੍ਹਾਂ ਨੂੰ ਹੋਰ ਵਧੇਰੇ ਬਲ ਮਿਲਿਆ। ਕਾਜ਼ੀ ਨੇ ਜੱਲਾਦਾਂ ਨੂੰ ਤੇਜ਼ੀ ਨਾਲ ਕੰਧ ਉਸਾਰਨ ਦਾ ਹੁਕਮ ਦਿੱਤਾ। ਜਿਉਂ-ਜਿਉਂ ਕੰਧ ਉੱਚੀ



ਹੁੰਦੀ ਜਾ ਰਹੀ ਸੀ, ਇਨਸਾਨੀਅਤ ਲਈ ਆਪਣੇ ਹਿਰਦੇ ਵਿੱਚ ਦਰਦ ਰੱਖਣ ਵਾਲਿਆਂ ਦੀਆਂ ਅੱਖਾਂ ਵਿੱਚੋਂ ਲਗਾਤਾਰ ਹੰਝੂ ਵਹਿ ਰਹੇ ਸਨ।

ਇਤਿਹਾਸਕ ਹਵਾਲਿਆਂ ਅਨੁਸਾਰ ਜਿਉਂ ਹੀ ਕੰਧ ਦੀ ਉਸਾਰੀ ਬਾਲਾਂ ਦੇ ਗਲਾਂ ਤੱਕ ਆਈ ਤਾਂ ਕੰਧ ਧੜੰਮ ਕਰਕੇ ਡਿੱਗ ਪਈ। ਤਦ ਦੋਵੇਂ ਸਾਹਿਬਜ਼ਾਦਿਆਂ ਨੂੰ ਪਿੱਪਲ ਦੇ ਰੁੱਖ ਨਾਲ ਰੱਸਿਆਂ ਨਾਲ? ਬੰਨ੍ਹ ਦਿੱਤਾ ਗਿਆ। ਉਨ੍ਹਾਂ ਉੱਤੇ ਕੋੜੇ ਵਰਸਾਏ ਗਏ। ਗੁਲੇਲ ਨਾਲ ਵੀ ਉਨ੍ਹਾਂ ਉੱਤੇ ਨਿਸ਼ਾਨੇ ਲਗਾ ਕੇ ਤਸੀਹੇ ਦਿੱਤੇ ਗਏ। ਸਾਹਿਬਜ਼ਾਦਿਆਂ ਨੂੰ ਇੱਕ ਵਾਰੀ ਫ਼ੇਰ ਇਸਲਾਮ ਧਰਮ ਕਬੂਲ ਕਰਨ ਲਈ ਆਖਿਆ ਗਿਆ। ਪਰੰਤੂ ਉਨ੍ਹਾਂ ਵੱਲੋਂ ਸਾਫ਼ ਇਨਕਾਰ ਕਰਨ 'ਤੇ ਸੂਬੇ ਨੇ ਆਪਣਾ ਆਖ਼ਰੀ ਫ਼ੈਸਲਾ ਸੁਣਾ ਦਿੱਤਾ, 'ਇਨ੍ਹਾਂ ਬੱਚਿਆਂ ਦੇ ਸਿਰ ਕਲਮ ਕਰ ਦਿੱਤੇ ਜਾਣ।'

ਭਾਈ ਦੁੱਨਾ ਸਿੰਘ ਹੰਡੂਰੀਆ ਦੀ ਅਪ੍ਰਕਾਸ਼ਿਤ ਕ੍ਰਿਤ 'ਕਥਾ ਗੁਰੂ ਜੀ ਕੇ ਸੁਤਨ ਕੀ' ਅਨੁਸਾਰ ਸਾਹਿਬਜ਼ਾਦਿਆਂ ਦੇ ਸੀਸ ਕਟਾਰ ਨਾਲ ਧੜ੍ਹ ਤੋਂ ਵੱਖ ਕਰਨ ਤੋਂ ਪਹਿਲਾਂ ਜ਼ਾਲਮਾਂ ਨੇ ਉਨ੍ਹਾਂ ਮਾਸੂਮਾਂ ਨੂੰ ਚਾਬਕਾਂ, ਕੋਰੜੇ ਅਤੇ ਗੁਲੇਲੇ ਵੀ ਮਾਰੇ ਸਨ –

**ਖਮਚੀ ਸਾਥ ਜੁ ਲਗੇ ਤਬੈ ਦੁਖ ਦੇਵਨੰ।**
**ਏਹ ਸੁ ਬਾਲਕ ਫੂਲ, ਧੂਪ ਨਹਿ ਖੇਵਨੰ।**
**ਤਬ ਮਲੇਰੀਏ ਕਹਯੋ, ਜੜਾਂ ਤੁਮ ਜਾਂਹਿ ਹੀ।**
**ਇਹ ਮਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ।**
**ਜਬ ਦੁਸ਼ਟੀਂ ਐਸੇ ਦੁਖ।**
**ਬਹੁਰੋ ਫੇਰ ਸੀਸ ਕਢਵਾਏ।।**
**ਰਜ ਕੋ ਪਾਇ ਪੀਪਲਹ ਬਾਂਧੇ।**
**ਦੁਸ਼ਟ ਗੁਲੇਲੇ ਤੀਰ ਸੁ ਸਾਂਧੇ।।**

ਸ਼ਾਸ਼ਲ ਬੇਗ, ਬਾਸ਼ਲ ਬੇਗ ਦੋ ਜੱਲਾਦ ਭਰਾਵਾਂ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਇਸ ਪ੍ਰਕਾਰ ਮਾਤਾ ਗੁਜਰੀ ਜੀ ਦੇ ਪੋਤਿਆਂ ਨੇ ਆਪਣੀ ਸ਼ਹਾਦਤ ਦੇ ਕੇ ਸਿੱਖੀ ਦੀਆਂ ਨੀਹਾਂ ਨੂੰ ਹਮੇਸ਼ਾ-ਹਮੇਸ਼ਾ ਲਈ ਮਜਬੂਤ ਕਰ ਦਿੱਤਾ।

ਜਿਉਂ ਹੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਮਾਚਾਰ ਪੂਰੇ ਇਲਾਕੇ ਵਿੱਚ ਫੈਲਿਆ ਤਾਂ ਇਸ ਕਹਿਰ ਨੂੰ ਸੁਣ ਕੇ ਹਰ ਅੱਖ ਵਿੱਚੋਂ ਅੱਥਰੂ ਵਗੇ ਸਨ। ਇਸ ਸਮੇਂ ਦੀ ਸਥਿਤੀ ਨੂੰ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਇੰਝ ਦਰਜ ਕਰਦੇ ਹਨ –

**ਸ਼ਾਸ਼ਲ ਬੇਗ ਅਰ ਬਾਸ਼ਲ ਬੇਗ।**
**ਉਭੈ ਜਲਾਦਨ ਖਿਚ ਕੈ ਤੇਗ।।**
**ਤਿਸਹੀ ਠਉਰ ਖਰਿਓ ਕੈ ਸੀਸ।**
**ਤੁਰਤ ਉਤਾਰੇ ਦੁਸ਼ਟੈਂ ਰੀਸ।।**
**ਤੇਰਾਂ ਪੋਹ ਥਾ ਮੰਗਲਵਾਰ।**
**ਮਚਿਓ ਸ਼ਹਿਰ ਮੇਂ ਹਾਹਾਕਾਰ।।**

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਜਾਣਕਾਰੀ ਜਦੋਂ ਮਾਤਾ ਗੁਜਰੀ ਜੀ ਨੂੰ ਦਿੱਤੀ ਗਈ ਤਾਂ ਉਹ ਚੌਂਕੜੀ ਮਾਰਕੇ ਬੈਠ ਗਏ। ਉਨ੍ਹਾਂ ਨੇ ਦੋਵੇਂ ਹੱਥ ਜੋੜ ਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ।

ਮਾਤਾ ਗੁਜਰੀ ਜੀ ਉਸ ਸਮੇਂ ਵਡੇਰੀ ਅਵਸਥਾ ਵਿੱਚ ਸਨ। ਜਦੋਂ ਤੋਂ ਉਨ੍ਹਾਂ ਆਨੰਦਪੁਰ ਦਾ ਕਿਲ੍ਹਾ ਛੱਡਿਆ ਸੀ, ਉਦੋਂ ਤੋਂ ਹੀ ਉਹ ਤੁਰਦੇ ਤੁਰਦੇ ਸਰਹਿੰਦ ਦੇ ਠੰਢੇ ਬੁਰਜ ਵਿੱਚ ਪਹੁੰਚੇ ਸਨ। ਪਿਛਲੇ ਚਾਰ ਦਿਨਾਂ ਤੋਂ ਕੁਝ ਵੀ ਨਹੀਂ ਸੀ ਖਾਧਾ। ਪੋਹ ਮਹੀਨੇ ਦੀ ਹੱਡ ਚੀਰਵੀਂ ਠੰਢ, ਵਡੇਰੀ ਉਮਰ ਅਤੇ ਲੰਮੇ ਸਮੇਂ ਦੀ ਭੁੱਖ ਨੇ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਬਹੁਤ ਜ਼ਿਆਦਾ ਕਮਜ਼ੋਰ ਕਰ ਦਿੱਤਾ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਉਨ੍ਹਾਂ ਦੇ ਮਾਨਸਿਕ ਬਲ 'ਤੇ ਵੀ ਬਹੁਤ ਵੱਡਾ ਪ੍ਰਭਾਵ ਪਾਇਆ। ਇਸ ਪ੍ਰਕਾਰ ਉਸੇ ਪਲ ਉਨ੍ਹਾਂ ਆਪ ਵੀ ਪ੍ਰਾਣ ਤਿਆਗ ਦਿੱਤੇ।

ਮਨੁੱਖਤਾ ਦੇ ਇਤਿਹਾਸ ਵਿੱਚ ਇੰਨੀਂ ਛੋਟੀ ਉਮਰ ਦੇ ਬੱਚਿਆਂ ਦੀ ਅਜਿਹੀ ਲਾਸਾਨੀ ਸ਼ਹਾਦਤ ਹੋਰ ਕੋਈ ਨਹੀਂ ਮਿਲਦੀ।

ਉਸੇ ਸ਼ਾਮ ਦੀਵਾਨ ਟੋਡਰ ਮੱਲ ਦੋਵਾਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਦੇਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜ਼ਾਜਤ ਲੈਣ ਲਈ ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿੱਚ ਗਏ। ਵਜ਼ੀਰ ਖਾਂ ਨੇ ਟੋਡਰ ਮੱਲ ਨੂੰ ਆਖਿਆ, 'ਬੱਚਿਆਂ ਅਤੇ ਮਾਈ ਦੇ ਅੰਤਿਮ ਸੰਸਕਾਰ ਲਈ ਤੈਨੂੰ ਜਿੰਨੀਂ ਜ਼ਮੀਨ ਚਾਹੀਦੀ ਹੈ, ਉਸ ਜ਼ਮੀਨ ਉੱਤੇ ਖੜ੍ਹੇ ਲੋਟ ਸੋਨੇ ਦੀਆਂ ਮੋਹਰਾਂ ਵਿਛਾਉਣੀਆਂ ਪੈਣਗੀਆਂ, ਤਦ ਹੀ ਤੂੰ ਇਨ੍ਹਾਂ ਦੇਹਾਂ ਦਾ ਅੰਤਿਮ ਸੰਸਕਾਰ ਕਰ ਸਕਦਾ ਹੈਂ।'

ਇਤਿਹਾਸਕ ਹਵਾਲਿਆਂ ਅਨੁਸਾਰ ਦੀਵਾਨ ਟੋਡਰ ਮੱਲ ਦੀ ਪਤਨੀ ਨੇ ਆਪਣੇ ਸਾਰੇ ਗਹਿਣੇ ਉਤਾਰ ਕੇ ਅਤੇ ਦੀਵਾਨ ਦੇ ਦੋ ਛੋਟੇ ਪੁੱਤਰਾਂ ਨੇ ਪੈਸਿਆਂ ਨਾਲ? ਭਰੀਆਂ ਆਪਣੀਆਂ ਗੋਲਕਾਂ ਉਸ ਨੂੰ ਦੇ ਦਿੱਤੀਆਂ ਸਨ ਤਾਂ ਜੋ ਅੰਤਿਮ ਸੰਸਕਾਰ ਕੀਤਾ ਜਾ ਸਕੇ। ਜਦੋਂ ਇਹ ਸਾਰੀ ਦੌਲਤ ਵੀ ਥੋੜ੍ਹੀ ਪੈ ਗਈ ਤਾਂ ਟੋਡਰ ਮੱਲ ਨੇ ਆਪਣੀ ਹਵੇਲੀ ਵੇਚ ਦਿੱਤੀ ਸੀ। ਇਸ ਪ੍ਰਕਾਰ ਉਸ ਨੇ ਮ੍ਰਿਤਕ ਦੇਹਾਂ ਦਾ ਅੰਤਿਮ ਸੰਸਕਾਰ ਕੀਤਾ ਸੀ।

ਦੁਨੀਆਂ ਦੇ ਇਤਿਹਾਸ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਅੰਤਿਮ ਸੰਸਕਾਰ ਵਾਲੀ ਜ਼ਮੀਨ ਨੂੰ ਸੰਸਾਰ ਦੀ ਸਭ ਤੋਂ ਮਹਿੰਗੇ ਭਾਅ ਵਾਲੀ ਜ਼ਮੀਨ ਸਵੀਕਾਰ ਕੀਤਾ ਜਾਂਦਾ ਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਰਾਏਕੋਟ ਵਿੱਚ ਸਨ, ਜਦੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਜਾਣਕਾਰੀ ਉਨ੍ਹਾਂ ਕੋਲ ਨੂਰਾ ਮਾਹੀ ਲੈ ਕੇ ਆਇਆ ਸੀ। ਉਸ ਨੂੰ ਖ਼ਬਰ ਲੈ ਕੇ ਆਉਣ ਲਈ ਰਾਏ ਕੱਲਾ ਨੇ ਭੇਜਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਸਮੇਂ ਅਕਾਲ ਪੁਰਖ ਦੀ ਇੱਛਾ ਅੱਗੇ ਸੀਸ ਝੁਕਾਇਆ ਸੀ। ਉਸ ਸਮੇਂ ਉਨ੍ਹਾਂ ਨੇ ਆਪਣੇ ਤੀਰ ਦੀ ਨੋਕ ਨਾਲ ਘਾਹ ਦੀ ਇੱਕ ਤਿੜ ਨੂੰ ਪੁੱਟਿਆ ਸੀ ਅਤੇ ਉਹ ਮੂੰਹੋਂ ਬੋਲੇ ਸਨ, 'ਹੁਣ ਮੁਗਲਾਂ ਦੇ ਜ਼ੁਲਮੀ ਸਾਮਰਾਜ ਦੀ ਜੜ੍ਹ ਪੁੱਟੀ ਗਈ ਹੈ।'

**ਇਕ ਸ਼ਰਧਾਂਜਲੀ**

# ਇਮਰੋਜ਼ ਨੂੰ ਇੰਝ ਵੀ ਯਾਦ ਕੀਤਾ ਜਾ ਸਕਦਾ

**(ਇੰਦਰਜੀਤ ਸਿੰਘ, ਜੋ ਕਿ ਇਮਰੋਜ਼ ਦੇ ਨਾਮ ਨਾਲ ਮਸ਼ਹੂਰ ਹੈ, ਦੀ 97 ਸਾਲਾਂ ਦੀ ਉਮਰ ਵਿੱਚ 22 ਦਸੰਬਰ ਨੂੰ ਮੁੰਬਈ ਵਿੱਚ ਮੌਤ ਹੋ ਗਈ)**

**ਦਾਮਨੀ ਯਾਦਵ**

ਅੰਤਿਮ ਵਿਦਾਇਗੀ ਦਿੰਦੇ ਸਮੇਂ ਇਕ ਪਿਆਰੇ ਦੋਸਤ ਨੂੰ ਕਿਵੇਂ ਯਾਦ ਰੱਖਣਾ ਚਾਹੀਦਾ ਹੈ? ਮੈਨੂੰ ਸਹੀ ਢੰਗ ਨਾਲ ਨਹੀਂ ਪਤਾ। ਕਿਸੇ ਵੀ ਤਰ੍ਹਾਂ ਨਾਲ ਉਹ ਆਉਂਦੇ ਹਨ, ਕਿਸੇ ਵੇਲੇ ਵੀ ਜਾਂਦੇ ਹਨ, ਕੋਈ ਆਸ ਨਹੀਂ ਹੁੰਦੀ ਹੈ। ਮੈਂ ਉਨ੍ਹਾਂ ਦੇ ਆਖਰੀ ਦਿਨ ਇਮਰੋਜ਼ ਸਾਹਿਬ ਨੂੰ ਅਲਵਿਦਾ ਕਹਿ ਰਿਹਾ ਹਾਂ, ਮੈਂ ਉਨ੍ਹਾਂ ਨੂੰ ਯਾਦ ਕਰਨ ਦਾ ਇੱਕ ਢੁਕਵਾਂ ਤਰੀਕਾ ਲੱਭਣ ਵਿੱਚ ਅਸਫਲ ਰਿਹਾ ਹਾਂ। ਹੰਝੂ ਦੀ ਬਜਾਇ, ਉਸ ਦੀ ਯਾਦ ਮੇਰੇ ਚਿਹਰੇ 'ਤੇ ਮੁਸਕੁਰਾਹਟ ਲਿਆਈ ਹੈ। ਜਿਸ ਦਿਨ ਤੋਂ ਮੈਂ ਉਨ੍ਹਾਂ ਨੂੰ ਮਿਲਿਆ, ਮੈਨੂੰ ਲਗਦਾ ਸੀ ਕਿ ਇਮਰੋਜ਼ ਕਿਸੇ ਹੋਰ ਸੰਸਾਰ ਦੇ ਹਨ। ਜਦੋਂ ਮੈਂ ਉਸ ਨੂੰ ਮਿਲਣ ਗਿਆ, ਤਾਂ ਇਹ ਭਾਵਨਾ ਹੋਰ ਵੀ ਵਧ ਗਈ ।

ਉਨ੍ਹਾਂ ਦੀ ਇੱਕ ਅਜਿਹੀ ਦੁਨੀਆ ਸੀ, ਜਿੱਥੇ ਸੱਚ-ਮੁੱਚ ਪਿਆਰ ਵਿੱਚ ਵਸ ਸਕਦਾ ਸੀ, ਉਸ ਨਾਲ ਭਰ ਕੇ ਉਸ ਨੂੰ ਫੈਲਾਓ, ਉਸ ਨੂੰ ਫੁੱਲਾਂ ਵਾਂਗ ਬੂਟੇ ਲਗਾ ਕੇ, ਉਸ ਦੀ ਪਹਿਚਾਣ ਬਣਾ ਕੇ ਉਸ ਲਈ ਕੁਝ ਨਹੀਂ ਬਣ ਸਕਦਾ ਸੀ।

ਪਿਆਰ ਦੇ ਨਾਂ 'ਤੇ ਅਪਮਾਨ ਕਰੋ, ਦੋਸ਼ ਲਗਾਓ ਪਰ ਕਦੇ ਵੀ ਕਿਸੇ ਕਾਰਨ ਜਾਂ ਕਿਸੇ ਵੀ ਸਥਿਤੀ ਵਿੱਚ ਪਿਆਰ ਨੂੰ ਛੱਡ ਦਿਓ।

ਪਿਆਰ ਇੱਕ ਅਟੁੱਟ ਸੁਗੰਧ ਦੀ ਤਰ੍ਹਾਂ ਹੈ ਜਿਸ ਦੀ ਗੈਰਹਾਜ਼ਰੀ ਸਾਹ ਲੈਣਾ ਵੀ ਮੁਸ਼ਕਲ ਬਣਾਉਂਦੀ ਹੈ। ਅੰਮ੍ਰਿਤਾ ਨੇ ਵਿਆਹ ਦੇ ਬੰਧਨ 'ਚ ਬੱਝ ਜਾਣ ਦੇ ਬਾਵਜੂਦ ਇਸ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ। ਸਹਿਰ ਦਾ ਪਿਆਰ ਵੀ ਅੰਮ੍ਰਿਤਾ ਲਈ ਪੂਰੀ ਤਰ੍ਹਾਂ ਖਾਲੀ ਨਹੀਂ ਸੀ। ਪਰ ਇਮਰੋਜ਼ ਮਿਲਣ ਤੋਂ ਬਾਅਦ, ਪਿਆਰ ਲਈ ਉਸਦੀ ਪਿਆਸ ਨੂੰ ਸ਼ਾਇਦ ਇੱਕ ਸਮੁੰਦਰ ਮਿਲਿਆ ਜਿਸ ਵਿੱਚ ਉਸਨੇ ਆਪਣੇ ਆਪ ਨੂੰ ਡੁੱਬ ਲਿਆ। ਉਹ ਸਮੁੰਦਰ ਬਣ ਗਈ ਜਦੋਂ ਦਰਿਆ ਆਪਣੀ ਮੰਜ਼ਲ ਤੇ ਪਹੁੰਚਦਾ ਹੈ, ਇਸ ਦਾ ਕੋਈ ਪਤਾ ਨਹੀਂ. ਕੇਵਲ ਸਮੁੰਦਰ ਹੀ ਰਹਿੰਦਾ ਹੈ। ਪਰ ਅਮ੍ਰਿਤਾ ਅਤੇ ਇਮਰੋਜ਼ ਦੇ ਮਾਮਲੇ ਵਿੱਚ, ਇਹ ਇਮਰੋਜ਼ ਸੀ ਜਿਸਨੇ ਆਪਣੇ ਆਪ ਨੂੰ ਅਮਰ ਨਹੀਂ ਬਣਾਇਆ। ਅੰਮ੍ਰਿਤਾ ਦੇ ਜੀਵਨ ਵਿੱਚ ਜੋ ਚੁੱਪ ਰਹੀ, ਉਸ ਨੇ ਸਿੱਧ ਕਰ ਦਿੱਤਾ ਕਿ ਪਿਆਰ ਹਮੇਸ਼ਾ ਆਪਣਾ ਕੰਮ ਨਹੀਂ ਕਰਦਾ।

ਜਦੋਂ ਮੈਂ ਪਹਿਲੀ ਵਾਰ ਇਮਰੋਜ਼ ਸਾਹਿਬ ਨੂੰ ਮਿਲਿਆ ਸੀ ਤਾਂ ਅੰਮ੍ਰਿਤਾ ਪ੍ਰੀਤਮ ਦਾ ਘਰ ਸੀ। ਮੈਂ ਗ੍ਰਹਿਕਸ਼ਮੀ ਰਸਾਲੇ ਵਿੱਚ ਇੱਕ ਸੀਨੀਅਰ ਉਪ ਸੰਪਾਦਕ ਸੀ। ਅਸੀਂ ਆਪਣੇ ਰਸਾਲੇ ਲਈ ਖ਼ਾਸ ਤਿਆਰੀ ਕਰ ਰਹੇ ਸੀ। ਦੁਨੀਆ ਉਨ੍ਹਾਂ ਨੂੰ ਸਿਰਫ਼ ਨਾਵਲਕਾਰ ਅੰਮ੍ਰਿਤਾ ਪ੍ਰੀਤਮ ਦੇ ਸਾਥੀ ਵਜੋਂ ਹੀ ਜਾਣਦੀ ਹੈ ਅਤੇ ਯਾਦ ਕਰਦੀ ਹੈ, ਪਰ ਬਹੁਤ ਸਾਰੇ ਲੋਕਾਂ ਨੂੰ ਯਾਦ ਨਹੀਂ ਹੈ ਕਿ ਇਮਰੋਜ਼ ਇੱਕ ਕਲਾਕਾਰ ਸੀ। ਉਹ ਇੱਕ ਪੇਂਟਰ ਸੀ ਅਤੇ ਆਪਣੇ ਬੁਰਸ਼ ਨਾਲ ਜਾਦੂ ਕਰ ਸਕਦਾ ਸੀ ਜਿਸ ਨਾਲ ਲੋਕਾਂ ਨੂੰ ਸ਼ਬਦਾਂ ਨਾਲ ਵਧੀਆ ਸੰਬੰਧ ਮਹਿਸੂਸ ਹੋਇਆ। ਉਸਦੀ ਕਲਾ ਵੀ ਇਹੀ ਕਾਰਨ ਸੀ ਕਿ ਉਹ ਅੰਮ੍ਰਿਤਾ ਪ੍ਰੀਤਮ ਦੇ ਸੰਪਰਕ ਵਿੱਚ ਆਇਆ। ਅੰਮ੍ਰਿਤਾ ਪਹਿਲੀ ਵਾਰ ਆਪਣੀ ਇੱਕ ਕਿਤਾਬ ਦੇ ਕਵਰ ਦੇ ਸਬੰਧ ਵਿੱਚ ਮਿਲੇ ਸਨ। ਅੰਮ੍ਰਿਤਾ, ਜਿਸ ਨੇ ਪਹਿਲਾਂ ਹੀ ਸਾਹਿਤ ਵਿੱਚ ਆਪਣੀ ਥਾਂ ਬਣਾ ਲਈ ਸੀ, ਨੇ ਇਮਰੋਜ਼ ਦੀਆਂ ਪੇਂਟਿੰਗਾਂ ਵਿੱਚ ਕੁਝ ਅਜਿਹਾ ਵੇਖਿਆ ਕਿ ਉਹ ਵਿਸ਼ਵਾਸ ਕਰਦੀ ਸੀ ਕਿ ਉਸ ਦੇ ਸ਼ਬਦਾਂ ਦੀ ਸੁੰਦਰਤਾ ਹੋਰ ਵੀ ਵਧ ਸਕਦੀ ਹੈ। ਅਤੇ ਜਦੋਂ ਉਨ੍ਹਾਂ ਨੇ ਮੁਲਾਕਾਤ ਕੀਤੀ, ਤਾਂ ਅਜਿਹੀ ਸੰਗਤ ਸੀ ਕਿ ਕੇਵਲ ਮੌਤ ਹੀ ਉਨ੍ਹਾਂ ਨੂੰ ਸ਼ਾਮਲ ਕਰ ਸਕਦੀ ਹੈ ਅਤੇ ਮੈਂ ਹੋਰਨਾਂ ਖੇਤਰਾਂ ਦੀਆਂ ਮਸ਼ਹੂਰ ਹਸਤੀਆਂ ਦੇ ਨਾਲ ਲੇਖਕਾਂ ਅਤੇ ਕਵੀਆਂ ਦੇ ਘਰਾਂ ਨੂੰ ਕਵਰ ਕਰਨ ਦਾ ਸੁਝਾਅ ਦਿੱਤਾ ਤਾਂ ਜੋ ਦਰਵਾਜ਼ੇ ਅਤੇ ਕੰਧਾਂ ਬਾਰੇ ਪਤਾ ਲਗਾਇਆ ਜਾ ਸਕੇ ਜਿੱਥੋਂ ਬਹੁਤ ਸਾਰੇ ਸੁੰਦਰ ਵਿਚਾਰ ਸਾਹਮਣੇ ਆਏ ਹਨ। ਜਦੋਂ ਮੈਂ ਉੱਥੇ ਪਹੁੰਚਿਆ ਤਾਂ ਇਮਰੋਜ਼ ਸਾਹਿਬ ਨੇ ਦਰਵਾਜ਼ਾ ਖੋਲ੍ਹਿਆ ਕੀ ਪਿਆਰ ਲੋਕਾਂ ਨੂੰ ਖੂਬਸੂਰਤ ਬਣਾਉਂਦਾ ਹੈ - ਮੈਂ ਸੋਚਦਾ ਹਾਂ। ਉਹ ਉੱਥੇ ਖੜ੍ਹਾ ਸੀ ਅਤੇ ਦਰਵਾਜ਼ਾ ਖੋਲ੍ਹ ਰਿਹਾ ਸੀ। ਉਨ੍ਹਾਂ ਦੇ ਵਾਲ ਦਾ ਇੱਕ ਟੁਕੜਾ ਉਨ੍ਹਾਂ ਦੇ ਮੱਥੇ ਉੱਤੇ ਲਟਕ ਰਿਹਾ ਸੀ ਅਤੇ ਉਨ੍ਹਾਂ ਨੂੰ ਦੇਖਦਾ ਸੀ-ਮੇਰੇ ਲਈ ਅਜਨਬੀ।

ਮੇਰੇ ਨਾਲ ਫੋਟੋਗ੍ਰਾਫਰ ਭੁਪਿੰਦਰ ਸਿੰਘ ਵੀ ਸੀ। ਜਿਵੇਂ ਹੀ ਉਹ ਪਹੁੰਚੇ, ਉਹ ਤਸਵੀਰਾਂ 'ਤੇ ਕਲਿੱਕ ਕਰਨ ਵਿਚ ਰੁੱਝੇ ਹੋਏ ਸਨ ਜਦੋਂ ਮੈਂ ਮਦਦ ਨਹੀਂ ਕਰ ਸਕਿਆ, ਪਰ ਵਾਰ-ਵਾਰ ਇਮਰੋਜ਼ ਸਾਹਿਬ 'ਤੇ ਨਜ਼ਰ ਮਾਰੀ। ਮੈਂ ਉਸ ਨਾਲ ਗੱਲ ਕਰ ਰਿਹਾ ਸੀ ਪਰ ਮੈਨੂੰ ਨਹੀਂ ਪਤਾ ਸੀ ਕਿ ਮੇਰੇ ਮਨ ਵਿਚ ਕੀ ਚੱਲ ਰਿਹਾ ਹੈ। ਮੈਂ ਸੋਚਦਾ ਸੀ ਕਿ ਅੰਮ੍ਰਿਤਾ ਨੂੰ ਚੁੱਪ ਕਰਾਉਣ ਵਾਲਾ ਸੁਭਾਅ ਵਿੱਚ ਚੁੱਪ ਰਹੇਗਾ, ਲੇਕਿਨ ਇੱਥੇ ਇੱਕ ਵਿਅਕਤੀ ਚੀਖ ਰਿਹਾ ਸੀ, ਮੁਸਕਰਾ ਰਿਹਾ ਸੀ, ਅੱਖਾਂ ਨਾਲ ਮੁਸਕਰਾ ਰਿਹਾ ਸੀ।

ਮੈਨੂੰ ਉਹ ਸਭ ਤੋਂ ਖੂਬਸੂਰਤ ਚੀਜ਼ ਮਿਲੀ ਜੋ ਉਸ ਦਾ ਨੀਵਾਂ ਰਵੱਈਆ, ਉਸ ਦੀ ਮੁਸਕਰਾਹਟ ਜਾਂ ਸ਼ਾਇਦ ਪਿਆਰ ਦੀ ਸਧਾਰਨ ਅਤੇ ਖੁਸ਼ੀ ਵਾਲੀ ਭਾਵਨਾ ਸੀ ਜੋ ਸਿਰਫ ਇੱਕ ਕਿਸਮਤ ਵਾਲੀ ਵਿਅਕਤੀ ਨੂੰ ਕਾਫ਼ੀ ਅਨੁਭਵ ਹੋ ਸਕਦਾ ਹੈ. ਇਹ ਦੇਖਣ ਨਾਲ ਮੇਰੇ ਸਾਹਮਣੇ ਜ਼ਿੰਦਗੀ ਆਉਂਦੀ ਹੈ ਜੋ ਸ਼ਾਇਦ ਮੈਨੂੰ ਛੂਹ ਗਈ ਸੀ।

ਇੱਕ ਵਾਰ ਇਮਰੋਜ਼ ਨੇ ਅੰਮ੍ਰਿਤਾ ਨਾਲ ਮੁਲਾਕਾਤ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਇੱਕ ਦਿਨ ਉਨ੍ਹਾਂ ਨੂੰ ਮਿਲਣ ਆਏ ਅਤੇ ਉਨ੍ਹਾਂ ਦੇ ਘਰ ਦਾ ਦਰਵਾਜ਼ਾ ਬੰਦ ਸੀ। ਇਹ ਸੁਣ ਕੇ ਇਮਰੋਜ਼ ਆਇਆ ਅਤੇ ਦਰਵਾਜ਼ਾ ਖੋਲ੍ਹਿਆ ਪਰ ਅੰਮ੍ਰਿਤਾ ਅੰਦਰ ਨਹੀਂ ਆਈ। ਉਸਨੇ ਕਿਹਾ "ਇਰੋਜ਼, ਕੀ ਮੈਨੂੰ ਤੁਹਾਡੇ ਦਰਵਾਜ਼ੇ 'ਤੇ ਵੀ ਦਸਤਕ ਦੇਣੀ ਪਵੇਗੀ?" ਅੰਮ੍ਰਿਤਾ ਦੇ ਨਾਲ ਜਦੋਂ ਘਰ ਵਿੱਚ ਰਹਿਣ ਲੱਗਾ ਤਾਂ ਕਮਰੇ ਦਾ ਦਰਵਾਜ਼ਾ ਹਮੇਸ਼ਾ ਖੁੱਲ੍ਹਾ ਰਹਿੰਦਾ ਸੀ। ਅੰਮ੍ਰਿਤਾ ਜਦੋਂ ਵੀ ਅਤੇ ਜਿੱਥੇ ਵੀ ਚਾਹੇ ਹਵਾ ਵਾਂਗ ਚਲੀ ਗਈ। ਅੰਮ੍ਰਿਤਾ ਨੂੰ ਚਾਹ ਦਾ ਬਹੁਤ ਸ਼ੌਕ ਸੀ-ਇੱਕ ਆਦਤ ਬਣ ਗਈ, ਜਦੋਂ ਉਹ ਪੜ੍ਹਨ-ਲਿਖਣ ਲਈ ਬੈਠ ਗਈ। ਉਨ੍ਹਾਂ ਕਿਹਾ ਕਿ ਪਿਆਰ ਲੋਕਾਂ ਦੇ ਦਿਲਾਂ ਨੂੰ ਜੋੜਦਾ ਹੈ ਅਤੇ ਇਸ ਲਈ ਜਦੋਂ ਅੰਮ੍ਰਿਤਾ ਆਪਣੀਆਂ ਕਿਤਾਬਾਂ ਵਿੱਚ ਲੀਨ ਹੋਈ, ਤਾਂ ਇਮਰੋਜ਼ ਸ਼ਾਂਤ ਹੋ ਕੇ ਚਾਹ ਬਣਾਏਗਾ, ਚੁੱਪ-ਚੁਪੀਤੇ ਅੰਮ੍ਰਿਤਾ ਦੇ ਮੇਜ਼ 'ਤੇ ਰੱਖ ਕੇ ਆਵਾਜ਼ ਨਹੀਂ ਉਠਾਵੇਗਾ। ਅੰਮ੍ਰਿਤਾ ਕਦੇ-ਕਦੇ ਨਹੀਂ ਸੋਚਦੀ ਹੁੰਦੀ ਸੀ ਅਤੇ ਆਪਣੀ ਲਿਖਤ ਵਿੱਚ ਮਸਤ ਰਹਿੰਦੀ ਸੀ। ਪਰ ਉਸ ਦੇ ਚਿਹਰੇ 'ਤੇ ਮੁਸਕਰਾਹਟ ਦਿਖਾਈ ਦਿੰਦੀ ਸੀ-ਕੋਈ ਵੀ ਪ੍ਰਸ਼ੰਸਕ ਆਪਣੇ ਚਿਹਰੇ 'ਤੇ ਆਉਣ ਲਈ ਮਰ ਜਾਵੇਗਾ। ਅੰਮ੍ਰਿਤਾ ਨੂੰ ਕਈ-ਕਈ ਘੰਟਿਆਂ ਤੱਕ ਹੰਝੂਆਂ ਨਾਲ ਭਰ ਕੇ ਇਹ ਖੁਸ਼ੀ ਮਿਲੀ। ਇਹ ਉਹ ਮੁਸਕਰਾ ਹੈ ਜੋ ਦੁਨੀਆ ਹਰ ਕਦਮ 'ਤੇ ਖੋਹਣ ਦੀ ਕੋਸ਼ਿਸ਼ ਕਰਦੀ ਹੈ। ਤੁਸੀਂ, ਅੰਮ੍ਰਿਤਾ ਨਾਲ ਈਰਖਾ ਕਿਵੇਂ ਨਹੀਂ ਕਰ ਸਕਦੇ? ਮੈਂ ਆਪਣੇ ਫੋਟੋਗ੍ਰਾਫਰ ਨੂੰ ਕਿਹਾ ਕਿ ਉਹ ਮੇਰੀਆਂ ਕੁਝ ਤਸਵੀਰਾਂ ਨੂੰ ਨਿੱਜੀ ਤੌਰ 'ਤੇ ਮੇਰੇ ਨਜ਼ਰੀਏ ਤੋਂ ਦੇਖਣ। ਜਦੋਂ ਮੈਂ ਬਾਹਰ ਜਾਂਦੇ ਸਮੇਂ ਇਮਰੋਜ਼ ਸਾਹਿਬ ਨੂੰ ਗਲ਼ੇ ਲਗਾਇਆ ਤਾਂ ਉਨ੍ਹਾਂ ਨੇ ਬੜੇ ਪਿਆਰ ਨਾਲ ਕਿਹਾ, "ਤੁਸੀਂ ਜਾ ਰਹੇ ਹੋਵੋਗੇ, ਪਰ ਤੁਹਾਡਾ ਇੱਕ ਹਿੱਸਾ ਇੱਥੇ ਰਹੇਗਾ। ਜਦੋਂ ਵੀ ਤੁਸੀਂ ਆਪਣੇ ਆਪ ਨੂੰ ਲੱਭ ਰਹੇ ਹੋ ਤਾਂ ਵਾਪਸ ਆਓ। ਤੁਹਾਡਾ ਚਿਹਰਾ ਕਹਿੰਦਾ ਹੈ ਕਿ ਤੁਸੀਂ ਗੁੰਮ ਹੋ ਜਾਂਦੇ ਹੋ ਅਤੇ ਆਪਣੇ ਆਪ ਦੀ ਭਾਲ ਕਰ ਰਹੇ ਹੋ। ਮੈਂ ਹੋਰ ਕੀ ਕਰ ਸਕਦਾ ਸੀ ਪਰ ਮੈਂ ਹੈਰਾਨ ਰਹਿ ਕੇ ਆਪਣੇ ਆਪ ਨੂੰ ਪੁੱਛ ਸਕਦਾ ਹਾਂ ਕਿ ਕੀ ਪਿਆਰ ਜਾਦੂ ਵੀ ਸਿਖਾਉਂਦਾ ਹੈ? ਪਹਿਲੀ ਮੁਲਾਕਾਤ ਤੋਂ ਬਾਅਦ ਮੈਂ ਲਗਾਤਾਰ ਇਮਰੋਜ਼ ਸਾਹਿਬ ਦੇ ਘਰ ਜਾਣਾ ਸ਼ੁਰੂ ਕਰ ਦਿੱਤਾ। ਉਹ ਮੇਰੇ ਲਈ ਕੁਝ ਵੀ ਨਹੀਂ ਸੀ, ਪਰ ਇੱਕ ਪਰੀ ਕਹਾਣੀ ਦੇ ਦੋਸਤ, ਜਿਸ ਦੀ ਮੌਜੂਦਗੀ ਨੇ ਵੀ ਗਮ ਦਾ ਥੋੜ੍ਹਾ ਜਿਹਾ ਪਰਛਾਵਾਂ ਹੀ ਮਿਟਾ ਦਿੱਤਾ, ਸੰਸਾਰ ਇੱਕ ਸੁੰਦਰ ਜਗ੍ਹਾ ਦਿਖਾਈ ਦਿੰਦਾ ਹੈ ਅਤੇ ਅੰਤ ਦੀ ਤਾਂਘ ਛੱਡ ਦਿੰਦਾ ਹੈ. ਮੈਂ ਉਸ ਨੂੰ ਮਿਲਣ ਤੋਂ ਪਹਿਲਾਂ ਫੋਨ ਕਰਦਾ ਸੀ। ਜਦੋਂ ਮੈਂ ਉੱਥੇ ਪਹੁੰਚ ਜਾਂਦਾ, ਤਾਂ ਅਸੀਂ ਚਾਹ, ਰੋਟਿਸ ਜਾਂ ਪਾਰੰਥਾਂ ਇਕੱਠੇ ਖਾਂਦੇ ਅਤੇ ਖਾਂਦੇ ਸਾਂ। ਇਸ ਤੋਂ ਬਾਅਦ ਅਸੀਂ ਭਾਂਡੇ ਵੀ ਸਾਫ ਕਰਦੇ ਹਾਂ। ਸਾਡੀ ਗੱਲਬਾਤ ਸਵੇਰ ਤੋਂ ਲੈ ਕੇ ਸ਼ਾਮ ਤੱਕ ਚੱਲਦੀ ਰਹੀ ਪਰ ਕਦੇ ਖਤਮ ਨਹੀਂ ਹੋਈ। ਇਸ ਦੀ ਬਜਾਇ ਉਹ ਅਗਲੀ ਮੀਟਿੰਗ ਦਾ ਕਾਰਨ ਬਣਦੇ। ਤਦ ਅੰਮ੍ਰਿਤਾ ਦੀ ਮੌਤ ਹੋ ਚੁੱਕੀ ਸੀ। ਪਰ ਇਮਰੋਜ਼ ਸਾਹਿਬ ਨੇ ਪਿਛਲੇ ਕਾਲ ਵਿੱਚ ਕਦੇ ਵੀ ਉਨ੍ਹਾਂ ਬਾਰੇ ਗੱਲ ਨਹੀਂ ਕੀਤੀ ਸੀ, ਇਸ ਲਈ ਮੈਂ ਹਮੇਸ਼ਾ ਮਹਿਸੂਸ ਕੀਤਾ ਕਿ ਉਹ ਹਰ ਮੀਟਿੰਗ ਵਿੱਚ ਸਾਡੇ ਨਾਲ ਮੌਜੂਦ ਸਨ। ਅਤੇ ਮੈਨੂੰ ਮਹਿਸੂਸ ਹੋਇਆ ਕਿ ਜਦੋਂ ਵੀ ਇਮਰੋਜ਼ ਸਾਹਿਬ ਚੁੱਪ ਹੋ ਜਾਂਦੇ ਹਨ ਤਾਂ ਉਹ ਅੰਮ੍ਰਿਤਾ ਵੀ ਮੈਨੂੰ ਕੁਝ ਕਹਿ ਰਹੀ ਸੀ। ਅਸੀਂ ਅਕਸਰ ਛੱਤ ਦੇ ਇਮਰੋਜ਼ ਸਾਹਿਬ ਦੇ ਫੁੱਲਾਂ ਦੇ ਘੜੇ ਦੇ ਨੇੜੇ ਬੈਠ ਜਾਂਦੇ ਸਾਂ।



ਉਹ ਹਰ ਰੋਜ਼ ਕਬੂਤਰਾਂ ਨੂੰ ਭੋਜਨ ਦਿੰਦਾ ਸੀ ਅਤੇ ਉਨ੍ਹਾਂ ਨਾਲ ਉਸੇ ਤਰ੍ਹਾਂ ਗੱਲ ਕਰਦਾ ਸੀ ਜਿਵੇਂ ਉਹ ਮੇਰੇ ਨਾਲ ਬੋਲਦਾ ਸੀ। ਉਨ੍ਹਾਂ ਨੂੰ ਲਗਦਾ ਸੀ ਕਿ ਲੰਮੀ ਗੱਲਬਾਤ ਹੋਈ ਹੈ ਅਤੇ ਦਿਲਚਸਪ ਗੱਲ ਇਹ ਹੈ ਕਿ ਉਹ ਇਕ ਦੂਜੇ ਨੂੰ ਵੀ ਸਮਝਦੇ ਹਨ ਅਤੇ ਹੁਣ ਅੰਮ੍ਰਿਤਾ ਮੇਰੇ ਅੰਦਰ ਪੂਰੇ ਰੰਗ ਦੇ ਪੈਲਅਟ ਦੀ ਤਰ੍ਹਾਂ ਹੈ।

ਮੈਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਦੇਖਣਾ ਪਸੰਦ ਕਰਦਾ ਸੀ, ਜਦੋਂ ਉਹ ਮੇਰੇ ਵੱਲ ਨਹੀਂ ਦੇਖ ਰਹੇ ਸਨ ਅਤੇ ਉਨ੍ਹਾਂ ਦੇ ਕੰਮ ਵਿੱਚ ਵਿਅਸਤ ਸਨ। ਉਸ ਦੇ ਮੱਥੇ 'ਤੇ ਵਾਲ ਅਕਸਰ ਡਿੱਗ. ਜਦੋਂ ਉਹ ਮੁਸਕਰਾ ਵੀ ਨਹੀਂ ਰਿਹਾ ਤਾਂ ਉਸ ਦਾ ਚਿਹਰਾ ਖਿੜ ਜਾਂਦਾ ਹੈ। ਕਦੇ ਵੀ ਇਕੱਲਾ ਨਹੀਂ ਦੇਖਿਆ- ਅੰਮ੍ਰਿਤਾ ਦਾ ਚਿਹਰਾ ਹਮੇਸ਼ਾ ਨਜ਼ਰ ਆਉਂਦਾ ਸੀ। ਇਹ ਸ਼ਾਇਦ ਸੱਚ ਹੈ ਕਿ ਜਦੋਂ ਪਿਆਰ ਕਰਨ ਵਾਲੇ ਦੋ ਲੋਕ ਇਕੱਠੇ ਰਹਿੰਦੇ ਹਨ, ਤਾਂ ਉਹ ਇਕੋ ਜਿਹੇ ਨਜ਼ਰ ਆਉਂਦੇ ਹਨ। ਇੱਕ ਵਾਰ ਜਦੋਂ ਮੇਰੇ ਜਨਮ ਦਿਨ 'ਤੇ, ਉਹ



ਚੁੱਪ ਚਾਪ ਮੇਰੇ ਲਈ ਕੇਕ ਲੈ ਕੇ ਆਏ ਅਤੇ ਪੇਂਟਿੰਗਾਂ ਦੇ ਆਪਣੇ ਖਜ਼ਾਨੇ ਵੱਲ ਇਸ਼ਾਰਾ ਕਰਦਿਆਂ, ਕਿਹਾ, "ਤੁਸੀਂ ਜਾ ਕੇ ਆਪਣੇ ਲਈ ਇੱਕ ਤੋਹਫ਼ਾ ਚੁਣੋ।

ਮੈਂ ਪੁੱਛਿਆ, "ਕੀ ਕੋਈ ਆਪਣੇ ਲਈ ਤੋਹਫ਼ਾ ਚੁਣ ਰਿਹਾ ਹੈ?

ਉਨ੍ਹਾਂ ਨੇ ਜਵਾਬ ਦਿੱਤਾ, "ਦੂਜਿਆਂ ਦੀ ਜੋ ਵੀ ਪੇਸ਼ਕਸ਼ ਹੁੰਦੀ ਹੈ, ਉਸ ਨੂੰ ਸਵੀਕਾਰ ਕਰਨ ਦੀ ਆਦਤ ਵਿੱਚ ਪਾਉਣਾ ਜ਼ਰੂਰੀ ਨਹੀਂ ਹੈ। "ਆਪਣੇ ਜੀਵਨ ਵਿੱਚ ਉਨ੍ਹਾਂ ਚੀਜ਼ਾਂ ਲਈ ਜਗ੍ਹਾ ਬਣਾਓ ਜਿਨ੍ਹਾਂ ਨੂੰ ਤੁਸੀਂ ਚਾਹੁੰਦੇ ਹੋ ਅਤੇ ਉਨ੍ਹਾਂ ਚੀਜ਼ਾਂ ਨੂੰ ਹਟਾਓ ਜਿਨ੍ਹਾਂ ਨੂੰ ਤੁਸੀਂ ਆਪਣੇ ਘਰ ਦੇ ਹਰ ਕੋਨੇ ਤੋਂ ਅਤੇ ਕੰਧਾਂ ਤੱਕ ਪਸੰਦ ਨਹੀਂ ਕਰਦੇ ਹੋ।

ਮੈਂ ਅਕਸਰ ਇਮਰੋਜ਼ ਸਾਹਿਬ ਨੂੰ ਪੁੱਛਿਆ ਕਿ ਜੇ ਕਦੇ ਉਨ੍ਹਾਂ ਨੂੰ ਬੁਰਾ ਲੱਗਿਆ ਕਿ ਜੋ ਵੀ ਉਨ੍ਹਾਂ ਨੂੰ ਮਿਲਣ ਆਇਆ ਹੈ, ਅੰਮ੍ਰਿਤਾ ਨੂੰ ਮਿਲਣ ਆਇਆ ਹੈ ਅਤੇ ਕਦੇ-ਕਦੇ ਉਸ ਨੂੰ ਪਛਾਣਿਆ ਵੀ ਨਹੀਂ। ਇਸ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੇ ਕਿਹਾ, ਇੱਥੇ ਸਿਰਫ ਅੰਮ੍ਰਿਤਾ ਹੀ ਰਹਿੰਦੀ ਹੈ। ਮੈਂ ਅਮ੍ਰਿਤਾ ਵੀ ਹਾਂ। ਕੀ ਮੈਂ ਤੁਹਾਡੇ ਵੱਲ ਕਿਸੇ ਹੋਰ ਦੀ ਤਰ੍ਹਾਂ ਦੇਖਦਾ ਹਾਂ? "ਇਸ ਤਰ੍ਹਾਂ ਇੱਕ ਵਿਅਕਤੀ ਆਪਣੇ ਪਿਆਰੇ ਨਾਲ ਬਣ ਜਾਂਦਾ ਹੈ - ਮੈਂ ਉਸ ਸਮੇਂ ਵੇਖਿਆ।

ਅੰਮ੍ਰਿਤਾ ਦੀ ਮੌਤ ਤੋਂ ਬਾਅਦ ਇਮਰੋਜ਼ ਨੇ ਵੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਉਹ ਗੁਰਮੁਖੀ ਵਿੱਚ ਲਿਖਦੇ ਸਨ। ਜਦੋਂ ਮੈਂ ਮੁਲਾਕਾਤ ਕਰਾਂਗਾ ਤਾਂ ਉਨ੍ਹਾਂ ਦੀਆਂ ਕਵਿਤਾਵਾਂ ਪੜ੍ਹੀਆਂ ਜਾਣਗੀਆਂ ਅਤੇ ਮੈਂ ਉਨ੍ਹਾਂ ਨੂੰ ਹਿੰਦੀ ਵਿੱਚ ਲਿਖਾਂਗਾ। ਇੱਕ ਵਾਰ, ਉਸ ਨੂੰ ਇੱਕ ਪੁਰਸਕਾਰ ਦੇ ਨਾਲ ਕੁਝ ਨਕਦ ਪ੍ਰਾਪਤ ਹੋਏ ਜਿਸ ਨਾਲ ਉਸਨੇ ਬਹੁਤ ਸਾਰੇ ਪੌਦੇ ਅਤੇ ਇੱਕ ਕੁਰਤਾ ਖਰੀਦ ਲਿਆ। ਇਸ ਦਾ ਰੰਗ ਹਲਕਾ ਸੀ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਨੇ ਜੀਵੰਤ ਰੰਗ ਕਿਉਂ ਨਹੀਂ ਚੁਣਿਆ, ਤਾਂ ਉਨ੍ਹਾਂ ਨੇ ਕਿਹਾ, ਮੇਰੇ ਵਿੱਚ ਪਹਿਲਾਂ ਹੀ ਬਹੁਤ ਸਾਰੇ ਰੰਗ ਹਨ। ਬਾਹਰੀ ਰੰਗ ਨਾਲ ਕੀ ਕਰਨਾ ਹੈ?

ਉਹ ਅਕਸਰ ਕਹਿੰਦੇ ਸਨ "ਤੁਸੀਂ ਹਮੇਸ਼ਾ ਮੇਰੀ ਗੱਲ ਸੁਣਨ ਲਈ ਆਉਂਦੇ ਹੋ, ਕਿਉਂ ਨਾ ਤੁਸੀਂ ਜੋ ਕੁਝ ਲਿਖਿਆ ਹੈ ਉਸ ਦਾ ਵਰਣਨ ਕਰਦੇ ਹੋ?" ਇਮਰੋਜ਼ ਸਾਹਿਬ ਨਾਲ ਹਰ ਮੁਲਾਕਾਤ ਤੋਂ ਬਾਅਦ ਮੇਰਾ ਦਿਲ ਅਤੇ ਮਨ ਬਹੁਤ ਦਿਨਾਂ ਤੋਂ ਸ਼ਾਂਤ ਰਹਿੰਦਾ ਸੀ। ਗੁੱਸੇ ਦਾ ਅੰਤ ਹੋ ਗਿਆ, ਸ਼ਿਕਾਇਤਾਂ ਅਲੋਪ ਹੋ ਗਈਆਂ ਅਤੇ ਦੁਨੀਆਂ ਤੋਂ ਛੁਟਕਾਰਾ ਪਾਉਣ ਦੇ ਵਿਚਾਰ ਨੇ ਮੈਨੂੰ ਕੁਝ ਦਿਨਾਂ ਲਈ ਛੱਡ ਦਿੱਤਾ। ਜਦੋਂ ਅਜਿਹੇ ਵਿਚਾਰ ਮੈਨੂੰ ਫਿਰ ਪਰੇਸ਼ਾਨ ਕਰਨ ਲੱਗੇ ਤਾਂ ਮੈਂ ਇੱਕ ਵਾਰ ਫਿਰ ਇਮਰੋਜ਼ ਸਾਹਿਬ ਦੇ ਦਰਵਾਜ਼ੇ 'ਤੇ ਇੱਕ ਅਜਿਹੀ ਦੁਨੀਆ ਨੂੰ ਦਸਤਕ ਦੇਵਾਂਗਾ ਜਿੱਥੇ ਬਿਨਾ ਸ਼ਰਤ ਪਿਆਰ ਅਤੇ ਮਨੁੱਖਤਾ ਜ਼ਿੰਦਾ ਸੀ। ਹਰ ਵਾਰ ਉਨ੍ਹਾਂ ਦੇ ਇਸ ਸਵਾਲ ਦਾ ਜਵਾਬ ਸੁਣਨ ਤੋਂ ਬਾਅਦ ਉਨ੍ਹਾਂ ਨੇ ਇੱਕ ਵਾਰ ਕਿਹਾ, 'ਕੀ ਕੋਈ ਬਾਹਰ ਵੀ ਸ਼ਾਂਤੀ ਪਾਉਂਦਾ ਹੈ?'

ਫਿਰ ਕੁਝ ਹੋਇਆ ਅਤੇ ਸਾਲਾਂ ਤੋਂ ਚਲੀ ਆ ਰਹੀ ਸਾਡੀਆਂ ਮੀਟਿੰਗਾਂ ਦੀ ਲੜੀ ਉਸ ਜਗ੍ਹਾ ਰੁਕ ਗਈ ਜਿੱਥੇ ਇਮਰੋਜ਼ ਸਾਹਿਬ ਤੱਕ ਪਹੁੰਚਣਾ ਆਸਾਨ ਨਹੀਂ ਸੀ। ਉਨ੍ਹਾਂ ਨੇ ਅੰਮ੍ਰਿਤਾ ਦੀ ਖੁਸ਼ਬੂ ਨਾਲ ਘਰ ਛੱਡਿਆ ਅਤੇ ਨਵੀਂ ਦਿੱਲੀ ਦੇ ਗ੍ਰੇਟਰ ਕੈਲਾਸ਼ ਸਥਿਤ ਇੱਕ ਸ਼ਾਨਦਾਰ ਫਲੈਟ ਵਿੱਚ ਨਿਵਾਸ ਕੀਤਾ। ਅੰਮ੍ਰਿਤਾ ਦਾ ਪਰਿਵਾਰ ਉਨ੍ਹਾਂ ਦੇ ਨਾਲ ਸੀ, ਪਰ ਇਮਰੋਜ਼ ਦਾ ਅੰਮ੍ਰਿਤਾ ਘਰ ਦੀਆਂ ਕੰਧਾਂ ਵਿੱਚ ਕਿਤੇ ਪਿੱਛੇ ਰਹਿ ਗਿਆ ਸੀ। ਇਸ ਤੋਂ ਬਾਅਦ ਕਈ ਵਾਰ ਫੋਨ ਕਰਨ ਦੇ ਬਾਵਜੂਦ ਕੋਈ ਫੋਨ ਨਹੀਂ ਚੁੱਕ ਰਿਹਾ ਸੀ। ਉਹ ਜਗ ?ਹਾ ਜਿੱਥੇ ਹਰ ਸਵਾਲ ਦਾ ਜਵਾਬ ਮਿਲਦਾ ਸੀ, ਉਹ ਪਹੁੰਚ ਤੋਂ ਬਾਹਰ ਸੀ। ਜਿਸ ਦੁਨੀਆ ਵਿੱਚ ਹਰ ਰੋਜ਼ ਪਿਆਰ ਮਰ ਰਿਹਾ ਹੈ, ਉਸੇ ਜਗ੍ਹਾ ਦੇ ਦਰਵਾਜ਼ੇ ਜਿੱਥੇ ਪਿਆਰ ਬੰਦ ਸੀ ਅਤੇ ਰਸਤਾ ਗੁਆਚ ਗਿਆ ਸੀ। ਸ਼ਿਕਾਇਤ ਹੋਵੇ, ਨਫ਼ਰਤ ਹੋਵੇ, ਗੁੱਸਾ ਹੋਵੇ, ਮਨ ਵਿੱਚ ਗੁੱਸਾ ਆਉਂਦਾ ਰਹਿੰਦਾ ਹੈ, ਕਿਉਂਕਿ ਇਹ ਚੀਜ਼ਾਂ ਹਨ ਜੋ ਬਿਨਾਂ ਪੁੱਛੇ ਹਰ ਰੋਜ਼ ਪੇਸ਼ ਕੀਤੀਆਂ ਜਾਂਦੀਆਂ ਹਨ।

ਪਿਛਲੇ ਕਈ ਦਿਨਾਂ ਤੋਂ ਮੈਂ ਅਚਾਨਕ ਇਮਰੋਜ਼ ਸਾਹਿਬ ਨੂੰ ਯਾਦ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਤੰਦਰੁਸਤੀ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ। ਅਤੇ ਫਿਰ ਮੈਨੂੰ ਦੁਬਾਰਾ ਪਰ ਇੱਕ ਖ਼ਬਰ ਵਿੱਚ ਇਮਰੋਜ਼ ਸਾਹਿਬ ਮਿਲੇ। ਇਮਰੋਜ਼ ਸਾਹਿਬ ਦਾ ਦੇਹਾਂਤ ਹੋ ਗਿਆ ਸੀ। ਮੈਂ ਫਿਰ ਤੋਂ ਨੰਬਰ ਲੈਣ ਦੀ ਕੋਸ਼ਿਸ਼ ਕੀਤੀ, ਪਰ ਅੱਜ ਵੀ ਉਸ ਵਿਅਕਤੀ ਦਾ ਕੋਈ ਜਵਾਬ ਨਹੀਂ ਆਇਆ ਜਿਸ ਕੋਲ ਮੇਰੇ ਲਈ ਸਾਰੇ ਜਵਾਬ ਸਨ । ਅੰਤ ਵਿੱਚ, ਮੈਂ ਗੀਤਕਾਰ ਗੁਲਜ਼ਾਰ ਸਾਹਿਬ ਨੂੰ ਬੁਲਾਇਆ, ਕਿਉਂਕਿ ਮੈਨੂੰ ਪਤਾ ਲੱਗਿਆ ਕਿ ਇਮਰੋਜ਼ ਦੀ ਮੁੰਬਈ ਵਿੱਚ ਮੌਤ ਹੋ ਗਈ ਹੈ। ਮੈਂ ਸੋਚਿਆ ਕਿ ਜੇਕਰ ਉਹ ਮੁੰਬਈ ਵਿਚ ਹੁੰਦੇ ਤਾਂ ਉਹ ਜ਼ਰੂਰ ਗੁਲਜ਼ਾਰ ਸਾਹਿਬ ਦੇ ਸੰਪਰਕ ਵਿਚ ਹੁੰਦੇ। ਉਨ੍ਹਾਂ ਨੂੰ ਦੋਸਤ ਕਿਹਾ। ਲੇਕਿਨ ਇਹ ਦੁਖ ਦੀ ਗੱਲ ਹੈ ਕਿ ਗੁਲਜ਼ਾਰ ਸਾਹਿਬ ਨੂੰ ਵੀ ਮੇਰੇ ਕੋਲੋਂ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਮਿਲੀ ਸੀ ਅਤੇ ਉਦੋਂ ਤੋਂ ਉਹ ਆਪਣੇ ਮਿੱਤਰ ਨੂੰ ਆਪਣੀ ਆਖਰੀ ਸ਼ਰਧਾਂਜਲੀ ਦੇਣ ਦੀ ਬੜੀ ਉਤਸੁਕਤਾ ਨਾਲ ਕੋਸ਼ਿਸ਼ ਕਰ ਰਹੇ ਹਨ। ਸ਼ਾਇਦ ਸਾਰਿਆਂ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਆਪਣੀ ਪੂਰੀ ਵਾਹ ਲਾਉਣ । ਮੇਰੇ ਲਈ, ਇਮਰੋਜ਼ ਸਾਹਿਬ ਕਿਤੇ ਨਹੀਂ ਗਏ ਹਨ। ਮੈਂ ਹਮੇਸ਼ਾ ਉਨ੍ਹਾਂ ਤੋਂ ਸਲਾਹ ਲੈਂਦਾ ਸੀ ਅਤੇ ਉਨ੍ਹਾਂ ਦੀ ਦੋਸਤੀ ਦਾ ਪ੍ਰਭਾਵ ਮੈਨੂੰ ਅੱਗੇ ਦਾ ਰਸਤਾ ਡਖਾਉਂਦਾ ਰਹੇਗਾ। ਮੈਂ ਜਦੋਂ ਵੀ ਇਮਰੋਜ਼ ਸਾਹਿਬ ਤੋਂ ਕੁਝ ਵੀ ਪੁੱਛਣਾ ਚਾਹੁੰਦਾ ਹਾਂ ਕਿਉਂਕਿ ਉਹ ਅਜਿਹਾ ਵਿਅਕਤੀ ਨਹੀਂ ਹੈ ਜੋ ਤੁਹਾਨੂੰ ਸਲਾਹ ਨਹੀਂ ਦਿੰਦਾ। ਇਮਰੋਜ਼ ਰਸਤਾ ਨਹੀਂ ਦਿਖਾਉਂਦਾ, ਪਰ ਖੁਦ ਦਾ ਰਸਤਾ ਬਣ ਜਾਂਦਾ ਹੈ। ਸੱਚਾ ਪਿਆਰ ਨਾ ਸਿਰਫ ਚੁੱਪ-ਚਾਪ ਰਹਿੰਦਾ ਹੈ, ਬਲਕਿ ਇਕ ਸ਼ਬਦ ਤੋਂ ਬਿਨਾਂ ਦੁਨੀਆਂ ਨੂੰ ਵੀ ਛੱਡਦਾ ਹੈ. ਕੋਈ ਵੀ ਉਨ੍ਹਾਂ ਦੀ ਮੌਤ ਬਾਰੇ ਨਹੀਂ ਜਾਣਦਾ, ਜਿਸ ਕਰਕੇ ਕੋਈ ਵਿਸ਼ਵਾਸ ਕਰਦਾ ਹੈ ਕਿ ਪਿਆਰ ਕਦੇ ਨਹੀਂ ਮਰਦਾ।

ਦ ਵਾਇਰ 'ਚੋਂ ਧੰਨਵਾਦ ਸਹਿਤ

# ਸੰਕਟਗ੍ਰਸਤ ਭਾਰਤ : ਖੁਦਕੁਸ਼ੀਆਂ ਦੀ ਜ਼ਮੀਨ ਕਿਉਂ

ਦਵਿੰਦਰ ਕੌਰ ਖੁਸ਼ ਧਾਲੀਵਾਲ
8847227740



ਯੂਨੀਅਨ ਸਰਕਾਰ ਦੇ ਅਦਾਰੇ ਕੌਮੀ ਜੁਰਮ ਰਿਕਾਰਡ ਬਿਊਰੋ ਵੱਲੋਂ ਹਰ ਸਾਲ ਵਾਂਗ 2022 ਵਿੱਚ ਹੋਏ ਜੁਰਮਾਂ ਤੇ ਹਾਦਸਿਆਂ ਆਦਿ ਬਾਰੇ ਰਿਪੋਰਟਾਂ ਜਾਰੀ ਕੀਤੀਆਂ ਗਈਆਂ ਹਨ। ਇਹਨਾਂ ਵਿੱਚੋਂ ਇੱਕ ਰਿਪੋਰਟ ਖੁਦਕੁਸ਼ੀਆਂ ਬਾਰੇ ਹੈ ਜੋ ਧਿਆਨ ਮੰਗਦੀ ਹੈ। ਇਸ ਮੁਤਾਬਕ 2022 ਵਿੱਚ 1,70,924 ਖੁਦਕੁਸ਼ੀਆਂ ਦਰਜ ਹੋਈਆਂ ਹਨ। ਮਤਲਬ ਭਾਰਤ ਵਿੱਚ ਹਰ ਮਹੀਨੇ 14244, ਰੋਜਾਨਾ 475, ਹਰ ਘੰਟੇ ਕਰੀਬ 20 ਖੁਦਕੁਸ਼ੀਆਂ ਹੁੰਦੀਆਂ ਹਨ। ਹਰ 3 ਮਿੰਟ ਵਿੱਚ 1 ਵਿਅਕਤੀ ਆਪਣੀ ਜਿੰਦਗੀ ਖੁਦ ਖਤਮ ਕਰਨ ਲਈ ਮਜਬੂਰ ਹੁੰਦਾ ਹੈ। ਕਿੱਤੇ ਪੱਖੋਂ ਗੱਲ ਕਰੀਏ ਤਾਂ ਇਹਨਾਂ ਖੁਦਕੁਸ਼ੀ ਕਰਨ ਵਾਲ਼ਿਆਂ ਵਿੱਚ 41,433 ਦਿਹਾੜੀਦਾਰ ਕਾਮੇ, 25,309 ਘਰੇਲੂ ਔਰਤਾਂ, 18,357 ਆਪੋ-ਆਪਣੇ ਧੰਦਿਆਂ 'ਚ ਲੱਗੇ ਲੋਕ, 15,783 ਬੇਰੁਜਗਾਰ, 14,395 ਨੌਕਰੀਸ਼ੁਦਾ, 11,290 ਖੇਤੀ ਖੇਤਰ 'ਚ ਲੱਗੇ ਲੋਕ (5,207 ਕਿਸਾਨ ਤੇ 6,083 ਖੇਤ ਮਜਦੂਰ), 13,044 ਵਿਦਿਆਰਥੀ ਤੇ ਹੋਰ ਸ਼ਾਮਲ ਹਨ। ਉਮਰ ਪੱਖੋਂ ਗੱਲ ਕਰੀਏ ਤਾਂ ਸਭ ਤੋਂ ਵੱਧ (1,13,433) ਖੁਦਕੁਸ਼ੀਆਂ 18-45 ਸਾਲ ਦੇ ਉਮਰ ਵਰਗ ਵਿੱਚ ਹਨ ਅਤੇ 18 ਸਾਲ ਤੋਂ ਘੱਟ ਉਮਰ ਦੇ 10,204 ਬੱਚਿਆਂ ਨੇ ਖੁਦਕੁਸ਼ੀ ਕੀਤੀ ਹੈ। ਚੇਤੇ ਰਹੇ ਕਿ ਭਾਰਤ ਵਿੱਚ ਅਨੇਕਾਂ ਜੁਰਮ ਤੇ ਖੁਦਕੁਸ਼ੀਆਂ ਆਦਿ ਕਨੂੰਨੀ ਪ੍ਰਕਿਰਿਆ 'ਚ ਦਰਜ ਨਹੀਂ ਹੁੰਦੇ। ਇਸ ਕਰਕੇ ਅਸਲ ਖੁਦਕੁਸ਼ੀਆਂ ਦੀ ਗਿਣਤੀ ਇਸ ਨਾਲ਼ੋਂ ਕਿਤੇ ਜਿਆਦਾ ਹੈ।

ਰਿਪੋਰਟ ਮੁਤਾਬਕ 1,09,875 (64.3 ਫੀਸਦੀ) ਖੁਦਕੁਸ਼ੀਆਂ ਕਰਨ ਵਾਲ਼ਿਆਂ ਦੀ ਆਮਦਨ 1 ਲੱਖ ਤੋਂ ਘੱਟ ਹੈ ਤੇ 52,429 (30.7 ਫੀਸਦੀ) ਦੀ ਆਮਦਨ 1 ਤੋਂ 5 ਲੱਖ ਦਰਮਿਆਨ ਹੈ। ਇਉਂ ਕਿੱਤੇ ਤੇ ਆਮਦਨ ਪੱਖੋਂ ਦੇਖੀਏ ਤਾਂ ਕਿਰਤੀ ਲੋਕਾਂ ਨੂੰ ਹੀ ਵੱਧ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਹਨਾਂ ਵਿੱਚ ਵੀ ਮਜਦੂਰਾਂ ਦੀ ਗਿਣਤੀ ਸਭ ਤੋਂ ਵੱਧ ਬਣਦੀ ਹੈ ਕਿਉਂਕਿ ਦਿਹਾੜੀਦਾਰ ਮਜਦੂਰਾਂ, ਖੇਤ ਮਜਦੂਰਾਂ ਤੋਂ ਬਿਨਾਂ ਘਰੇਲੂ ਔਰਤਾਂ, ਬੇਰੁਜਗਾਰਾਂ ਤੇ ਵਿਦਿਆਰਥੀਆਂ ਵਿੱਚੋਂ ਵੀ ਕਈ ਮਜਦੂਰ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਉਪਰੋਕਤ ਅੰਕੜੇ ਇਹ ਦਰਸਾਉਂਦੇ ਹਨ ਕਿ ਖੁਦਕੁਸ਼ੀਆਂ ਇੱਕ ਗੰਭੀਰ ਸਮਾਜਿਕ ਸਮੱਸਿਆ ਬਣ ਚੁੱਕੀ ਹੈ। ਇਹ ਮੌਜੂਦਾ ਸਰਮਾਏਦਾਰਾ ਪ੍ਰਬੰਧ ਦੀ ਅਸਫਲਤਾ, ਮਨੁੱਖ ਵਿਰੋਧੀ ਫਿਤਰਤ ਦਾ ਸਬੂਤ ਹੈ।

ਇਹਨਾਂ ਖੁਦਕੁਸ਼ੀਆਂ ਦੇ ਕਾਰਨਾਂ ਦੀ ਵਿਆਖਿਆ ਕਰਨ ਵਿੱਚ ਇਹ ਰਿਪੋਰਟ ਬੁਰੀ ਤਰ੍ਹਾਂ ਅਸਫਲ ਹੈ, ਸਗੋਂ ਹਕੀਕਤ ਉੱਪਰ ਪਰਦਾ ਪਾਉਣ ਵਾਲੀ ਹੈ। ਅਸਲ ਵਿੱਚ ਸਰਮਾਏਦਾਰਾ ਪ੍ਰਬੰਧ ਦੇ ਅਦਾਰੇ ਤੇ ਸੇਵਕ ਬੁੱਧੀਜੀਵੀ ਕਦੇ ਵੀ ਇਸ ਗੱਲ ਦਾ ਇਕਬਾਲ ਨਹੀਂ ਕਰਨਗੇ ਕਿ ਇਹ ਖੁਦਕੁਸ਼ੀਆਂ ਸਰਮਾਏਦਾਰਾ ਪ੍ਰਬੰਧ ਵੱਲੋਂ ਪੈਦਾ ਕੀਤੀ ਸਮਾਜਿਕ ਸਮੱਸਿਆ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਖੁਦਕੁਸ਼ੀਆਂ ਦੇ ਸਭ ਤੋਂ ਵੱਧ ਮਾਮਲਿਆਂ (31.7 ਫੀਸਦੀ) ਦਾ ਕਾਰਨ ਪਰਿਵਾਰਕ ਸਮੱਸਿਆਵਾਂ ਹਨ ਤੇ ਦੂਜਾ ਵੱਡਾ ਕਾਰਨ ਬਿਮਾਰੀਆਂ (18.4 ਫੀਸਦੀ) ਦੱਸਿਆ ਗਿਆ ਹੈ। ਪਰ ਹਕੀਕਤ ਇਹ ਹੈ ਕਿ ਜਿਆਦਾਤਰ ਘਰੇਲੂ ਸਮੱਸਿਆਵਾਂ ਆਰਥਿਕ ਬਦਹਾਲੀ ਵਿੱਚੋਂ ਹੀ ਪੈਦਾ ਹੁੰਦੀਆਂ ਹਨ। ਇਸੇ ਤਰ੍ਹਾਂ ਬਿਮਾਰੀਆਂ ਕਾਰਨ ਖੁਦਕੁਸ਼ੀ ਲਈ ਵੀ ਉਹ ਮਜਬੂਰ ਹੋਵੇਗਾ ਜਿਸਦੀ ਇਲਾਜ ਕਰਵਾਉਣ ਦੀ ਸਮਰੱਥਾ ਨਹੀਂ ਹੈ। ਸਾਡੇ ਕਹਿਣ ਦਾ ਇਹ ਭਾਵ ਨਹੀਂ ਹੈ ਕਿ ਇਹਨਾਂ ਖੁਦਕੁਸ਼ੀਆਂ ਦੇ ਕਾਰਨ ਨਿਰੋਲ ਆਰਥਿਕ ਹੀ ਹੁੰਦੇ ਹਨ, ਬੇਸ਼ੱਕ ਖੁਦਕੁਸ਼ੀਆਂ ਦੇ ਸਮਾਜਿਕ, ਸੱਭਿਆਚਾਰਕ ਕਾਰਨ ਵੀ ਹੁੰਦੇ ਹਨ ਪਰ ਅਜਿਹੇ ਕਾਰਨ ਵੀ ਆਮ ਤੌਰ 'ਤੇ ਸਿੱਧੇ-ਅਸਿੱਧੇ ਢੰਗ ਨਾਲ ਸਮਾਜ ਦੀ ਆਰਥਿਕ ਬਣਤਰ ਨਾਲ਼ ਹੀ ਜੁੜੇ ਹੁੰਦੇ ਹਨ।

ਭਾਰਤ ਦੀ ਆਰਥਿਕ ਬਣਤਰ ਜਾਂ ਗੈਰ-ਬਰਾਬਰੀ ਦੀ ਗੱਲ ਕਰੀਏ ਤਾਂ 2022 ਦੀ ਇੱਕ ਰਿਪੋਰਟ ਮੁਤਾਬਕ ਇੱਥੋਂ ਦੇ ਸਿਖਰਲੇ 1 ਫੀਸਦੀ ਅਮੀਰ ਦੇਸ਼ ਦੀ ਕੁੱਲ ਜਾਇਦਾਦ ਦੇ 77 ਫੀਸਦੀ ਹਿੱਸੇ ਉੱਪਰ ਕਾਬਜ ਹਨ। ਸਾਲ 2017 ਦੌਰਾਨ ਕੁੱਲ ਪੈਦਾ ਹੋਈ ਦੌਲਤ ਦਾ 73 ਫੀਸਦੀ ਉੱਪਰਲੇ 1 ਫੀਸਦੀ ਅਮੀਰਾਂ ਕੋਲ਼ ਗਿਆ ਤੇ ਹੇਠਲੇ 50 ਫੀਸਦੀ, ਭਾਵ 70 ਕਰੋੜ ਲੋਕਾਂ ਦੀ ਜਾਇਦਾਦ ਵਿੱਚ ਸਿਰਫ 1 ਫੀਸਦੀ ਦਾ ਵਾਧਾ ਹੋਇਆ ਹੈ। ਮਜਦੂਰਾਂ ਨੂੰ ਆਪਣੀ ਕਿਰਤ ਸ਼ਕਤੀ ਵੇਚਣ ਬਦਲੇ ਇੰਨਾ ਨਿਗੂਣਾ ਹਿੱਸਾ ਮਿਲ਼ਦਾ ਹੈ ਕਿ ਉਹਨਾਂ ਦੀਆਂ ਆਪਣੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੁੰਦੀਆਂ। ਕੌਮੀ ਨਮੂਨਾ ਸਰਵੇਖਣ ਦੇ 77ਵੇਂ ਗੇੜ ਮੁਤਾਬਕ ਇੱਕ ਖੇਤ ਮਜਦੂਰ ਦੀ ਔਸਤ ਮਹੀਨਾਵਾਰ ਕਮਾਈ 4063 ਰੁਪਏ ਹੈ ਜਿਸ ਆਸਰੇ ਉਸਨੇ ਪੂਰਾ ਪਰਿਵਾਰ ਪਾਲਣਾ ਹੁੰਦਾ ਹੈ। ਕੇਂਦਰ ਸਰਕਾਰ ਦੇ ਕਿਰਤ ਤੇ ਰੁਜਗਾਰ ਮੰਤਰਾਲੇ ਮੁਤਾਬਕ 2016 ਵਿੱਚ ਇੱਕ ਮਜਦੂਰ ਨੂੰ ਔਸਤ ਘੱਟੋ-ਘੱਟ ਉਜਰਤ 176 ਰੁਪਏ ਰੋਜਾਨਾ ਮਿਲ਼ਦੀ ਸੀ। 2019 ਵਿੱਚ ਵਧਕੇ ਇਹ 178 ਰੁਪਏ ਰੋਜਾਨਾ ਹੋ ਗਈ ਤੇ 2022 ਵਿੱਚ ਵੀ ਇਹ 178 ਰੁਪਏ ਹੀ ਹੈ। ਪਰ ਇਹਨਾਂ ਛੇ ਸਾਲਾਂ ਵਿੱਚ ਮਹਿੰਗਾਈ 2-3 ਗੁਣਾ ਤੱਕ ਵਧ ਗਈ ਹੈ। ਇਉਂ ਅਸਲ ਵਿੱਚ ਮਜਦੂਰਾਂ ਦੀ ਅਸਲ ਆਮਦਨ ਘਟੀ ਹੀ ਹੈ। ਦੂਜੇ ਪਾਸੇ 2017 ਵਿੱਚ ਭਾਰਤ ਵਿੱਚ 101 ਅਰਬਪਤੀ ਸਨ ਤੇ 2022 ਵਿੱਚ ਇਹਨਾਂ ਦੀ ਗਿਣਤੀ 119 ਹੋ ਗਈ ਹੈ। ਪਿਛਲੇ 10 ਸਾਲਾਂ ਵਿੱਚ ਇਹਨਾਂ ਸਰਮਾਏਦਾਰਾਂ ਦੀ ਦੌਲਤ ਦੁੱਗਣੀ ਹੋ ਗਈ ਹੈ।

ਇਸ ਗੈਰ-ਬਰਾਬਰੀ ਦਾ ਕਾਰਨ ਸਮਾਜ ਦੀ ਆਰਥਿਕ ਬਣਤਰ ਸਰਮਾਏਦਾਰਾ ਸਬੰਧਾਂ ਉੱਪਰ ਅਧਾਰਿਤ ਹੈ। ਸਰਮਾਏਦਾਰਾ ਸਬੰਧਾਂ ਦਾ ਭਾਵ ਹੈ ਸਮੁੱਚੇ ਸਮਾਜ ਵਾਸਤੇ ਸਭ ਵਸਤਾਂ ਉਪਜਾਉਣ ਦੇ ਸਾਧਨਾਂ ਦੀ ਮਾਲਕੀ ਸਮਾਜਿਕ ਨਹੀਂ ਨਿੱਜੀ ਹੈ। ਮਤਲਬ ਕਾਰਖਾਨੇ, ਫੈਕਟਰੀਆਂ, ਜਮੀਨਾਂ, ਖਾਣਾਂ ਆਦਿ ਕੁੱਝ ਲੋਕਾਂ ਦੀ ਮਾਲਕੀ ਹੁੰਦੇ ਹਨ ਜਿਹਨਾਂ ਨੂੰ ਸਰਮਾਏਦਾਰ ਕਿਹਾ ਜਾਂਦਾ ਹੈ। ਦੂਜੇ ਪਾਸੇ ਬਹੁਗਿਣਤੀ ਮਜਦੂਰ ਅਬਾਦੀ ਹੈ ਜਿਸ ਕੋਲ਼ ਆਪਣੇ ਅਜਿਹੇ ਸਾਧਨ ਨਾ ਹੋਣ ਕਰਕੇ ਉਹ ਸਰਮਾਏਦਾਰਾਂ ਅਧੀਨ ਮਜਦੂਰੀ ਕਰਨ ਲਈ ਮਜਬੂਰ ਹੁੰਦੀ ਹੈ। ਇਹਨਾਂ ਸਾਧਨਾਂ ਰਾਹੀਂ ਸਭ ਵਸਤਾਂ ਦੀ ਪੈਦਾਵਾਰ ਮਜਦੂਰ ਕਰਦੇ ਹਨ ਪਰ ਨਿੱਜੀ ਮਾਲਕੀ ਕਾਰਨ ਉਪਜਾਂ ਦਾ ਵੱਡਾ ਹਿੱਸਾ ਸਰਮਾਏਦਾਰਾਂ ਕੋਲ਼ ਚਲਿਆ ਜਾਂਦਾ ਹੈ ਤੇ ਮਜਦੂਰਾਂ ਨੂੰ ਉਜਰਤਾਂ ਦੇ ਰੂਪ ਵਿੱਚ ਬਹੁਤ ਥੋੜ੍ਹਾ ਹਿੱਸਾ ਮਿਲ਼ਦਾ ਹੈ। ਨਤੀਜਾ ਇਹ ਨਿੱਕਲ਼ਦਾ ਹੈ ਕਿ ਇੱਕ ਹੱਥ ਸਰਮਾਏਦਾਰਾਂ ਦੇ ਹੱਥ ਵਿੱਚ ਜਾਇਦਾਦ ਦਿਨੋਂ-ਦਿਨ ਵਧਦੀ ਜਾਂਦੀ ਹੈ ਤੇ ਦੂਜੇ ਪਾਸੇ ਮਜਦੂਰ ਅਬਾਦੀ ਨੂੰ ਬੁਨਿਆਦੀ ਜਰੂਰਤਾਂ ਪੂਰੀਆਂ ਕਰਨ ਲਈ ਵੀ ਜੱਦੋ-ਜਹਿਦ ਕਰਨੀ ਪੈਂਦੀ ਹੈ। ਇੱਕ ਪਾਸੇ ਸਭ ਕੁੱਝ ਪੈਦਾ ਕਰਨ ਵਾਲ਼ੇ ਮਜਦੂਰ, ਕਿਰਤੀ ਥੁੜਾਂ ਦੇ ਸ਼ਿਕਾਰ ਹੁੰਦੇ ਹਨ ਤੇ ਦੂਜੇ ਪਾਸੇ ਸਰਮਾਏਦਾਰਾਂ ਹੱਥ ਅਥਾਹ ਦੌਲਤ ਇਕੱਠੀ ਹੁੰਦੀ ਜਾਂਦੀ ਹੈ। ਇਉਂ ਪੈਦਾਵਾਰ ਦੇ ਸਮਾਜਿਕ ਹੋਣ ਦੇ ਬਾਵਜੂਦ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਹੋਣਾ ਇਸ ਸਰਮਾਏਦਾਰਾ ਸਮਾਜ ਦਾ ਨੁਕਸ ਹੈ ਜੋ ਬਹੁਗਿਣਤੀ ਮਜਦੂਰਾਂ, ਕਿਰਤੀਆਂ ਦੀ ਦੁਰਗਤ ਦਾ ਜਿੰਮੇਵਾਰ ਹੈ। ਇਸ ਮਾਹੌਲ ਵਿੱਚ ਬਹੁਤ ਸਾਰੇ ਮਜਦੂਰਾਂ ਲਈ ਰੋਜਾਨਾ ਦੀ ਰੋਟੀ ਦੀ ਜੱਦੋ-ਜਹਿਦ ਹੀ ਜਿੰਦਗੀ-ਮੌਤ ਦਾ ਸਵਾਲ ਬਣ ਜਾਂਦੀ ਹੈ। ਇਹਨਾਂ ਆਰਥਿਕ ਤੰਗੀਆਂ, ਕਰਜੇ, ਬਿਮਾਰੀਆਂ, ਬੇਰੁਜਗਾਰੀ ਤੇ ਹੋਰ ਪਰਿਵਾਰਕ ਖਰਚਿਆਂ ਨਾਲ਼ ਜੂਝਦੇ ਕਿਰਤੀ ਲੋਕਾਂ ਦਾ ਇੱਕ ਹਿੱਸਾ ਨਿਰਾਸ਼ ਹੋਕੇ ਖੁਦ ਆਪਣੀ ਜਿੰਦਗੀ ਖਤਮ ਕਰਨ ਦਾ ਸਿੱਖਰਲਾ ਕਦਮ ਚੁੱਕਣ ਲਈ ਮਜਬੂਰ ਹੋ ਜਾਂਦੇ ਹਨ।

ਸਰਮਾਏਦਾਰਾ ਪ੍ਰਬੰਧ ਸਿਰਫ ਆਰਥਿਕ ਗੈਰ-ਬਰਾਬਰੀ ਨੂੰ ਹੀ ਜਨਮ ਨਹੀਂ ਦਿੰਦਾ ਸਗੋਂ ਬਹੁਤ ਤਰ੍ਹਾਂ ਦੀਆਂ ਸਮਾਜਿਕ ਤੇ ਸੱਭਿਆਚਾਰਕ ਸਮੱਸਿਆਵਾਂ ਨੂੰ ਵੀ ਜਨਮ ਦਿੰਦਾ ਹੈ। ਅਜਿਹੀ ਹੀ ਇੱਕ ਸਮੱਸਿਆ ਬੇਗਾਨਗੀ ਹੈ। ਬੇਗਾਨਗੀ ਦਾ ਮਤਲਬ ਹੈ ਮਨੁੱਖ ਦਾ ਆਪਣੇ ਮਨੁੱਖੀ ਸਾਰਤੱਤ ਤੋਂ ਬਿਗਾਨਾ ਹੋਣਾ, ਉੱਚ ਮਨੁੱਖੀ ਰੁਚੀਆਂ, ਭਾਵਨਾਵਾਂ ਤੇ ਰਿਸ਼ਤਿਆਂ ਤੋਂ ਦੂਰ ਹੋਣਾ। ਹੋਰ ਸ਼ਬਦਾਂ ਚ ਕਹੀਏ ਤਾਂ ਸਰਮਾਏਦਾਰਾ ਪ੍ਰਬੰਧ ਲੋਕਾਂ ਨੂੰ ਆਤਮਕ ਸੱਖਣੇਪਣ ਵੱਲ ਲਿਜਾਂਦਾ ਹੈ ਤੇ ਉਹਨਾਂ ਵਿੱਚ ਪਸ਼ੂ ਬਿਰਤੀਆਂ ਨੂੰ ਵੱਧ ਭਾਰੂ ਬਣਾਉਂਦਾ ਹੈ। ਇਸ ਕਾਰਨ ਤੇਜ-ਤਰਾਰ, ਚਹਿਲ-ਪਹਿਲ ਤੇ ਲੋਕਾਂ ਵਿੱਚ ਘਿਰੀ ਜਿੰਦਗੀ ਵਿੱਚ ਵੀ ਬਹੁਤ ਸਾਰੇ ਲੋਕ ਇਕਲਾਪੇ ਤੇ ਹੋਰ ਮਾਨਸਿਕ ਬਿਮਾਰੀਆਂ ਦੇ ਵੱਧ ਸ਼ਿਕਾਰ ਹੁੰਦੇ ਹਨ। ਸਰਮਾਏਦਾਰਾ ਸਮਾਜ ਦਾ ਅਜਿਹਾ ਸੱਭਿਆਚਾਰਕ ਅਸਰ ਆਰਥਿਕ ਤੰਗੀਆਂ ਤੇ ਸਮਾਜਿਕ ਉਲਝਣਾਂ (ਜਿਵੇਂ ਵਿਦਿਆਰਥੀਆਂ ਉੱਪਰ ਪ੍ਰੀਖਿਆਵਾਂ ਦਾ ਦਬਾਅ, ਰਿਸ਼ਤਿਆਂ ਦਾ ਅਸਫਲ ਹੋਣਾ ਤੇ ਹੋਰ ਕਈ ਤਰ੍ਹਾਂ ਦਾ ਮਾਨਸਿਕ ਤਣਾਅ) ਆਦਿ ਲੋਕਾਂ ਨੂੰ ਨਿਰਾਸ਼ਾ, ਮਾਨਸਿਕ ਰੋਗਾਂ ਤੇ ਕਈ ਵਾਰ ਖੁਦਕੁਸ਼ੀ ਵੱਲ ਧੱਕ ਦਿੰਦਾ ਹੈ। ਇਉਂ ਆਰਥਿਕ ਗੈਰ-ਬਰਾਬਰੀ ਵਿੱਚੋਂ ਉਪਜੀਆਂ ਸਮੱਸਿਆਵਾਂ ਦੇ ਨਾਲ਼-ਨਾਲ਼ ਸਰਮਾਏਦਾਰਾ ਪ੍ਰਬੰਧ ਵੱਲੋਂ ਪੈਦਾ ਕੀਤੀ ਜਾ ਰਹੀ ਬੇਗਾਨਗੀ ਇਹਨਾਂ ਖੁਦਕੁਸ਼ੀਆਂ ਦਾ ਅਸਲ ਕਾਰਨ ਹੈ। ਇਹ ਇਤਿਹਾਸ ਦਾ ਤੱਥ ਹੈ ਕਿ ਸਰਮਾਏਦਾਰੀ ਦੀ ਆਮਦ ਤੋਂ ਪਹਿਲਾਂ ਦੇ ਸਮਾਜਿਕ ਪ੍ਰਬੰਧ ਵਿੱਚ ਖੁਦਕੁਸ਼ੀਆਂ ਇੰਨੀਆਂ ਆਮ ਨਹੀਂ ਸਨ, ਭਾਵੇਂ ਉਹ ਪ੍ਰਬੰਧ ਲੁੱਟ ਅਧਾਰਿਤ ਤੇ ਅੱਜ ਨਾਲ਼ੋਂ ਵੀ ਵੱਧ ਤੰਗੀਆਂ ਵਾਲ਼ੇ ਰਹੇ ਹੋਣ।

ਇਸ ਕਰਕੇ ਖੁਦਕੁਸ਼ੀਆਂ ਕੋਈ ਵਿਅਕਤੀਗਤ ਘਟਨਾਵਾਂ ਨਹੀਂ ਹਨ ਸਗੋਂ ਇੱਕ ਗੰਭੀਰ ਸਮਾਜਿਕ ਸਮੱਸਿਆ ਹਨ ਜੋ ਸਰਮਾਏਦਾਰਾ ਪ੍ਰਬੰਧ ਦੀ ਅਸਫਲਤਾ ਤੇ ਮਨੁੱਖ ਵਿਰੋਧੀ ਫਿਤਰਤ ਦਾ ਕੋਝਾ ਪ੍ਰਗਟਾਵਾ ਹਨ। ਜਿਸ ਸਮਾਜ ਨੂੰ ਚਲਾਉਣ ਲਈ ਸਭ ਤੋਂ ਵੱਧ ਮਿਹਨਤ ਕਰਨ ਵਾਲ਼ੇ ਮਜਦੂਰਾਂ, ਕਿਰਤੀਆਂ ਨੂੰ ਹੀ ਖੁਦਕੁਸ਼ੀਆਂ ਦਾ ਰਾਹ ਚੁਣਨ ਲਈ ਮਜਬੂਰ ਹੋਣਾ ਪਵੇ ਉਹ ਕੋਈ ਮਨੁੱਖ ਪੱਖੀ ਸਮਾਜ ਨਹੀਂ ਹੋ ਸਕਦਾ। ਖੁਦਕੁਸ਼ੀਆਂ ਦੇ ਇਸ ਅਮਲ ਨੂੰ ਸਰਮਾਏਦਾਰਾ ਪ੍ਰਬੰਧ ਵਿੱਚ ਸੁਧਾਰਾਂ ਰਾਹੀਂ ਰੋਕਣਾ ਅਸੰਭਵ ਹੈ ਕਿਉਂਕਿ ਸਰਮਾਏਦਾਰਾ ਸਮਾਜ ਦੀ ਹੋਂਦ ਹੀ ਗੈਰ-ਬਰਾਬਰੀ ਉੱਪਰ ਟਿਕੀ ਹੋਈ ਹੈ। ਇਸਦੇ ਲਈ ਸਰਮਾਏਦਾਰਾ ਪ੍ਰਬੰਧ ਨੂੰ ਢਾਹ ਕੇ ਅਜਿਹਾ ਸਮਾਜਿਕ ਪ੍ਰਬੰਧ ਉਸਾਰਿਆ ਜਾਣਾ ਚਾਹੀਦਾ ਹੈ ਜਿੱਥੇ ਗੈਰ-ਬਰਾਬਰੀ ਨਾ ਹੋਵੇ, ਆਰਥਿਕ ਤੰਗੀਆਂ ਕਿਸੇ ਨੂੰ ਖੁਦਕੁਸ਼ੀ ਦਾ ਰਾਹ ਚੁਣਨ ਲਈ ਮਜਬੂਰ ਨਾ ਕਰਨ ਅਤੇ ਜਿੱਥੇ ਸਰਮਾਏਦਾਰਾ ਬੇਗਾਨਗੀ ਦੀ ਥਾਂ ਮਨੁੱਖ ਦੀਆਂ ਚੰਗੀਆਂ ਭਾਵਨਾਵਾਂ ਵੱਧ ਖਿੜ-ਫੁੱਲ ਸਕਣ। ਹੋਰ ਸ਼ਬਦਾਂ 'ਚ ਕਹੀਏ ਤਾਂ ਸਰਮਾਏਦਾਰਾ ਪ੍ਰਬੰਧ ਦੀ ਥਾਂ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਨਾਲ਼ ਹੀ ਮਨੁੱਖਤਾ ਮੁਕਤ ਹੋ ਸਕੇਗੀ। ਇਹ ਸਮਾਜ ਦੀ ਵਿਗਿਆਨਕ ਸੱਚਾਈ ਹੈ ਕਿ ਅੱਜ ਸਮਾਜ ਦੀ ਜਿਸ ਮਜਦੂਰ, ਕਿਰਤੀ ਅਬਾਦੀ ਦਾ ਇੱਕ ਹਿੱਸਾ ਖੁਦਕੁਸ਼ੀਆਂ ਦੇ ਰਾਹ ਪੈ ਰਿਹਾ ਹੈ, ਉਸੇ ਮਜਦੂਰ, ਕਿਰਤੀ ਅਬਾਦੀ ਕੋਲ਼ ਹੀ ਇਸ ਸਮਾਜ ਨੂੰ ਬਦਲਣ ਦੀ ਤਾਕਤ ਹੈ। ਇਸ ਪ੍ਰਬੰਧ ਵੱਲੋਂ ਪੈਦਾ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਤੋਂ ਤੰਗ ਆਕੇ ਖੁਦਕੁਸ਼ੀਆਂ ਕਰਨਾ ਮਜਦੂਰਾਂ, ਕਿਰਤੀਆਂ ਦਾ ਮੁੱਖ ਰਾਹ ਨਹੀਂ ਹੈ, ਸਗੋਂ ਉਹਨਾਂ ਦਾ ਮੁੱਖ ਰਾਹ ਜਥੇਬੰਦ ਹੋਕੇ ਇਹਨਾਂ ਸਮੱਸਿਆਵਾਂ ਦੇ ਖਾਤਮੇ ਲਈ ਸੰਘਰਸ਼ ਕਰਨਾ ਹੈ। ਇਸ ਲਈ ਇਨਕਲਾਬੀ ਕਾਰਕੁੰਨਾਂ ਦਾ ਇਹ ਫਰਜ ਹੈ ਕਿ ਉਹ ਇਸ ਮਜਦੂਰ, ਕਿਰਤੀ ਅਬਾਦੀ ਨੂੰ ਉਹਨਾਂ ਦੀ ਅਸਲ ਤਾਕਤ ਦਾ ਅਹਿਸਾਸ ਕਰਵਾਉਣ, ਉਹਨਾਂ ਸਾਹਮਣੇ ਨਿਰਾਸ਼ਾ ਤੇ ਖੁਦਕੁਸ਼ੀਆਂ ਦੀ ਥਾਂ ਜਥੇਬੰਦ ਖਾੜਕੂ ਸੰਘਰਸ਼ਾਂ ਦਾ ਹਕੀਕੀ ਰਾਹ ਪੇਸ਼ ਕਰਨ। ਇਸੇ ਅਮਲ ਵਿੱਚੋਂ ਹੀ ਸਰਮਾਏਦਾਰਾ ਪ੍ਰਬੰਧ ਦੀ ਥਾਂ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਸੰਭਵ ਹੋਵੇਗੀ।

ਖੋਜਕਰਤਾ, ਧੂਰਕੋਟ (ਮੋਗਾ) ਗੁਰੂ ਨਾਨਕ ਚੇਅਰ, ਚੰਡੀਗੜ੍ਹ ਯੂਨੀਵਰਸਿਟੀ

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# ਅਮਰੀਕਾ ਦੀ ਆਰਥਿਕਤਾ ਵਿਚ ਕਿਰਤੀਆਂ ਦੀ ਥਾਂ ਹਥਿਆਰਾਂ ਨੂੰ ਪਹਿਲ

**ਪੁਸ਼ਪਿੰਦਰ**

ਦੁਨੀਆਂ ਦੇ ਸਭ ਤੋਂ ਵੱਡੇ ਸਾਮਰਾਜੀ ਮੁਲਕ ਸੰਯੁਕਤ ਰਾਜ ਅਮਰੀਕਾ (ਅੱਗੇ ਤੋਂ ਅਮਰੀਕਾ) ਨੂੰ ਪੱਛਮਪ੍ਰਸਤ (ਮੁੱਖ ਤੌਰ 'ਤੇ ਖੁਦ ਅਮਰੀਕੀ) ਮੀਡੀਆ ਵਿੱਚ ਦੁਨੀਆਂ ਦਾ ਮਸੀਹਾ ਤੇ ਸਭ ਤੋਂ ਪੁਰਾਣੀ ਜਮਹੂਰੀਅਤ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਅਜਿਹੀ ਪੇਸ਼ਕਾਰੀ ਅਮਰੀਕੀ ਸਾਮਰਾਜ ਦੇ ਕੁਕਰਮਾਂ 'ਤੇ ਪੂਰੀ ਦੁਨੀਆਂ ਵਿੱਚ ਇਸ ਵੱਲੋਂ ਫੈਲਾਈ ਦਹਿਸ਼ਤ 'ਤੇ ਪਰਦਾ ਪਾ ਦਿੰਦੀ ਹੈ। ਅਮਰੀਕਾ ਦਾ "ਸ਼ਾਂਤੀ ਤੇ ਜਮਹੂਰੀਅਤ" ਦੇ ਝੰਡਾਬਰਦਾਰ ਹੋਣ ਦਾ ਦਾਅਵਾ ਅੱਜ ਦੁਨੀਆਂ ਸਾਹਮਣੇ ਨੰਗਾ ਹੋ ਚੁੱਕਿਆ ਹੈ। ਇਸਦੀ ਤਾਜਾ ਉਦਾਹਰਨ ਇਜਰਾਇਲੀ ਹਕੂਮਤ ਵੱਲੋਂ ਫਲਸਤੀਨੀਆਂ 'ਤੇ ਢਾਹੇ ਜਾ ਰਹੇ ਜਬਰ ਦੌਰਾਨ ਵੀ ਵੇਖਣ ਨੂੰ ਮਿਲੀ ਹੈ। ਇੱਕ ਪਾਸੇ ਅਮਰੀਕਾ ਵੱਲੋਂ ਗਾਜਾ ਪੱਟੀ ਵਿੱਚ ਜੰਗਬੰਦੀ ਦੀਆਂ ਅਪੀਲਾਂ ਕਰਨ ਦਾ ਮੀਡੀਆ ਸਟੰਟ ਖੇਡਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਇਸ ਵੱਲੋਂ ਇਜਰਾਇਲ ਨੂੰ ਹਥਿਆਰ ਤੇ ਹੋਰ ਜੰਗੀ ਸਮਾਨ ਭੇਜਿਆ ਜਾ ਰਿਹਾ ਹੈ। ਫਲਸਤੀਨੀ ਲੋਕਾਂ 'ਤੇ ਇਜਰਾਇਲੀ ਹਕੂਮਤ ਵੱਲੋਂ ਮੜ੍ਹੀ ਜੰਗ ਤੋਂ ਬਾਅਦ ਅਮਰੀਕੀ ਹਥਿਆਰ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਵਿੱਚ ਤਿੱਖਾ ਉਛਾਲ ਆਇਆ, ਬਿਲਕੁਲ ਉਸੇ ਤਰ੍ਹਾਂ ਜਿਵੇਂ ਯੂਕਰੇਨ ਜੰਗ ਵੇਲ਼ੇ ਦੇਖਿਆ ਗਿਆ ਸੀ। ਇਹ ਤੱਥ ਅਮਰੀਕੀ ਅਰਥਚਾਰੇ ਵਿੱਚ ਹਥਿਆਰ ਸੱਨਅਤ ਦੀ ਅਹਿਮੀਅਤ ਤੇ ਅਜੋਕੇ ਸਰਮਾਏਦਾਰਾ ਢਾਂਚੇ ਦੇ ਮਨੁੱਖ ਦੋਖੀ ਖਾਸੇ ਨੂੰ ਪੂਰੀ ਤਰ੍ਹਾਂ ਉਘਾੜਕੇ ਰੱਖ ਦਿੰਦਾ ਹੈ।

ਅਮਰੀਕਾ ਦਾ ਫੌਜੀ ਸਾਜੋ ਸਮਾਨ ਉੱਪਰ ਖਰਚਾ 2000 ਤੋਂ ਬਾਅਦ ਤੇਜੀ ਨਾਲ਼ ਵਧਿਆ ਹੈ। ਸਾਲ 2000 ਵਿੱਚ ਫੌਜੀ ਸਾਜੋ-ਸਮਾਨ ਅਤੇ ਹਥਿਆਰਾਂ ਉੱਪਰ 320 ਅਰਬ ਅਮਰੀਕੀ ਡਾਲਰ ਦਾ ਖਰਚਾ ਕੀਤਾ ਗਿਆ ਸੀ ਜੋ 2010 'ਚ ਵਧਕੇ 730 ਅਰਬ ਡਾਲਰ ਅਤੇ 2023 ਵਿੱਚ ਇਹ 1.8 ਖਰਬ ਡਾਲਰ 'ਤੇ ਪਹੁੰਚ ਗਿਆ ਹੈ ਅਤੇ ਇਹ ਪਿਛਲੇ ਸਾਲ ਬਾਈਡਨ ਸਰਕਾਰ ਵੱਲੋਂ ਮਿੱਥੇ ਟੀਚੇ 800 ਅਰਬ ਡਾਲਰ ਤੋਂ ਦੁੱਗਣਾ ਹੈ। ਇਸ ਸਾਲ ਹਥਿਆਰਾਂ ਅਤੇ ਫੌਜੀ ਸਾਜੋ ਸਮਾਨ ਉੱਪਰ ਕੀਤੇ ਖਰਚ 'ਚੋਂ 821 ਅਰਬ ਡਾਲਰ ਤਾਂ ਸਿਰਫ ਨਾਟੋ (ਅਮਰੀਕੀ ਸਾਮਰਾਜੀ ਚੌਧਰ ਵਾਲ਼ਾ 31 ਦੇਸ਼ਾਂ ਦਾ ਫੌਜੀ ਗੁੱਟ) 'ਤੇ ਖਰਚ ਕੀਤੇ ਹਨ। ਇੱਕ ਰਿਪੋਰਟ ਮੁਤਾਬਕ ਕੁੱਲ ਸੰਸਾਰ ਵਿੱਚ 1947 ਤੋਂ ਬਾਅਦ ਲੱਗਭੱਗ 248 ਜੰਗਾਂ ਅੱਡੋ-ਅੱਡ ਦੇਸ਼ਾਂ ਵਿੱਚ ਲੜੀਆਂ ਗਈਆਂ ਜਿਹਨਾਂ ਵਿੱਚੋਂ 202 ਵਿੱਚ ਅਮਰੀਕਾ ਦਾ ਸਿੱਧਾ ਹੱਥ ਹੈ। ਇਹਨਾਂ ਜੰਗਾਂ ਦਾ ਸਭ ਤੋਂ ਵੱਧ ਲਾਹਾ ਅਮਰੀਕੀ ਸਾਮਰਾਜ ਅਤੇ ਹਥਿਆਰ ਬਣਾਉਣ ਵਾਲ਼ੀਆਂ ਇਸਦੀਆਂ ਦਿਓਕੱਦ ਕੰਪਨੀਆਂ ਨੇ ਖੱਟਿਆ। ਪਿਛਲੇ ਸਾਲ ਅਮਰੀਕਾ ਦੀ ਬਰਾਊਨ ਯੂਨੀਵਰਸਿਟੀ ਵਿੱਚ "ਜੰਗ ਦਾ ਮੁੱਲ" ਨਾਮੀ ਪ੍ਰੋਜੈਕਟ ਤਹਿਤ ਇੱਕ ਰਿਪੋਰਟ ਆਈ, ਜਿਸ 'ਚ ਦੱਸਿਆ ਗਿਆ ਕਿ 9/11 ਦੇ ਸੰਸਾਰ ਵਪਾਰ ਕੇਂਦਰ 'ਤੇ ਹੋਏ ਹਮਲੇ ਤੋਂ ਬਾਅਦ ਅਮਰੀਕਾ ਦੀ ਅਖੌਤੀ "ਦਹਿਸ਼ਤਗਰਦੀ ਖਿਲਾਫ ਜੰਗ" ਕਾਰਨ 45 ਲੱਖ ਤੋਂ ਵੱਧ ਨਿਰਦੋਸ਼ ਲੋਕ ਕਤਲ ਕੀਤੇ ਗਏ ਜਿਨ੍ਹਾਂ ਵਿੱਚੋਂ ਲੱਗਭੱਗ 38 ਲੱਖ ਬੱਚੇ ਅਤੇ ਔਰਤਾਂ ਸਨ। ਇਹ ਸਭ ਕੁੱਝ ਅਰਬ ਖਿੱਤੇ ਵਿੱਚ ਆਪਣੀ ਫੌਜੀ ਚੌਕੀ ਪੱਕੀ ਕਰਨ ਅਤੇ ਉੱਥੋਂ ਦੇ ਤੇਲ ਭੰਡਾਰ ਲੁੱਟਣ ਦੇ ਮਕਸਦ ਨਾਲ਼ ਕੀਤਾ ਗਿਆ।

ਇੱਕ ਪਾਸੇ ਸਾਮਰਾਜੀ ਅਮਰੀਕਾ ਆਪਣੀ ਖੁੱਸ ਰਹੀ ਸੰਸਾਰ ਚੌਧਰ ਦੇ ਇਸ ਦੌਰ ਵਿੱਚ ਹੋਰ ਵਧੇਰੇ ਖੂੰਖਾਰ ਹੋ ਰਿਹਾ ਹੈ ਤੇ ਦੂਜੇ ਪਾਸੇ ਇਸਦੇ ਕਿਰਤੀ ਲੋਕਾਂ ਦੀਆਂ ਰੋਜਮਰ੍ਹਾ ਮੁਸ਼ਕਲਾਂ ਲਗਾਤਾਰ ਵਧ ਰਹੀਆਂ ਹਨ। ਇਸ ਵੇਲ਼ੇ ਅਮਰੀਕਾ ਦੇ ਲੋਕ 1981 ਤੋਂ ਬਾਅਦ 43 ਸਾਲਾਂ ਦੀ ਸਭ ਤੋਂ ਵਧੇਰੇ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਅਮਰੀਕੀ ਅਬਾਦੀ ਵਿੱਚ, ਇਸਦੇ ਨੌਜਵਾਨ ਵਿਦਿਆਰਥੀਆਂ ਸਿਰ ਕਰਜੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ। 2020 ਦੀਆਂ ਰਾਸ਼ਟਰਪਤੀ ਚੋਣਾਂ ਵੇਲ਼ੇ ਵਿਦਿਆਰਥੀ ਕਰਜਾ ਵੱਡਾ ਮੁੱਦਾ ਬਣਕੇ ਉੱਭਰਿਆ ਸੀ ਪਰ ਚੋਣਾਂ ਜਿੱਤਣ ਤੋਂ ਬਾਅਦ ਬਾਈਡਨ ਸਰਕਾਰ ਨੇ ਵਿਦਿਆਰਥੀਆਂ ਦੀ ਕਰਜਾ ਮਾਫੀ ਤੋਂ ਪਾਸਾ ਵੱਟ ਲਿਆ। ਇਸ ਵੇਲ਼ੇ ਅਮਰੀਕੀ ਵਿਦਿਆਰਥੀਆਂ ਸਿਰ 1.6 ਖਰਬ ਡਾਲਰ ਦਾ ਭਾਰੀ ਕਰਜਾ ਹੈ। ਅਮਰੀਕਾ ਦੇ ਲੱਗਭੱਗ 71 ਫੀਸਦੀ ਗ੍ਰੈਜੂਏਟ ਵਿਦਿਆਰਥੀ ਕਰਜੇ ਦੀ ਮਾਰ ਝੱਲ ਰਹੇ ਹਨ। ਅਮਰੀਕਾ ਦੇ ਸਰਕਾਰੀ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ 2010 ਤੋਂ 2020 ਤੱਕ ਫੀਸਾਂ ਵਿੱਚ 31.4 ਫੀਸਦੀ ਵਾਧਾ ਹੋਇਆ ਜਿਹੜਾ ਹੁਣ ਵੀ ਬੇਰੋਕ ਜਾਰੀ ਹੈ। ਔਸਤ ਹਰ ਵਿਦਿਆਰਥੀ ਨੂੰ ਇੱਕ ਸਾਲ ਵਿੱਚ 35,000 ਡਾਲਰ ਆਪਣੀ ਪੜ੍ਹਾਈ 'ਤੇ ਖਰਚਣੇ ਪੈਂਦੇ ਹਨ ਅਤੇ ਮਹਿੰਗੀ ਪੜ੍ਹਾਈ ਹੋਣ ਕਰਕੇ ਸਾਲ 2019-20 ਵਿੱਚ 24.1 ਫੀਸਦੀ ਵਿਦਿਆਰਥੀ ਕਾਲਜ ਛੱਡ ਗਏ। ਕੁੱਝ ਨਿਗੂਣੀਆਂ ਵਜੀਫਾ ਸਕੀਮਾਂ ਅਤੇ ਵਿੱਤੀ ਸਹਾਇਤਾ ਵਿਦਿਆਰਥੀਆਂ ਦੇ ਬਹੁਤ ਛੋਟੇ ਹਿੱਸੇ ਨੂੰ ਹੀ ਮਿਲਦੀਆਂ ਹਨ।




ਜੇ ਸੌਖੇ ਸ਼ਬਦਾਂ ਵਿੱਚ ਸਮਝਣਾ ਹੋਵੇ ਤਾਂ ਆਪਾਂ ਇਹ ਕਹਿ ਸਕਦੇ ਹਾਂ ਕਿ ਅਮਰੀਕੀ ਵਿਦਿਆਰਥੀਆਂ ਸਿਰ ਕਰਜਾ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੇ ਅੱਧ ਦੇ ਬਰਾਬਰ ਹੈ। ਇੱਕ ਪਾਸੇ ਵਿਦਿਆਰਥੀਆਂ ਸਿਰ ਕਰਜਾ ਵਧਿਆ ਹੈ ਤੇ ਦੂਜੇ ਪਾਸੇ ਅਮਰੀਕੀ ਹਕੂਮਤ ਵੱਡੇ ਸਰਮਾਏਦਾਰਾਂ ਦੇ ਕਰਜੇ ਮਾਫ ਕਰ ਰਹੀ ਹੈ। ਸਾਲ 2020-21 ਦੌਰਾਨ ਸਰਮਾਏਦਾਰਾਂ ਦੇ 2.2 ਖਰਬ ਡਾਲਰ ਦੇ ਕਰਜੇ 'ਤੇ ਲੀਕ ਮਾਰ ਦਿੱਤੀ ਗਈ। ਪਿਛਲੇ ਸਮੇਂ ਵਿੱਚ ਅਮਰੀਕੀ ਕੇਂਦਰੀ ਬੈਂਕ ਵੱਲੋਂ ਵਧਾਈਆਂ ਗਈਆਂ ਵਿਆਜ ਦਰਾਂ ਕਾਰਨ ਵਿਦਿਆਰਥੀਆਂ ਦੀਆਂ ਦੇਣਦਾਰੀਆਂ ਹੋਰ ਵਧਦੀਆਂ ਜਾ ਰਹੀਆਂ ਹਨ। ਕੈਲੀਫੋਰਨੀਆ ਦੇ ਇੱਕ ਵਿਦਿਆਰਥੀ ਵਾਲਟਜ ਨੇ ਕਿਹਾ, "ਇਹ ਕਰਜਾ ਮੇਰੇ ਲਈ ਉਮਰ ਕੈਦ ਹੈ।"ਉਸ ਦੇ ਇਹ ਸ਼ਬਦ ਬਹੁਤੇ ਅਮਰੀਕੀ ਵਿਦਿਆਰਥੀਆਂ ਦੀਆਂ ਭਾਵਨਾਵਾਂ ਦਾ ਇਜਹਾਰ ਹਨ ਜਿਹਨਾਂ ਦੀ ਸਾਰੀ ਜਵਾਨੀ ਇਸ ਕਰਜੇ ਨੂੰ ਉਤਾਰਨ ਵਿੱਚ ਲੰਘ ਜਾਣੀ ਹੈ।

ਇਹਨਾਂ ਵਿਦਿਆਰਥੀਆਂ ਸਿਰ ਕਰਜੇ ਦੀ ਪੰਡ ਤੋਂ ਮੁਨਾਫਾ ਖੱਟਣ ਦੇ ਮਕਸਦ ਨਾਲ਼ ਅਮਰੀਕਾ ਵਿੱਚ ਬੀਐੱਨਪੀਐੱਲ ਕੰਪਨੀਆਂ ਬਣ ਗਈਆਂ ਹਨ। ਅਮਰੀਕਾ ਵਿੱਚ ਇਹ ਕੰਪਨੀਆਂ ਇੱਕ ਗਾਹਕ ਨੂੰ ਦੋ ਹਫਤਿਆਂ ਵਿੱਚ ਚਾਰ ਵਿਆਜ ਮੁਕਤ ਕਿਸ਼ਤਾਂ ਵਿੱਚ ਕਿਸੇ ਵੀ ਵਸਤੂ ਜਾਂ ਸੇਵਾ ਲਈ ਭੁਗਤਾਨ ਕਰਨ ਦੀ ਖੁੱਲ੍ਹ ਦਿੰਦੀਆਂ ਹਨ। ਇਹ ਇੱਕ ਕ੍ਰੈਡਿਟ ਕਾਰਡ ਪ੍ਰਬੰਧ ਵਰਗੀ ਹੀ ਸਕੀਮ ਹੈ ਪਰ ਹੈ ਛੋਟੇ ਕਰਜਿਆਂ ਲਈ। ਅਮਰੀਕਾ ਦੀਆਂ ਕਈ ਕੰਪਨੀਆਂ ਇਹ ਸਹੂਲਤ ਦਿੰਦੀਆਂ ਹਨ।

ਉਦਾਹਰਨ ਵਜੋਂ ਮੰਨ ਲਓ ਤੁਹਾਡੇ ਕੋਲ਼ ਕਿਸੇ ਕੰਪਨੀ ਦਾ ਕ੍ਰੈਡਿਟ ਕਾਰਡ ਹੈ ਅਤੇ ਤੁਸੀਂ ਕਿਸੇ ਸਟੋਰ ਤੋਂ 1,000 ਡਾਲਰ ਦਾ ਸਮਾਨ ਖਰੀਦਿਆ ਅਤੇ ਤੁਹਾਡੇ ਕੋਲ਼ ਇਸ ਵੇਲ਼ੇ ਇੱਕ ਵੀ ਰੁਪਈਆ ਨਹੀਂ ਹੈ ਤਾਂ ਕੰਪਨੀ ਤੁਹਾਡੇ ਇਸ ਪੈਸੇ ਦਾ ਭੁਗਤਾਨ ਕਰ ਦੇਵੇਗੀ। ਤੁਹਾਨੂੰ ਕੰਪਨੀ ਨੂੰ ਇਹ ਪੈਸਾ 2 ਹਫਤਿਆਂ ਅੰਦਰ ਚਾਰ ਕਿਸ਼ਤਾਂ ਵਿੱਚ ਵਾਪਸ ਕਰਨਾ ਪਵੇਗਾ। ਸ਼ੁਰੂਆਤੀ ਲਾਲਚ ਦੇ ਪ੍ਰਭਾਵ ਵਿੱਚ ਬਹੁਤੇ ਗਾਹਕ ਅਜਿਹੇ ਕਰਜਾ ਜਾਲ ਵਿੱਚ ਫਸ ਜਾਂਦੇ ਹਨ ਜਿਸ ਵਿੱਚੋਂ ਨਿੱਕਲਣਾ ਮੁਸ਼ਕਲ ਹੋ ਜਾਂਦਾ ਹੈ। ਅਮਰੀਕਾ ਦੀ ਲੱਗਭੱਗ ਅੱਧੀ ਤੋਂ ਵੱਧ ਅਬਾਦੀ ਕੋਈ ਵੀ ਚੀਜ ਖਰੀਦਣ ਲਈ ਇਹਨਾਂ ਸੇਵਾਵਾਂ ਦੀ ਵਰਤੋਂ ਕਰਦੀ ਹੈ ਤੇ ਜਿਆਦਾਤਰ ਇਸ ਦੀ ਵਰਤੋਂ ਅਮਰੀਕੀ ਨੌਜਵਾਨ ਅਤੇ ਵਿਦਿਆਰਥੀ ਕਰਦੇ ਹਨ। ਲੌਕਡਾਊਨ ਤੋਂ ਬਾਅਦ ਇਹਨਾਂ ਕੰਪਨੀਆਂ ਨੇ ਆਪਣੇ ਕਾਰੋਬਾਰ ਦਾ ਵੱਧ ਵਿਸਥਾਰ ਕੀਤਾ ਹੈ। ਜਾਣੀ ਜਿਉਂ ਹੀ ਲੌਕਡਾਊਨ ਦੀ ਬਰਬਾਦੀ, ਬੇਰੁਜਗਾਰੀ, ਮਹਿੰਗਾਈ ਕਾਰਨ ਲੋਕਾਂ ਦਾ ਰੁਜਗਾਰ ਖੁੱਸਿਆ, ਵਿਦਿਆਰਥੀਆਂ ਸਿਰ ਬੋਝ ਵਧਿਆ, ਓਵੇਂ ਹੀ ਇਹ ਕੰਪਨੀਆਂ ਇਸ ਵਿੱਚੋਂ ਮੁਨਾਫਾ ਭਾਲਣ ਲਈ ਛੋਟੀ ਮਿਆਦ ਦੇ ਕਰਜੇ ਲੋਕਾਂ ਨੂੰ ਦੇਣ ਲੱਗੀਆਂ।

**ਅਮਰੀਕਾ ਵਿੱਚ ਵਧ ਰਹੀ ਗਰੀਬੀ, ਬੇਰੁਜਗਾਰੀ ਅਤੇ ਬੇਘਰੇ ਲੋਕਾਂ ਦੀ ਗਿਣਤੀ**

ਕੁੱਲੀ, ਜੁੱਲੀ, ਗੁੱਲੀ, ਸਿੱਖਿਆ ਤੇ ਸਿਹਤ ਸਹੂਲਤਾਂ ਹਰ ਮਨੁੱਖ ਲਈ ਬੁਨਿਆਦੀ ਲੋੜਾਂ ਹਨ। ਪਰ ਅੱਜ ਦੁਨੀਆਂ ਦੇ ਸਭ ਤੋਂ ਤਾਕਤਵਰ ਮੁਲਕ, ਸਾਮਰਾਜੀ ਅਮਰੀਕਾ ਅੰਦਰ ਐਥੋਂ ਦੀ ਕਿਰਤੀ ਅਬਾਦੀ ਦਾ ਹੇਠਲਾ ਹਿੱਸਾ ਲਗਾਤਾਰ ਇਹਨਾਂ ਬੁਨਿਆਦੀ ਸਹੂਲਤਾਂ ਲਈ ਵੀ ਜੂਝਦਾ ਨਜਰ ਆਉਂਦਾ ਹੈ। ਆਮ ਅਮਰੀਕੀਆਂ ਦੀ ਆਰਥਕ ਹਾਲਤ ਬਹੁਤੀ ਚੰਗੀ ਨਹੀਂ। 43% ਲੋਕ ਮੰਨਦੇ ਹਨ ਕਿ ਉਹ ਅਗਲੇ ਸਾਲ ਦੇ ਅੱਧ ਤੱਕ ਕਰਜਾਈ ਹੋ ਜਾਣਗੇ। 1981 ਤੋਂ ਬਾਅਦ ਅਮਰੀਕਾ ਵਿੱਚ ਮਹਿੰਗਾਈ ਦਰ 43 ਸਾਲਾਂ ਦੇ ਸਭ ਤੋਂ ਉੱਪਰਲੇ ਪੱਧਰ 'ਤੇ ਹੈ। ਇਸ ਮਹਿੰਗਾਈ ਨੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੇ ਕਰ ਦਿੱਤਾ ਹੈ। ਇੱਕ ਰਿਪੋਰਟ ਮੁਤਾਬਕ 40% ਅਮਰੀਕੀਆਂ ਦਾ ਮੰਨਣਾ ਹੈ ਕਿ ਉਹਨਾਂ ਕੋਲ਼ ਜੀਵਨ ਨਿਰਬਾਹ ਲਈ ਕੋਈ ਬੱਚਤ ਨਹੀਂ ਅਤੇ ਲੱਗਭੱਗ 48% ਇਹ ਮੰਨਦੇ ਹਨ ਕਿ ਇਸ ਸਾਲ ਦੇ ਅੰਤ ਤੱਕ ਉਹਨਾਂ ਕੋਲ ਬੱਚਤ ਖਾਤੇ ਵਿੱਚ ਕੁੱਝ ਵੀ ਨਹੀਂ ਰਹਿਣਾ। ਅਮਰੀਕਾ ਵਿੱਚ ਬੇਰੁਜਗਾਰਾਂ ਦੀ ਗਿਣਤੀ ਵੀ ਲੱਗਭੱਗ 60 ਲੱਖ ਤੋਂ ਵੱਧ ਹੈ। ਇਸ ਤੋਂ ਬਿਨਾਂ ਰੁਜਗਾਰ ਹਾਸਲ ਅਬਾਦੀ ਦੇ ਵੱਡੇ ਹਿੱਸੇ ਦੀਆਂ ਉਜਰਤਾਂ ਵੀ ਲੋੜ ਮੁਤਾਬਕ ਕਾਫੀ ਘੱਟ ਹਨ ਤੇ ਲੰਬੇ ਅਰਸੇ ਵਿੱਚ ਇਹਨਾਂ ਵਿੱਚ ਕੋਈ ਅਸਲ ਵਾਧਾ ਦਰਜ ਨਹੀਂ ਕੀਤਾ ਗਿਆ।

ਅਮਰੀਕਾ ਵਿੱਚ ਬੇਘਰੇ ਲੋਕਾਂ ਦੀ ਗਿਣਤੀ ਵੀ ਲਗਾਤਾਰ ਵਧਦੀ ਜਾ ਰਹੀ ਹੈ। ਇਕੱਲੇ ਨਿਊਯਾਰਕ ਸ਼ਹਿਰ ਵਿੱਚ ਹੀ ਲੱਗਭੱਗ 1 ਲੱਖ ਤੋਂ ਵੱਧ ਬੇਘਰੇ ਲੋਕ ਸੜਕਾਂ 'ਤੇ ਰਾਤਾਂ ਕੱਟ ਰਹੇ ਹਨ। ਜੇ ਪੂਰੇ ਅਮਰੀਕਾ ਦੀ ਗੱਲ ਕੀਤੀ ਜਾਵੇ ਤਾਂ ਲੱਗਭੱਗ 5 ਲੱਖ 82 ਹਜਾਰ ਬੇਘਰੇ ਲੋਕ ਸੜਕਾਂ ਉੱਤੇ ਰੁਲ਼ ਰਹੇ ਹਨ। 2000 ਤੋਂ 2010 ਤੱਕ ਲੱਗਭੱਗ 36 ਲੱਖ ਲੋਕਾਂ ਨੂੰ ਘਰ ਖਾਲੀ ਕਰਨ ਦੇ ਨੋਟਿਸ ਜਾਰੀ ਹੋਏ ਹਨ। ਇੱਕ ਅਮਰੀਕੀ ਅਖ਼ਬਾਰ ਮੁਤਾਬਕ 2010 ਤੋਂ ਬਾਅਦ ਬੇਘਰੇ ਲੋਕਾਂ ਦੀ ਗਿਣਤੀ ਵਿੱਚ ਲੱਗਭੱਗ 39 ਫੀਸਦੀ ਦਾ ਵਾਧਾ ਹੋਇਆ ਹੈ।

ਅੱਜ ਕੁੱਲ ਦੁਨੀਆਂ ਦੇ ਸਰਮਾਏਦਾਰ ਮੁਲਕ ਵੱਧ-ਘੱਟ ਆਪੋ-ਆਪਣੇ ਸਰਮਾਏਦਾਰਾਂ ਨੂੰ ਰਿਆਇਤਾਂ ਵਧਾਉਂਦੇ ਜਾ ਰਹੇ ਹਨ ਅਤੇ ਫੌਜੀ ਸਾਜੋ-ਸਮਾਨ 'ਤੇ ਖਰਚਾ ਵਧਾ ਰਹੇ ਹਨ ਜਦਕਿ ਆਮ ਲੋਕਾਂ 'ਤੇ ਮਹਿੰਗਾਈ, ਵੱਧ ਟੈਕਸ ਆਦਿ ਦਾ ਬੋਝ ਪਾ ਰਹੇ ਹਨ। ਸੰਸਾਰ ਦੇ ਸਭ ਤੋਂ ਵੱਡੇ ਸਾਮਰਾਜੀ ਅਮਰੀਕਾ ਦੀ ਹਾਲਤ ਵੀ ਇਹੋ ਜਿਹੀ ਹੀ ਹੈ। ਇੱਕ ਪਾਸੇ ਤਾਂ ਅਮਰੀਕਾ ਜੰਗਾਂ ਥੋਪਣ ਲਈ ਫੌਜੀ ਸਾਜੋ ਸਮਾਨ ਉੱਤੇ ਹਰ ਸਾਲ ਖਰਬਾਂ ਡਾਲਰ ਖਰਚ ਕਰ ਰਿਹਾ ਹੈ ਓਥੇ ਹੀ ਦੂਜੇ ਪਾਸੇ ਅਮਰੀਕਾ ਦੀ 80 ਫੀਸਦੀ ਅਬਾਦੀ ਬੁਨਿਆਦੀ ਜਰੂਰਤਾਂ ਪੂਰੀਆਂ ਕਰਨ ਦੇ ਜੰਜਾਲ ਵਿੱਚ ਹੀ ਅਜਾਈਂ ਜਾ ਰਹੀ ਹੈ। ਬਾਹਰ ਜੰਗਾਂ ਵਿੱਚ ਪੈਸਾ ਝੋਕਣਾ ਤੇ ਅੰਦਰ ਆਪਣੇ ਕਿਰਤੀ ਲੋਕਾਂ ਤੋਂ ਬੁਨਿਆਦੀ ਹੱਕ ਖੋਹਣਾ ਇਸ ਰੋਗ ਗ੍ਰਸਤ ਸਾਮਰਾਜੀ ਮੁਲਕ ਦੀ ਅੱਜ ਦੀ ਉੱਘੜਵੀਂ ਸੱਚਾਈ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**



HOMELIFE HIGHER STANDARDS
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Financial Advisor

The Chaat Bar & Parontha Place
403-460-0405 | 403-478-8324
2030-6004 Country Hills Blvd, NE
Calgary AB T3N 1A8
info@chaatbar.ca | www.chaatbar.ca
Contact For Catering

BEAUTY BLISS Mediaesthetics
Instagram: botoxinjectoryyc_nav
Email: nav.beautybliss@gmail.com
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

We Provide Following Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE
Aman Gill
Financial Security Advisor
2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com
Desjardins Financial Security Independent Network
CPP GREAT-WEST BMO RBC Royal Bank Equitable Life of Canada iA Financial Group Manulife Financial Canada Life Foresters ivari

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੇ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

# ਸ਼ਰਧਾਂਜਲੀ



ਪਿਛਲੇ ਦਿਨੀਂ 'ਸਰੋਕਾਰਾਂ ਦੀ ਆਵਾਜ਼' ਨਾਲ ਵਾਹ ਵਾਸਤੇ ਰੱਖਣ ਵਾਲੇ ਸ੍ਰ. ਕਰਨੈਲ ਸਿੰਘ ਇਕ ਭਿਆਨਕ ਬੀਮਾਰੀ ਨਾਲ ਸਦੀਵੀ ਵਿਛੋੜਾ ਗਏ ਹਨ। ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਵਿਚ ਵਿਚਾਰ ਰੱਖਦਿਆਂ ਡਾ. ਕੁਲਦੀਪ ਸਿੰਘ, ਹਰਬੰਸ ਸਿੰਘ ਅਤੇ ਡਾ. ਹਰਦੀਪ ਸਿੰਘ ਨੇ ਕਿਹਾ ਕਿ ਉਹ ਇਕ ਮੁੱਲਵਾਨ ਵਿਅਕਤੀ ਹੀ ਨਹੀਂ ਸਨ ਬਲਕਿ ਬੜੇ ਸ਼ਾਨਦਾਰ ਅਧਿਆਪਕ ਸਨ। ਜਿਨ੍ਹਾਂ ਨੇ ਪੰਜਾਬੀ ਕਮਿਊਨਿਟੀ ਦੇ ਬੱਚਿਆਂ ਨੂੰ ਸਾਇੰਸ ਅਤੇ ਹਿਸਾਬ ਪੜ੍ਹਾਕੇ ਬੜਾ ਯੋਗਦਾਨ ਪਾਇਆ। ਅਦਾਰਾ 'ਸਰੋਕਾਰਾਂ ਦੀ ਅਵਾਜ਼' ਉਨ੍ਹਾਂ ਦੇ ਸੋਗੀ ਪਰਿਵਾਰ ਵਿਚ ਸ਼ਾਮਲ ਹੈ।

# ‘ਖੇਤਾਂ ਦੇ ਪੁੱਤਾਂ’ ਦੇ ਇਤਿਹਾਸਕ ਅੰਦੋਲਨ ਦੀ ਗੱਲ ਕਰਦੀ ਏ, ਸੁਰਿੰਦਰ ਧੰਜਲ ਦੀ ਇਹ ਕਿਤਾਬ ‘ਦੀਵੇ ਜਗਦੇ ਰਹਿਣਗੇ’



ਡਾ. ਸੁਖਦੇਵ ਸਿੰਘ ਝੰਡ
647-567-9128

2020-21 ਦੌਰਾਨ ਦਿੱਲੀ ਦੀਆਂ ਬਰੂਹਾਂ ’ਤੇ ਇੱਕ ਨਵਾਂ ਇਤਿਹਸ ਸਿਰਜਿਆ ਗਿਆ ਜਦੋਂ ਕਿਸਾਨਾਂ ਦੀਆਂ 32 ਜੱਥੇਬੰਦੀਆਂ ਵੱਲੋਂ ਪੰਜਾਬ ਵਿਚ ਆਰੰਭ ਕੀਤਾ ਗਿਆ ਕਿਸਾਨ ਅੰਦੋਲਨ ਨਵੰਬਰ 2020 ਵਿਚ ਹਰਿਆਣਾ ਅਤੇ ਦਿੱਲੀ ਦੀ ਸਰਹੱਦ ’ਤੇ ਆਣ ਪਹੁੰਚਿਆ। ਇਹ ਅੰਦੋਲਨ ਭਾਰਤ ਸਰਕਾਰ ਵੱਲੋਂ 5 ਜੂਨ 2020 ਨੂੰ ਆਰਡੀਨੈਂਸਾਂ ਵਜੋਂ ਪੇਸ਼ ਕਰਕੇ ਬਹੁ-ਗਿਣਤੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਲੋਕ ਸਭਾ ਤੇ ਰਾਜ ਸਭਾ ਵਿਚ ਬੜੀ ਕਾਹਲੀ ਨਾਲ 17 ਸਤੰਬਰ ਤੇ 20 ਸਤੰਬਰ ਨੂੰ ਪਾਸ ਕਰਵਾ ਕੇ 27 ਸਤੰਬਰ ਨੂੰ ਰਾਸ਼ਟਰਪਤੀ ਦੇ ਦਸਤਖ਼ਤ ਕਰਵਾ ਕੇ ਖੇਤੀ ਤੇ ਕਿਸਾਨ ਵਿਰੋਧੀ ਤਿੰਨ ‘ਕਾਲ਼ੇ ਖੇਤੀ ਕਾਨੂੰਨਾਂ’ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਲਈ ਪੰਜਾਬ ਵਿਚ ਸ਼ੁਰੂ ਹੋਇਆ ਅਤੇ ਹਰਿਆਣਵੀ ਭਰਾਵਾਂ ਨੂੰ ਨਾਲ ਲੈਂਦਾ ਹੋਇਆ ਦਿੱਲੀ ਦੀ ‘ਸਰਹੱਦ’ ’ਤੇ ਪਹੁੰਚਾ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਉੱਤਰਾ ਖੰਡ, ਰਾਜਸਥਾਨ, ਬੰਗਾਲ ਅਤੇ ਕਰਨਾਟਕ ਦੇ ਕਿਸਾਨ ਵੀ ਇਸ ਵਿਚ ਸ਼ਾਮਲ ਹੋ ਗਏ ਅਤੇ ਇਸ ਦੀ ਗੂੰਜ ਵਿਦੇਸ਼ਾਂ ਵਿਚ ਵੀ ਪੈਣ ਲੱਗੀ।

378 ਦਿਨ ਚੱਲੇ ਇਸ ਅੰਦੋਲਨ ਵਿਚ ਲੱਗਭੱਗ 750 ਕਿਸਾਨਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਇਸ ਨੂੰ ਕਾਮਯਾਬ ਕੀਤਾ। ਸਰਕਾਰੀ ਕਮੇਟੀ ਨਾਲ ਗੱਲਬਾਤ ਦੇ 11 ਲੰਮੇਂ ਦੌਰਾਂ ਦੇ ਫੇਲ੍ਹ ਹੋਣ ਤੋਂ ਬਾਅਦ ਅਖ਼ੀਰ ਆਕੜਖ਼ੋਰ ਪ੍ਰਧਾਨ ਮੰਤਰੀ ਨਰਿੰਦਰ ਦਾਸ ਮੋਦੀ ਵੱਲੋਂ 19 ਨਵੰਬਰ ਨੂੰ ਕੀਤੇ ਗਏ ਇਨ੍ਹਾਂ ਤਿੰਨੇ ਕਾਲ਼ੇ ਕਾਨੂੰਨਾਂ ਨੂੰ ਵਾਪਸ ਲੈਣ ਦੇ ਐਲਾਨ ਨਾਲ ਸਮਾਪਤ ਹੋਇਆ ਜਿਸ ਵਿਚ ਕਿਸਾਨਾਂ ਦੀ ਇਹ ‘ਮੁੱਖ ਮੰਗ’ ਤਾਂ ਮੰਨ ਲਈ ਗਈ ਪਰ ਫ਼ਸਲਾਂ ’ਤੇ ਐੱਮ.ਐੱਸ.ਪੀ. ਦੇਣ ਦੀ ਇਕ ਹੋਰ ਉਚਿਤ ਮੰਗ ਲਈ ਉੱਚ-ਪੱਧਰੀ ਕਮੇਟੀ ਬਨਾਉਣ ਦਾ ਲਾਰਾ ਲਾ ਕੇ ਇਸ ਨੂੰ ਟਾਲ਼ ਦਿੱਤਾ ਗਿਆ ਜੋ ਕੇਂਦਰ ਸਰਕਾਰ ਹੁਣ ਤੱਕ ਵੀ ਪੂਰੀ ਨਹੀਂ ਕੀਤੀ ਗਈ।

ਅਗਾਂਹ-ਵਧੂ ਵਿਚਾਰਾਂ ਦਾ ਧਾਰਨੀ ਡਾ. ਸੁਰਿੰਦਰ ਧੰਜਲ ਜੋ ਕੈਨੇਡਾ ਦੀ ਕੈਮਲੂਪਸ ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਦਾ ਪ੍ਰੋਫ਼ੈਸਰ ਰਹਿ ਚੁੱਕਾ ਹੈ, ਨੇ ਇਸ ਅੰਦੋਲਨ ਨੂੰ ਆਪਣੀ ਇਸ ਨਵ-ਪ੍ਰਕਾਸ਼ਿਤ ਪੁਸਤਕ ਦਾ ਵਿਸ਼ਾ ਬਣਾਇਆ ਹੈ। 72 ਪੰਨਿਆਂ ਦੀ ਇਸ ਪੁਸਤਕ ‘ਦੀਵੇ ਜਗਦੇ ਰਹਿਣਗੇ’ ਵਿਚ ਉਸ ਨੇ ਇਸ ਦੇ ਪਹਿਲੇ ਭਾਗ ਦੇ 30 ਪੰਨਿਆਂ ਵਿਚ ਆਪਣੀਆਂ 17 ਕਵਿਤਾਵਾਂ ਸ਼ਾਮਲ ਕੀਤੀਆਂ ਹਨ ਅਤੇ ਦੂਸਰੇ ਭਾਗ ਵਿਚ ਅੰਦੋਲਨ ਨਾਲ ਸਬੰਧਿਤ ਅੱਠ ‘ਅੰਤਿਕਾਵਾਂ’ ਦਿੱਤੀਆਂ ਹਨ।

ਪੁਸਤਕ ਦੇ ਟਾਈਟਲ ਦੇ ਸਿਰਲੇਖ ਵਾਲੀ ਪਹਿਲੀ ਕਵਿਤਾ ਵਿਚ ਉਹ ਇਸ ਅੰਦੋਲਨ ਵਿਚ ਕਿਸਾਨਾਂ ਵੱਲੋਂ ਇਸ ਦੀ ਕਾਮਯਾਬੀ ਦੇ ਜਗਾਏ ਹਏ ‘ਦੀਵਿਆਂ’ ਦੇ ਭਵਿੱਖ ਵਿਚ ਵੀ ਏਸੇ ਤਰ੍ਹਾਂ ਜਗਦੇ ਰਹਿਣ ਦੀ ਕਾਮਨਾ ਕਰਦਾ ਹੈ:

**ਅੱਜ ਨੇ ਜੋ ਤੂੰ ਜਗਾਏ,**
**ਦੀਵੇ ਜਗਦੇ ਰਹਿਣਗੇ,**
**ਕੱਲ੍ਹ ਨੂੰ ਜੋ ਤੂੰ ਦੀਵੇ ਜਗਾਉਣੇ,**
**ਦੀਵੇ ਜਗਦੇ ਰਹਿਣਗੇ।** (ਪੰਨਾ-12)

‘ਪਾਸ਼’ ਤੇ ‘ਪਾਤਰ’ ਦੇ ਨਾਂ ਅਰਪਿਤ ਕੀਤੀ ਗਈ ਦੂਸਰੀ ਕਵਿਤਾ ਵਿਚ ਉਹ ਪਾਤਰ ਦੀ ਕਵਿਤਾ ਦੇ ਸ਼ਿਅਰ “ਏਨਾ ਸੱਚ ਨਾ ਬੋਲ ਕਿ ‘ਕੱਲ੍ਹਾ ਰਹਿ ਜਾਵੇਂ, ਚਾਰ ਕੁ ਬੰਦੇ ਰੱਖ ਲੈ ਮੋਢਾ ਦੇ ਲਈ” ਦੀ ਤਰਜ਼ ’ਤੇ ਦੇਸ਼ ਦੇ ਹਾਕਮਾਂ ਨੂੰ ਸੰਬੋਧਿਤ ਹੈ:

**ਏਨਾ ਝੂਠ ਨਾ ਬੋਲ, ਕਿ ਭੁੱਖਾ ਦੇਸ਼ ਮਰੇ,**
**ਖੇਤਾਂ ਦੇ ਪੁੱਤ ਰੱਖ ਲੈ, ਰਿਜ਼ਕ ਉਗਾਣ ਲਈ।**
(ਪੰਨਾ-14)

ਇਸ ਦੇ ਨਾਲ ਹੀ ਉਹ ਅਗਲੀ ਕਵਿਤਾ ‘ਨਸ਼ਾ’ ਵਿਚ ਹਾਕਮਾਂ ਨੂੰ ਨਸੀਹਤ ਦਿੰਦਾ ਹੈ:

**ਸਤਲੁਜ ਦਾ ਵੈਰ ਪੁਆ ਨਾ,**
**ਦਿੱਲੀ ਦੀ ਯਮਨਾ ਨਾਲ,**
**ਮਸਜਿਦ ਦਾ ਭੇੜ ਕਰਾ ਨਾ,**
**ਮੰਦਰਾਂ ਤੇ ਹਵਨਾਂ ਨਾਲ,**
**ਕਿੰਨਾ ਚਿਰ ਦਿਨ ਕੱਟਣਗੇ,**
**ਜੁਮਲਿਆਂ ਤੇ ਗਬਨਾਂ ਨਾਲ,**
**ਮੂਤਰ, ਗੋਬਰ, ਤੇ ਗਊਆਂ,**
**ਪੱਥਰ-ਦਿਲ ਭਵਨਾਂ ਨਾਲ,**
**ਮਿੱਟੀ ਦੇ ਜਾਏ ਟੱਕਰਨ,**
**ਪੱਥਰ ਦੇ ਬੁੱਤਾਂ ਨਾਲ।**
**ਖੇਤਾਂ ਦੇ ਪੁੱਤ ਪਏ ਲੜਦੇ,**
**‘ਪੈਸੇ ਦੇ ਪੁੱਤਾਂ’ ਨਾਲ।** (ਪੰਨਾ-15)

‘ਐਲਾਨ’ ਨਾਮੀ ਕਵਿਤਾ ਵਿਚ ਉਹ ਐਲਾਨੀਆ ਕਹਿੰਦਾ ਹੈ:

**ਹੁੰਦਾ ਹੋਵੇਗਾ ਕਦੇ ‘ਸੋਨੇ ਦੀ ਚਿੜੀ’**
**ਹੁੰਦਾ ਹੋਵੇਗਾ ਕਦੇ ‘ਸਾਡਾ ਭਾਰਤ ਮਹਾਨ’**
**ਅੱਜ-ਕੱਲ੍ਹ ਹੈ, ਲੁੱਚਾ ਲੰਡਾ ਚੌਧਰੀ**




**ਅੱਜ-ਕੱਲ੍ਹ ਹੈ, ਗੁੰਡੀ ਰੰਨ ਪਰਧਾਨ।**(ਪੰਨਾ-19)

ਪਰ ਇਸ ਦੇ ਨਾਲ ਹੀ ਉਹ ਭਵਿੱਖ ਵਿਚ ਪੂਰਾ ਆਸਵੰਦ ਵੀ ਹੈ, ਜਦੋਂ ‘ਉਮੀਦ’ ਨਾਮਕ ਕਵਿਤਾ ਵਿਚ ਉਹ ਕਹਿੰਦਾ ਹੈ:

**ਖੇਤਾਂ ਨੇ ਬੀਜੀ ਨਵੀਂ ਉਮੀਦ**
**ਇੱਕੋ ਖੇਤ ’ਚ ਉੱਗਣਗੇ:**
**ਵਿਸਾਖੀ, ਦੀਵਾਲੀ, ਈਦ**
**ਇੱਕੋ ਖੇਤ ’ਚ ਪ੍ਰਕਾਸ਼ਣਗੇ:**
**ਗੀਤਾ, ਗ੍ਰੰਥ, ਕੁਰਾਨ**
**ਕੋਈ ਗੁੰਡਾ ਨਹੀਂ ਬਣਨ ਦਿਆਂਗੇ**
**ਆਪਣੇ ਭਾਰਤ ਦਾ ਹੁਕਮਰਾਨ**
**ਫਿਰ ਹੋਵੇਗਾ ਸਾਡਾ ਭਾਰਤ ਮਹਾਨ।**
(ਪੰਨਾ-22)

ਕਵੀ ਇਹ ਭਲੀ-ਭਾਂਤ ਸਮਝਦਾ ਹੈ ਕਿ ਸ਼ਾਇਰਾਂ ਅਤੇ ਬੁੱਧੀਜੀਵੀਆਂ ਕੋਲ ‘ਇਲਮ’ (ਗਿਆਨ) ਹੈ ਅਤੇ ਹਾਕਮਾਂ ਕੋਲ ਤੇਗਾਂ, ਜੇਲ੍ਹਾਂ ਅਤੇ ਗੋਲ਼ੀਆਂ ਹਨ। ਸ਼ਾਇਰਾਂ ਕੋਲ ‘ਏਕਤਾ’ ਅਤੇ ਸੱਜਰੀ ਧੁੱਪ ਦਾ ‘ਨਿੱਘ’ ਹੈ, ਜਦਕਿ ਹਾਕਮਾਂ ਕੋਲ ? ‘ਵੰਡੀਆਂ’ ਅਤੇ ‘ਠੰਢੀਆਂ ਰਾਤਾਂ’ ਹਨ। ਉਹ ਹਾਕਮਾਂ ਦੇ ਵਰਤਾਰੇ ਤੋਂ ਪੂਰੀ ਤਰ੍ਹਾਂ ਜਾਣੂੰ ਅਤੇ ਬਾ-ਖ਼ਬਰ ਹੈ। ਏਸੇ ਲਈ ਉਹ ਸ਼ਾਇਰ ਦੋਸਤਾਂ, ਗਾਇਕਾਂ ਅਤੇ ਬੁੱਧੀਜੀਵੀਆਂ ਨੂੰ ਜਾਗਰੂਕਤਾ ਰੂਪੀ ‘ਇਲਮ ਦੇ ਜੁਗਨੂੰ’ ਉਡਾਉਂਦੇ ਰਹਿਣ ਦੀ ਪ੍ਰੇਰਨਾ ਕਰਦਾ ਹੈ:

**ਇਲਮ ਦੇ ਜੁਗਨੂੰ ਹਮੇਸ਼ਾ,**
**ਰਹਿ ਉਡਾਉਂਦਾ ਦੋਸਤਾ!**
**ਤੂੰ ਸੁਰੀਲਾ ਸਾਜ਼ ਆਪਣਾ,**
**ਰਹਿ ਵਜਾਉਂਦਾ ਦੋਸਤਾ!** (ਪੰਨਾ-28)

‘ਇਲਮ’ ਦੀਆਂ ਅਜਿਹੀਆਂ ਬਹੁਤ ਸਾਰੀਆਂ ‘ਟੂਕਾਂ’ 72 ਪੰਨਿਆਂ ਦੀ ਇਸ ਛੋਟੀ ਜਿਹੀ ਪੁਸਤਕ ਵਿਚ ਦਰਜ ਹਨ ਜੋ ਇਨਸਾਨ ਨੂੰ ਅੱਗੇ ਵੱਧਣ ਲਈ ਹੱਲਾਸ਼ੇਰੀ ਦਿੰਦੀਆਂ ਹਨ। ਪੁਸਤਕ ਦੇ ਇਸ ਭਾਗ ਦੇ ਅਖ਼ੀਰ ਵਿਚ ਲੰਮੀਆਂ ਮਲਵੱਈ ਬੋਲੀਆਂ ਦੇ ਆਧਾਰ ’ਤੇ ਇਸ ਕਿਸਾਨ ਅੰਦੋਲਨ ਨਾਲ ਜੁੜੀਆਂ ਨੌ ਅਗਾਂਹ-ਵਧੂ ਵੀ ਦਰਜ ਕੀਤੀਆਂ ਗਈਆਂ ਹਨ। ਨਮੂੰਨੇ ਵਜੋਂ, ਇਕ ਬੋਲੀ ਹੇਠਾਂ ਹਾਜ਼ਰ ਹੈ:

**ਧਰਤ ਪੰਜਾਬੋਂ ਚੜ੍ਹੇ ਕਾਫ਼ਲੇ,**
**ਕਿਰਤੀ ਤੇ ਕਿਰਸਾਨੀ**
**ਹਰਿਆਣੇ ’ਚੋਂ ਲੋਕਾਂ ਦਾ ਹੜ੍ਹ,**
**ਚੜ੍ਹ ਆਇਆ ਤੂਫ਼ਾਨੀ,**
**ਯੂ. ਪੀ., ਉੱਤਰਾਖੰਡ, ਬਿਹਾਰੀ,**
**ਨਾਲ਼ੇ ਰਾਜਸਥਾਨੀ**
**ਲੁੱਟ ਪੁੱਟ ਕੇ ਕਿਰਸਾਨਾਂ ਤਾਈਂ,**
**ਭਰਦਾ ਢਿੱਡ ਅਡਾਨੀ**
**ਲਾਲ ਕਿਲ੍ਹੇ ਨੂੰ ਧਰ’ਤਾ ਗਹਿਣੇ,**
**ਨਿੱਤ ਕਰਦੈ ਮਨਮਾਨੀ**
**ਘੇਰਿਆ ਪਹਿਲਾਂ ਅੜਾ ਅਡਾਨੀ,**
**ਫਿਰ ਘੇਰਿਆ ਅੰਬਾਨੀ**
**ਘੇਰ ਲਏ ਸੱਭ ਲੋਟੂ ਜੋ ਸੀ,**
**ਕਰਦੇ ਕਾਰਸਤਾਨੀ**
**ਬਿੱਲ ਵਾਪਸ ਮੁੜਵਾਉਣੇ ਦਿੱਲੀਏ,**
**ਸਿੱਧੀ ਗੱਲ ਐਲਾਨੀ**
**’ਕੱਠ ਕਿਸਾਨਾਂ ਦਾ,**
**ਧਮਕ ਪਵੇ ਅਸਮਾਨੀਂ**
**’ਕੱਠ ਮਜ਼ਦੂਰਾਂ ਦਾ**
**(ਬਈ) ਕਹਿੰਦੇ ਛੱਡਾਂਗੇ,**
**ਯਾਦ ਕਰ ਕੇ ਨਾਨੀ।** (ਪੰਨਾ-35)

ਪੁਸਤਕ ਦੇ ਦੂਸਰੇ ਭਾਗ ਵਿਚ ਲੇਖਕ ਵੱਲੋਂ ਅੱਠ ਅੰਤਿਕਾਵਾਂ ਦਰਜ ਕੀਤੀਆਂ ਗਈਆਂ ਹਨ। ਪਹਿਲੀਆਂ ਪੰਜ ਅੰਤਿਕਾਵਾਂ ਵਿਚ ਸੱਭ ਤੋਂ ਪਹਿਲਾਂ 3 ਦਸੰਬਰ 2020 ਨੂੰ ਗਿਆਰਾਂ ਇੰਡੋ-ਕੈਨੇਡੀਆਂ ਜੱਥੇਬੰਦੀਆਂ ਵੱਲੋਂ ਅਤੇ ਫਿਰ ਇਨ੍ਹਾਂ ਦੀ ਗਿਣਤੀ ਲਗਾਤਾਰ ਵੱਧਦੀ ਜਾਣ ’ਤੇ 5 ਦਸੰਬਰ ਨੂੰ ਸੋਲਾਂ, 7 ਦਸੰਬਰ ਨੂੰ ਪੈਂਤੀ, 15 ਦਸੰਬਰ ਨੂੰ ਸੱਠ ਅਤੇ 24 ਦਸੰਬਰ ਨੂੰ ਸੱਤਰ ਜੱਥੇਬੰਦੀਆਂ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਮਤੇ ਪਾਸ ਕਰਕੇ ਵੱਖ-ਵੱਖ ਥਾਵਾਂ ’ਤੇ ਭੇਜੇ ਜਾਣ ਦੀ ਵੱਡਮੁੱਲੀ ਜਾਣਕਾਰੀ ਸ਼ਾਮਲ ਹੈ। ਇਨ੍ਹਾਂ ਮਤਿਆਂ ਵਿਚ ਕੇਂਦਰ ਸਰਕਾਰ ਦੀਆਂ “ਨਿੰਦਣਯੋਗ ਗੱਲਾਂ” ਅਤੇ ਕਿਸਾਨ ਅੰਦੋਲਨ ਦੇ ਸ਼ਾਂਤਮਈ ਰਹਿਣ ਤੇ ਵੱਖ-ਵੱਖ ਭਾਈਚਾਰਿਆਂ ਵੱਲੋਂ ਇਸ ਵਿਚ ਮਿਲੇ ਸਹਿਯੋਗ ਦੀਆਂ “ਸ਼ਲਾਘਾਯੋਗ ਗੱਲਾਂ” ਦੇ ਨਾਲ ਨਾਲ ਕਿਸਾਨ-ਆਗੂਆਂ ਨੂੰ ਸਰਕਾਰਾਂ ਦੀਆਂ “ਪਾੜੋ ਤੇ ਰਾਜ ਕਰੋ” ਵਰਗੀਆਂ ਬਦਨੀਤੀਆਂ ਤੋਂ ਸੁਚੇਤ ਰਹਿਣ ਦੀ ਗੱਲ ਵੀ ਕੀਤੀ ਗਈ ਹੈ। ਇਸ ਦੇ ਨਾਲ ਹੀ ਇਨ੍ਹਾਂ ਮਤਿਆਂ ਵਿਚ ਕਿਸਾਨ-ਮਜ਼ਦੂਰ ਏਕਤਾ ਦੇ ਸੰਘਰਸ਼ ਵਿਚ, ਭਾਰਤ ਸਰਕਾਰ ਨੂੰ ਰੋਸ ਵਜੋਂ ਆਪਣੇ ਤਗ਼ਮੇਂ ਅਤੇ ਮਾਣ-ਸਨਮਾਨ ਵਾਪਸ ਕਰਨ ਵਾਲੇ ਵਿਅੱਕਤੀਆਂ ਅਤੇ ਅਹਿਮ ਸਰਕਾਰੀ ਨੌਕਰੀਆਂ ਤੋਂ ਅਸਤੀਫ਼ੇ ਦੇਣ ਵਾਲੇ ਲੋਕਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਗਈ ਹੈ।

ਛੇਵੀਂ ਅੰਤਿਕਾ ਵਿਚ ਹਮਾਇਤ ਕਰਨ ਵਾਲੀਆਂ ਇਨ੍ਹਾਂ 70 ਜੱਥੇਬੰਦੀਆਂ ਦੀ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ ਸ਼ਮੂਲੀਅਤ ਦਰਸਾਈ ਗਈ ਹੈ ਜਿਸ ਵਿਚ ਕੈਮਲੂਪਸ ਤੋਂ 4, ਸਰੀ/ਵੈਨਕੂਵਰ ਤੋਂ 21, ਟੋਰਾਂਟੋ ਤੋਂ 17, ਕੈਲਗਰੀ ਤੋਂ 14, ਵਿੰਨੀਪੈੱਗ ਤੋਂ 7, ਐਡਮੰਟਨ ਤੋਂ 5 ਅਤੇ ਐਬਟਸਫੋਰਡ ਤੋਂ 2 ਜੱਥੇਬੰਦੀਆਂ ਦੇ ਨਾਂ ਸ਼ਾਮਲ ਹਨ। ਸੱਤਵੀਂ ਅੰਤਿਕਾ ਵਿਚ ਪੁਸਤਕ ਲੇਖਕ ਵੱਲੋਂ ਇਸ ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਬਾਰੇ ਅਖ਼ਬਾਰਾਂ ਤੇ ਹੋਰ ਵੱਖ-ਵੱਖ ਸਰੋਤਾਂ ਤੋਂ ਇਕੱਕਰ ਕੀਤੀ ਗਈ ਜਾਣਕਾਰੀ ਜਰਜ ਕੀਤੀ ਗਈ ਹੈ ਅਤੇ ਅਖ਼ੀਰਲੀ ਅੱਠਵੀਂ ਅੰਤਿਕਾ ਵਿਚ ਹਿੰਦੀ ਦੀ ਅਖ਼ਬਾਰ ‘ਦੈਨਿਕ ਭਾਸਕਰ’ ਵੱਲੋਂ 19 ਦਸੰਬਰ 2021 ਨੂੰ ਕਿਸਾਨ ਅੰਦੋਲਨ ਦੇ 318 ਦਿਨਾਂ ਵਿਚ 714 ਕਿਸਾਨਾਂ ਦੀ ਹੋਈ ਸ਼ਹੀਦੀ ਬਾਰੇ ਛਾਪੀ ਗਈ ਰੰਗਦਾਰ ਤਸਵੀਰ ਦਿੱਤੀ ਗਈ ਹੈ ਜਿਸ ਵਿਚ ਕਿਸਾਨਾਂ ਦੇ ਵਾਹੀ ਦੇ ਪੁਰਾਣੇ ਪ੍ਰਮੁੱਖ ਸੰਦ ‘ਲੱਕੜ ਦੇ ਹਲ ?’ ਉੱਪਰ ਹਰੇ ਰੰਗ ਦੀ ਪੱਗੜੀ ਬੰਨ੍ਹੀ ਹੋਈ ਵਿਖਾਈ ਗਈ ਹੈ। ਇਸ ਦੀ ਪਿੱਠ-ਭੂਮੀ ਵਿਚ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਨਾਂ ਹਿੰਦੀ ਵਿਚ ਦਰਜ ਹਨ।

72 ਪੰਨਿਆਂ ਦੀ ਇਸ ਛੋਟੀ ਜਿਹੀ ਕਿਤਾਬ ਉੱਪਰ ਡਾ. ਧੰਜਲ ਨੇ ਬੜੀ ਮਿਹਨਤ ਕੀਤੀ ਹੈ ਅਤੇ ਇਸ ਦੇ ਛਾਪਣ ਲਈ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਲੈਂਗਲੀ ਸਥਿਤ ਫ਼ਾਈਨ ਆਰਟ ਪ੍ਰਿੰਟਿੰਗ ਲਿਮਿਟਡ ਵੱਲੋਂ ਬੜੀ ਖ਼ੂਬਸੂਰਤੀ ਨਾਲ ਛਾਪੀ ਗਈ ਹੈ ਅਤੇ ਇਸ ਦੇ ਸਹਿਯੋਗੀ ਪ੍ਰਕਾਸ਼ਕ ਸ਼ਹੀਦ ਊਧਮ ਸਿੰਘ ਹੈੱਲਪਿੰਗ ਹੈਂਡ ਵਧਾਈ ਦੇ ਹੱਕਦਾਰ ਹਨ। ਮੈਂ ਲੇਖਕ ਤੇ ਪ੍ਰਕਾਸ਼ਕ ਦੋਹਾਂ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਪੰਜਾਬੀ ਪਾਠਕਾਂ ਨੂੰ ਇਹ ਮੁੱਲਵਾਨ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਸ਼ ਕਰਦਾ ਹਾਂ।

# ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ ‘ਉੱਗਦੇ ਸੂਰਜ ਦੀ ਅੱਖ’ ਪੰਜਾਬੀ ਵਾਰਤਕ ’ਚ ਨਵੇਂ ਦਿਸਹੱਦੇ ਸਿਰਜਣ ਅਤੇ ਨਵੀਆਂ ਪੈੜਾਂ ਪਾਉਣ ਯੋਗ ਪੁਸਤਕ

ਪੁਸਤਕ : ਉੱਗਦੇ ਸੂਰਜ ਦੀ ਅੱਖ
ਲੇਖਕ : ਪ੍ਰੋ: ਜਸਵੰਤ ਸਿੰਘ ਗੰਡਮ
ਪ੍ਰਕਾਸ਼ਕ : ਪੰਜਾਬੀ ਵਿਰਸਾ ਟਰੱਸਟ (ਰਜਿ:) ਪਲਾਹੀ(ਫਗਵਾੜਾ)
ਕੀਮਤ : 200 ਰੁ. (ਭਾਰਤ), ॥ 3, $5
ਪੰਨੇ : 176

ਦੋ ਪੁਸਤਕਾਂ ‘ਕੁਝ ਤੇਰੀਆਂ ਕੁਝ ਮੇਰੀਆਂ’ ਅਤੇ ‘ਸੁੱਤੇ ਸ਼ਹਿਰ ਦਾ ਸਫ਼ਰ’ ਤੋਂ ਬਾਅਦ ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ ‘ਉੱਗਦੇ ਸੂਰਜ ਦੀ ਅੱਖ’ ਉਸਦੀ ਤੀਸਰੀ ਪੁਸਤਕ ਹੈ, ਜਿਸ ਵਿੱਚ 33 ਲੇਖ ਸ਼ਾਮਲ ਹਨ। ਪੁਸਤਕ ਵਿੱਚ ਵਿਚਾਰਕ ਅਤੇ ਵਿਅੰਗ ਲੇਖਾਂ ਤੋਂ ਇਲਾਵਾ ਫਲਾਂ ਬਾਰੇ ਲੇਖ ਤਾਂ ਸ਼ਾਮਲ ਹਨ ਹੀ, ਨਾਲ-ਨਾਲ ਲੇਖਕ ਦੇ ਸ਼ਬਦਾਂ ’ਚ ‘ਮਾਂ-ਪਨ ਦੀ ਰੱਬਤਾ ਅਤੇ ਮਾਂ ਦੀ ਕਰਤਾਰੀ ਮਮਤਾ ਦੀ ਮਹਿਮਾਂ, ਸੂਰਜ-ਚੰਨ ਦੀ ਊਰਜਾ ’ਤੇ ਪ੍ਰਕਾਸ਼ ਦੀ ਗਾਥਾ ਅਤੇ ਹੋਰ ਵੱਖ-ਵੱਖ ਵਿਸ਼ਿਆਂ ਬਾਰੇ ਲੇਖਾਂ ਤੋਂ ਇਲਾਵਾ ਇਸ ਪੁਸਤਕ ਵਿੱਚ ਮੇਰੇ ਇੱਕ ਰੂਹ ਦੇ ਰਿਸ਼ਤੇਦਾਰ (ਸੋਲਮੇਟ) ਸਬੰਧੀ ਵੀ ਲੇਖ ਹੈ’। ਪ੍ਰੋ: ਜਸਵੰਤ ਸਿੰਘ ਗੰਡਮ ਪਾਇਦਾਰ ਵਾਰਤਕ ਲਿਖਣ ਵਾਲਾ ਲੇਖਕ ਹੈ ਅਤੇ ਉਸ ਲੜੀ ਦੇ ਪ੍ਰਸਿੱਧ ਲੇਖਕਾਂ ’ਚ ਖੜਾ ਦਿਸਦਾ ਹੈ, ਜਿਹਨਾ ਨੇ ਪੰਜਾਬੀ ਸਾਹਿਤ ਜਗਤ ਵਿੱਚ ਪੰਜਾਬੀ ਸਭਿਆਚਾਰ ਨੂੰ ਰੂਪਮਾਨ ਕਰਨ ਦਾ ਵੱਡਾ ਉਪਰਾਲਾ ਕੀਤਾ ਹੈ। ਬਿਨ੍ਹਾਂ ਸ਼ੱਕ ਗੁਰਬਾਣੀ ਉਸਦੀ ਲੇਖਣੀ ਦਾ ਧੁਰਾ ਹੈ।

ਪੰਜਾਬੀਆਂ ਦੀ ਜੀਵਨ ਸ਼ੈਲੀ, ਜੀਵਨ ਜਾਚ, ਬੋਲਬਾਣੀ, ਅਦਬ-ਅਦਾਬ, ਖਾਣ-ਪੀਣ, ਉੱਠਣ-ਬੈਠਣ, ਰੀਤੀ-ਰਿਵਾਜ਼, ਮਹਿਮਾਨ-ਨਿਵਾਜ਼ੀ ਨੂੰ ਜਿਸ ਸ਼ਿੱਦਤ ਨਾਲ ਉਸਨੇ ਆਪਣੇ ਲੇਖਾਂ ਵਿੱਚ ਸਿਰਜਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਬਹੁਤ ਘੱਟ ਲੇਖਕ ਇਹੋ ਜਿਹੇ ਦ੍ਰਿਸ਼ਟੀਕੋਨ ਨਾਲ ਲਿਖਣ ਦਾ ਹੀਆ ਕਰਦੇ ਹਨ। ਕਿਸੇ ਵੀ ਵਿਸ਼ੇ ਨੂੰ ਲੇਖ ਦੇ ਸੀਮਤ ਸ਼ਬਦਾਂ ਵਿੱਚ ਸਿਮੇਟਣਾ ਸੌਖਾ ਨਹੀਂ ਹੁੰਦਾ ਅਤੇ ਉਹ ਵੀ ਰੌਚਕ ਢੰਗ ਨਾਲ ਤਾਂ ਕਿ ਪਾਠਕ, ਲੇਖਕ ਕਲਮ ਦੀ ਤੋਰ ਨਾਲ ਤੁਰਦਾ ਰਹੇ।

ਇੱਕ ਸਧਾਰਨ ਉਦਾਹਰਨ ਵੇਖੋ ਲੇਖਕ ਦੀ ਲੇਖਣੀ ਦੀ, ‘ਗੁਠਲੀ ਅੰਬ ਦਾ ਦਿਲ ਹੈ। ਜਿਨ੍ਹਾਂ ਚਿਰ ਇਸ ਵਿੱਚ ਦੰਦ ਗੱਡ ਗੱਡ, ਆਪਣਾ ਮੂੰਹ-ਸਿਰ ਅਤੇ ਕੱਪੜੇ ਨਾ ਲਿਬਰਨ ਤਾਂ ਫਿਰ ਕੀ ਚੂਪੇ ਅੰਬ!’

ਲੇਖਕ ਹਰ ਵਿਸ਼ੇ ਨੂੰ ਇਵੇਂ ਹੀ ਨਿਭਾਉਂਦਾ ਹੈ, ਹਰ ਵਿਸ਼ੇ ’ਚ ਪੂਰੀ ਤਰ੍ਹਾਂ ਖੁਭ ਕੇ। ਲੇਖ ਦਾ ਉਹ ਵਿਸ਼ਾ ਭਾਵੇਂ ਵਿਚਾਰਕ ਹੋਵੇ ਜਾਂ ਫਿਰ ਵਿਅੰਗਮਈ।

‘ਮਾਂਵਾਂ ਠੰਡੀਆਂ ਛਾਂਵਾਂ’, ‘ਕਿਰਤ ਵਿਰਤਿ ਕਰ ਧਰਮ ਦੀ’, ਅੱਖ ਚੁੱਭੀ ਅਮਨ ਦੀ, ‘ਕਾਲੇ ਕਾਲੇ ਰਸ-ਭਰੇ ਜਾਮਣੂ’, ‘ਸਾਗ ਮੱਥੇ ਦੇ ਭਾਗ, ਰੋਟੀ ਬਨਾਮ ਪਰੌਂਠਾ, ‘ਬੜੀ ਲੱਸੀ ਹੋਈ ਦਹੀਂ ਦੀ’, ਵਰਗੇ ਲੇਖ, ਉਸਦੇ ਸਿਰਲੇਖ ਤੋਂ ਹੀ ਲੇਖਕ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਲੇਖਕ ਦੀ ਸਿੱਧੀ-ਸਾਦੀ, ਰਵਾਨਗੀ ਭਰੀ ਬੋਲੀ, ਪਰ ਵਿਚਾਰਾਂ ਨਾਲ ਭਰੀ ਹੋਈ ਦੀ ਉਦਾਹਰਨ ਵੇਖੋ, ‘ਕੁੱਤਾ ਵਫ਼ਾਦਾਰੀ, ਨਿਰਛਲ ਪਿਆਰ, ਮਾਲਕ ਉਪਰ ਜਾਨ ਛਿੜਕਣ ਵਾਲਾ ਜਾਨਵਰ ਹੈ’।




ਪ੍ਰੋ: ਜਸਵੰਤ ਸਿੰਘ ਗੰਡਮ ਦੀ ਲੇਖਣੀ ਜਿੱਤ-ਹਾਰ, ਖੁਸ਼ੀ-ਉਦਾਸੀ ਦੇ ਵਰਤਾਰੇ ਨਾਲ ਗੜੁੰਦ ਹੈ। ਸੰਵਾਦ ਰਚਾਉਂਦੀ ਹੈ। ਜ਼ਿੰਦਗੀ ਜੀਊਣ ਦਾ ਹੁਲਾਰਾ ਦਿੰਦੀ ਹੈ। ਉਸ ਦੀ ਲੇਖਣੀ ਸਮਾਜ, ਇਤਿਹਾਸ ਅਤੇ ਦਰਸ਼ਨ ਦੇ ਦੀਦਾਰੇ ਕਰਵਾਉਂਦੀ ਹੈ। ਇੱਕ ਇਹੋ ਜਿਹਾ ਵਰਤਾਰਾ ਸਿਰਜਦੀ ਹੈ ਜਿਹੜਾ ਇਹ ਦਰਸਾਉਂਦਾ ਹੈ ਕਿ ਮਨੁੱਖ ਪੈਦਾ ਹੋਣ ਅਤੇ ਸਮਸ਼ਾਨਘਾਟ ਵਿੱਚ ਜਲ ਬਲ ਜਾਣ ਲਈ ਹੀ ਨਹੀਂ ਜਿਉਂਦਾ ਸਗੋਂ ਉਸ ਦੇ ਜੀਊਣ ਦੇ ਅਰਥ ਵਿਸ਼ਾਲ ਹਨ। ਮਨੁੱਖ ਇੱਕ ਸਿਰਜਨਾਤਮਕ ਮੈਟਾਫਰ ਹੈ, ਕੋਈ ਕੰਧਰੀਂ ਲੁਕਿਆ ਮਨ-ਬਚਨੀ ਸਾਧ ਨਹੀਂ। ਇਹ ਕੋਈ ਪੱਥਰਾਂ ਦੀ ਓਟ ’ਚ ਉੱਗਿਆ ਬਿਨਫਸ਼ਾ ਦਾ ਫੁੱਲ ਵੀ ਨਹੀਂ।

ਪ੍ਰੋ: ਜਸਵੰਤ ਸਿੰਘ ਗੰਡਮ ਸੱਚ ਲਿਖਦਾ ਹੈ। ਭੈੜੀ ਰਾਜਨੀਤੀ ਅਤੇ ਵਿਸ਼ਵੀਕਰਨ ਦੇ ਬਾਜ਼ਾਰੂ ਸੰਕਲਪਾਂ ਦੇ ਉਹ ਪਰਖੱਚੇ ਉਡਾਉਂਦਾ ਹੈ। ਬੇਢੰਗੇ, ਕੁਢੱਬ, ਕਰੂਪ, ਕਰੂਰ, ਕਮੀਨਗੀ ਭਰੇ ਮਨੁੱਖੀ ਵਰਤਾਰੇ ਨੂੰ ਉਹ ਆਪਣੀ ਕਲਮ ’ਚ ਵਿਅੰਗਾਤਮਕ ਢੰਗ ਨਾਲ ਇਵੇਂ ਪੇਸ਼ ਕਰਦਾ ਹੈ, ਜਿਵੇਂ ਉਹ ਇਸ ਤਾਣੇ-ਬਾਣੇ ਨੂੰ ਆਪਣੀ ਕਲਮ ਦੇ ਦੰਦਾਂ ਨਾਲ ਖਰੋਚਣਾ ਚਾਹੁੰਦਾ ਹੋਵੇ।

‘ਅੱਖ’ ਤਾਂ ਹਰ ਲੇਖਕ ਕੋਲ ਹੁੰਦੀ ਹੈ। ਪਰ ਲੇਖਕ ਦੀ ਜਿਹੜੀ ਅੱਖ ਰੂੜੀਵਾਦੀ ਸੋਚ ਨੂੰ ਸੱਟ ਮਾਰਦੀ ਹੈ, ਲੋਕ -ਸੂਝ ਨੂੰ ਪ੍ਰਚੰਡ ਕਰਦੀ ਹੈ, ਉਹ ਹੀ ਅਸਲ ਮਾਅਨਿਆਂ ’ਚ ਪ੍ਰਸੰਗਕ ਸੱਚ ਨੂੰ ਬਿਆਨ ਕਰਦੀ ਹੈ ਅਤੇ ਇਸ ਪ੍ਰਸੰਗਕਤਾ ਦੀ ਸਥਿਤੀ ’ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕਦੀ ਹੈ। ਪ੍ਰੋ: ਜਸਵੰਤ ਸਿੰਘ ਗੰਡਮ ਦੀ ਕਲਮ ਇਸੇ ਰਾਹ ਤੁਰਦੀ ਹੈ।

ਪ੍ਰੋ: ਜਸਵੰਤ ਸਿੰਘ ਗੰਡਮ ਜਾਣਦਾ ਹੈ ਕਿ ਚਾਨਣ-ਹਨ੍ਹੇਰਾ, ਨਰਮ-ਕਠੋਰ, ਹਾਸਾ-ਹੰਝੂ, ਪੈਲ-ਤੜਫ, ਘੁਗੀ-ਮੋਰ, ਸੰਝ-ਭੋਰ ਦੇ ਵਿਰੋਧ ਜੁੱਟ ਇਸ ਦੁਨੀਆਂ ਦਾ ਸੱਚ ਹਨ। ਇਸੇ ਲਈ ਉਹ ਕਦੇ ਗੰਭੀਰ ਹੁੰਦਾ ਹੈ ਵਿਚਾਰਕ ਲੇਖ ਲਿਖਕੇ ਅਤੇ ਕਦੇ ਉਹ ਹੱਸਦਾ ਹੈ( ਆਪਣੇ-ਆਪ ਉਤੇ ਵੀ) ਵਿਅੰਗ ਲਿਖਕੇ ਅਤੇ ਲੋਕਾਂ ਦੇ ਸੁਭਾਅ ਦੀ ਥਾਹ ਪਾਉਂਦਾ ਹੈ। ਅਸਲ ’ਚ ਉਸਦਾ ਲਿਖਿਆ ਇਹ ਸਾਹਿਤ ਰੂਪ, ਸਮਾਜਕ ਸਰੋਕਾਰ ਨੂੰ ਮਾਨਤਾ ਦੇਣ ਸਮਾਨ ਹੈ।

ਲੇਖਕ ਪ੍ਰੋ: ਜਸਵੰਤ ਸਿੰਘ ਗੰਡਮ ਕੁਦਰਤ ਪ੍ਰੇਮੀ ਹੈ। ਚੰਨ, ਤਾਰੇ, ਸੂਰਜ, ਪੌਣ, ਦਿਨ, ਰਾਤ, ਗਰਮੀ, ਸਰਦੀ, ਧਰਤ,ਅਕਾਸ਼ ਅਤੇ ਧਰਤ ਅਕਾਸ਼ ’ਚ ਵਸਦੇ ਪਸ਼ੂ, ਪੰਛੀ, ਜਾਨਵਰ, ਮਨੁੱਖ, ਉਸਦੀ ਕਲਮ ਦਾ ਵਿਸ਼ਾ ਬਣੇ ਹਨ। ਉਸਦੀ ਧਾਰਨਾ ਹੈ ਕਿ ਜੀਵਨ ਅਤੇ ਰਚਨਾ ਇੱਕ ਦੂਜੇ ਤੋਂ ਨਖੇੜੇ ਨਹੀਂ ਜਾ ਸਕਦੇ। ਸਾਹਿਤ ਦਾ ਸੋਮਾ ਅਸਲ ’ਚ ਹੈ ਹੀ ਜੀਵਨ ਧਾਰਾ ਦਾ ਵੇਗ।

ਪ੍ਰੋ: ਜਸਵੰਤ ਸਿੰਘ ਗੰਡਮ ਦੀ ਪੁਸਤਕ ‘ਉੱਗਦੇ ਸੂਰਜ ਦੀ ਅੱਖ’ ਪੰਜਾਬੀ ਵਾਰਤਕ ’ਚ ਨਵੇਂ ਦਿਸਹੱਦੇ ਸਿਰਜਣ ਅਤੇ ਨਵੀਆਂ ਪੈੜਾਂ ਪਾਉਣ ਯੋਗ ਪੁਸਤਕ ਹੈ।

ਪੁਸਤਕ ‘ਉੱਗਦੇ ਸੂਰਜ ਦੀ ਅੱਖ’ ਨੂੰ ਪੰਜਾਬੀ ਸਾਹਿਤ ਜਗਤ ’ਚ ਨਿੱਘੀ ’ਜੀ ਆਇਆਂ’।

-ਗੁਰਮੀਤ ਸਿੰਘ ਪਲਾਹੀ
9815802070



ਨਰਾਇਣ ਦੱਤ
84275-11770

# ਨਾਮਦੇਵ ਭੁਟਾਲ: ਲਹਿਰਾਗਾਗਾ ਦੀ ਨਿਉਂ ਜੜ੍ਹ

ਕੁੱਝ ਵਿਅਕਤੀ ਅਜਿਹੇ ਹੁੰਦੇ ਹਨ ਜੋ ਲਕੀਰ ਨਾਲੋਂ ਹਟਵੀਂ ਜ਼ਿੰਦਗੀ ਜਿਉਂਦੇ ਹਨ। ਜਾਂ ਇਹ ਕਹਿ ਲਿਆ ਜਾਵੇ ਕਿ 'ਮੈਂ ਰਾਹਾਂ ਤੇ ਨਹੀਂ ਤੁਰਦਾ-ਜਦੋਂ ਤੁਰਦਾ ਤਾਂ ਰਾਹ ਬਣਦੇ'। ਸ਼ਾਇਦ ਇਹ ਗੱਲ ਨਾਮਦੇਵ ਭੁਟਾਲ ਵੱਲੋਂ ਜੀਵੀ ਜਿੰਦਗੀ ਉੱਪਰ ਬਿਲਕੁਲ ਢੁੱਕਦੀ ਹੈ। ਨਾਮਦੇਵ ਭੁਟਾਲ ਦਾ ਜਨਮ 13 ਜਨਵਰੀ, 1953 ਨੂੰ ਪੰਜਾਬ ਦੇ ਵਿੱਦਿਅਕ ਤੇ ਆਰਥਕ ਪੱਖੋਂ ਅਤਿ ਪਛੜੇ ਲਹਿਰਾਗਾਗਾ ਇਲਾਕੇ ਦੇ ਪਿੰਡ ਭੁਟਾਲ ਕਲਾਂ ਵਿਖੇ ਇੱਕ ਸਾਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ। ਪਿਤਾ ਸਾਧੂ ਸਿੰਘ ਦੇ ਘਰ ਮਾਤਾ ਧਨ ਕੌਰ ਦੀ ਕੁੱਖੋਂ ਪੈਦਾ ਹੋਏ ਚਾਰ ਪੁੱਤਾਂ ਤੇ ਦੋ ਧੀਆਂ ਵਿੱਚੋਂ ਨਾਮਦੇਵ ਸਾਰਿਆਂ ਤੋਂ ਛੋਟਾ ਸੀ। ਉਹ ਅਜੇ ਤਿੰਨ ਕੁ ਸਾਲ ਦਾ ਸੀ ਜਦੋਂ ਮਾਤਾ ਦਾ ਸਇਆ ਸਿਰ ਤੋਂ ਉਠ ਗਿਆ ਤੇ ਰੁਲਦੇ-ਖੁਲਦੇ ਨਾਮਦੇਵ ਨੂੰ ਭੈਣਾਂ ਨੇ ਪੈਰਾਂ ਸਿਰ ਕੀਤਾ। ਇਨ੍ਹਾਂ ਹਾਲਤਾਂ ਵਿੱਚ ਵੀ ਉਹਨੇ ਪਿੰਡ ਦੇ ਸਰਕਾਰੀ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ ਤੇ ਫਿਰ 1974 ਵਿੱਚ ਰਣਬੀਰ ਕਾਲਜ ਸੰਗਰੂਰ ਤੋਂ ਬੀ ਏ ਪਾਸ ਕਰਕੇ 1975-77 ਵਿੱਚ ਦੇਹਰਾਦੂਨ ਤੋਂ ਐਮ ਏ ਅਰਥ-ਸ਼ਾਸਤਰ ਕੀਤੀ। ਜਿੱਥੇ ਪੜ੍ਹਾਈ ਵਿੱਚ ਨਾਮਦੇਵ ਦੇ ਬੁਲੰਦੀਆਂ ਛੋਹੀਆਂ, ਉੱਥੇ ਸਕੂਲ ਤੇ ਕਾਲਜ਼ ਦੀਆਂ ਕਬੱਡੀ ਟੀਮਾਂ ਦਾ ਉਹ ਵਧੀਆ ਖਿਡਾਰੀ ਰਿਹਾ।

1971-72 ਦੇ ਰੀਗਲ ਸਿਨੇਮਾ ਕਾਂਡ ਦੇ ਖਿਲਾਫ਼ ਉੱਠੇ ਤੁਫਾਨੀ ਮੋਗਾ ਘੋਲ ਦਿਨਾਂ ਦੇ ਸਮਿਆਂ 'ਚ ਉਹਦਾ ਵਾਹ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਪਿਆ ਤੇ ਉਹਨੇ ਸੰਘਰਸ਼ਾਂ ਵਿੱਚ ਪੈਰ ਪਾਇਆ। ਉਹਨੇ ਦੋ ਧੜਿਆਂ ਵਿੱਚ ਵੰਡੀ ਦੁਨੀਆਂ ਦੀ ਕੌੜੀ ਹਕੀਕਤ ਨੂੰ ਆਰਥਕ-ਸਿਆਸੀ ਹਾਲਤਾਂ ਨੂੰ ਦੇਸ਼ ਦੇ ਰਾਜਸੀ ਨਿਜ਼ਾਮ ਦੀ ਬੇਹੱਦ ਪੇਤਲੀ ਜਮਹੂਰੀਅਤ ਨੂੰ ਅਤੇ ਦੇਸ਼-ਦੁਨੀਆ 'ਚ ਹੋ-ਵਾਪਰ ਰਹੇ ਚੰਗੇ-ਮਾੜੇ ਵਰਤਾਰਿਆਂ ਨੂੰ ਪੀਐਸਯੂ ਦੀ ਸਿਆਸੀ ਚੇਤਨਾ ਵਾਲੀ ਅੱਖ ਨਾਲ ਦੇਖਣਾ ਸ਼ੁਰੂ ਕੀਤਾ। ਅਤੇ ਜਲਦੀ ਹੀ ਇੱਕ ਇਨਕਲਾਬੀ ਸਮਾਜਿਕ ਤਬਦੀਲੀ ਦਾ ਵਾਹਕ ਬਣਨ ਦਾ ਫੈਸਲਾ ਕਰ ਲਿਆ। 1975 ਵਿੱਚ ਐਮਰਜੈਂਸੀ ਲੱਗੀ ਤਾਂ ਨੌਜਵਾਨ-ਵਿਦਿਆਰਥੀ ਆਗੂ ਜੇਲ੍ਹਾਂ ਵਿੱਚ ਸੁੱਟੇ ਜਾਣ ਅਤੇ ਹਕੂਮਤੀ ਜਬਰ ਬੇਹੱਦ ਤਿੱਖਾ ਹੋਣ ਕਰਕੇ ਜਨਤਕ ਸਰਗਰਮੀਆਂ 'ਤੇ ਪਾਬੰਦੀਆਂ ਮੜ੍ਹ ਦਿੱਤੀਆਂ ਗਈਆਂ। ਹੇਠਲੇ ਪੱਧਰ ਦੇ ਕਾਰਕੁੰਨਾਂ ਦਾ ਜਥੇਬੰਦੀਆਂ ਨਾਲ ਉਸ ਪੱਧਰ ਤੇ ਸਰਗਰਮ ਤਾਲਮੇਲ ਨਾਂ ਰਿਹਾ। ਐਮਰਜੈਂਸੀ ਤੋਂ ਬਾਅਦ ਜਦੋਂ ਜਨਤਕ ਸਰਗਰਮੀਆਂ ਸ਼ੁਰੂ ਹੋਈਆਂ ਤਾਂ ਇਨਕਲਾਬੀ ਜਮਹੂਰੀ ਲਹਿਰ ਦੀ ਜਾਣੀ ਪਛਾਣੀ ਸ਼ਖਸੀਅਤ ਹਰੀ ਸਿੰਘ ਤਰਕ ਨੇ ਭੁਟਾਲ ਕਲਾਂ ਦੇ 40-50 ਨੌਜਵਾਨਾਂ ਦੀ ਮੀਟਿੰਗ ਕਰਵਾ ਕੇ ਨੌਜਵਾਨਾਂ ਨੂੰ ਜਥੇਬੰਦ ਕਰਨ ਅਤੇ ਸਿਆਸੀ ਚੇਤਨਾ ਦੇਣ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੀ ਸਰਗਰਮੀਆਂ ਵਿੱਚੋਂ ਨਾਮਦੇਵ ਭੁਟਾਲ, ਜਗਜੀਤ ਭੁਟਾਲ, ਜਨਕ ਭੁਟਾਲ ਦੇ ਨਾਂ ਇਲਾਕੇ ਵਿੱਚ ਆਗੂਆਂ ਵੱਜੋਂ ਜਾਣੇ ਜਾਣ ਲੱਗੇ। ਉਹ ਪਿੰਡ ਵਿੱਚ ਰਾਤਾਂ ਨੂੰ ਅਨਪੜ੍ਹ ਨੌਜਵਾਨਾਂ ਨੂੰ ਜਥੇਬੰਦ ਹੋਣ ਲਈ ਸਿੱਖਿਅਤ ਕਰਨ ਲੱਗੇ ਤੇ ਨੌਜਵਾਨ ਸਭਾ ਦਾ ਘੇਰਾ ਵਿਸ਼ਾਲ ਹੁੰਦਾ ਗਿਆ। ਦੋ ਕੁ ਸਾਲ ਦੀਆਂ ਸਿਆਸੀ ਜਥੇਬੰਦਕ ਸਰਗਰਮੀਆਂ ਨੇ ਨਾਮਦੇਵ ਨੂੰ ਇਲਾਕੇ ਦੇ ਨੌਜਵਾਨਾਂ ਦਾ ਉੱਘਾ ਆਗੂ ਬਣਾ ਦਿੱਤਾ ਅਤੇ ਅਪ੍ਰੈਲ 1980 ਵਿੱਚ ਭਦੌੜ ਵਿਖੇ ਹੋਈ ਸਭਾ ਦੀ ਸੂਬਾਈ ਕਨਵੈਂਨਸ਼ਨ ਨੇ ਉਹਨੂੰ ਨੌਜਵਾਨ ਭਾਰਤ ਸਭਾ ਦੀ ਲਹਿਰਾ-ਸੁਨਾਮ ਇਲਾਕਾ ਕਮੇਟੀ ਦੀ ਜਿੰਮੇਵਾਰੀ ਸੌਂਪ ਦਿੱਤੀ। ਸੱਭਿਆਚਾਰਕ ਸਭਾ, ਲਹਿਰਾਗਾਗਾ (ਜਿਸ ਦੀ ਅਗਵਾਈ ਹਰੀ ਸਿੰਘ ਤਰਕ, ਘਣਸ਼ਾਮ ਜੋਸ਼ੀ ਤੇ ਗਿਆਨ ਚੰਦ ਸ਼ਰਮਾ ਕਰਦੇ ਸਨ) ਦੀ ਰਹਿਨੁਮਾਈ ਹੇਠ ਇਲਾਕੇ ਦੇ ਨੌਜਵਾਨਾਂ ਦੀ ਆਪਣੀ 'ਪੇਂਡੂ ਨਾਟਕ ਮੰਡਲੀ' ਬਣਾਈ ਗਈ ਜਿਸਨੇ ਇਲਾਕੇ ਵਿੱਚ ਸੱਭਿਆਚਾਰਕ ਸਰਗਰਮੀਆਂ ਜ਼ਰੀਏ ਨੌਜਵਾਨ ਭਾਰਤ ਸਭਾ ਨੂੰ ਬੇਹੱਦ ਮਜਬੂਤੀ ਪ੍ਰਦਾਨ ਕੀਤੀ।

ਨਾਮਦੇਵ ਭੁਟਾਲ ਹੋਰਾਂ ਦੀ ਸੁਚੇਤ ਮਿਹਨਤ ਦਾ ਹੀ ਸਿੱਟਾ ਸੀ ਕਿ ਜਦੋਂ ਨਵੰਬਰ 1980 ਵਿੱਚ ਤਤਕਾਲੀ ਪੰਜਾਬ ਸਰਕਾਰ ਨੇ ਬੱਸਾਂ ਦੇ ਕਿਰਾਏ ਵਿੱਚ 43% ਵਾਧਾ ਲਾਗੂ ਕੀਤਾ ਤਾਂ ਇਸ ਇਲਾਕੇ ਵਿੱਚ ਤੁਫਾਨੀ ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿੱਚੋਂ ਛਾਜਲੀ ਵਿਖੇ ਵਾਪਰੇ ਗੋਲੀਕਾਂਡ ਸਮੇਂ ਭੁਟਾਲ ਕਲਾਂ ਦੀ ਪੁਲਸ ਚੌਕੀ ਵਿੱਚੋਂ ਗ੍ਰਿਫਤਾਰ ਕੀਤੇ ਨਾਮਦੇਵ ਭੁਟਾਲ ਨੂੰ ਤੁਰੰਤ ਹੀ ਲੋਕਾਂ ਵੱਲੋਂ ਛੁਡਾ ਲੈਣਾ ਵਿਸ਼ੇਸ ਮਹੱਤਤਾ ਰੱਖਦੀਆਂ ਸਨ। ਨਾਮਦੇਵ ਹੋਰਾਂ ਤੇ ਸਭਾ ਦੇ ਦਮ-ਖਮ ਦੀ ਇੱਕ ਵਾਰ ਫਿਰ ਪਰਖ ਹੋਈ ਜਦੋਂ 1983 ਵਿੱਚ ਮਾਰਕਿਟ ਕਮੇਟੀ, ਲਹਿਰਾਗਾਗਾ ਦੇ ਚੇਅਰਮੈਨ ਵੱਲੋਂ ਮੁਲਾਜ਼ਮ ਆਗੂ ਗਿਆਨ ਚੰਦ ਦੀ ਮੁਅੱਤਲ ਕਰਨ ਖਿਲਾਫ਼ ਚੇਅਰਮੈਨ ਝੰਡਾ ਨਾਮਦੇਵ ਹੋਰਾਂ ਦੀ ਦ੍ਰਿੜਤਾ ਤੇ ਦਲੇਰੀ ਦੇ ਸਦਕਾ ਪਿੰਡ ਭੁਟਾਲ ਕਲਾਂ ਵਿੱਚ, ਸਿਆਸੀ ਚੌਧਰੀਆਂ ਵੱਲੋਂ ਗੋਲੀ ਮਾਰ ਦੇਣ ਦੀਆਂ ਧਮਕੀਆਂ ਦੇ ਬਾਵਜੂਦ, ਝੰਡਾ ਮਾਰਚ ਕੀਤਾ ਗਿਆ।

ਇਸੇ ਦੌਰਾਨ ਪੰਜਾਬ ਵਿੱਚ ਫਿਰਕੂ ਤੇ ਹਕੂਮਤੀ ਦਹਿਸ਼ਤਗਰਦੀ ਦਾ ਉਭਾਰ ਹੋਣ 'ਤੇ ਨਾਮਦੇਵ ਭੁਟਾਲ ਹੋਰਾਂ ਦੀ ਅਗਵਾਈ ਵਿੱਚ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਦੋਵੇਂ ਕਿਸਮ ਦੀ ਦਹਿਸ਼ਤਗਰਦੀ ਦਾ ਵਿਰੋਧ ਕਰਨ ਦਾ ਹੋਕਾ ਦਿੱਤਾ ਗਿਆ। ਪੰਜਾਬ ਵਿੱਚ ਦਹਾਕਾ ਭਰ ਚੱਲੇ ਫ਼ਿਰਕੂ ਅਤੇ ਹਕੂਮਤੀ ਦਸ਼ਿਤਗਰਦੀ ਦੇ ਦੌਰ ਦੌਰਾਨ ਨੌਜਵਾਨ-ਵਿਦਿਆਰਥੀ ਜਥੇਬੰਦੀਆਂ ਨੂੰ ਭਾਰੀ ਢਾਹ ਲੱਗਣ ਦੇ ਬਾਵਜੂਦ ਨਾਮਦੇਵ ਭੁਟਾਲ ਵਰਗੇ ਸਜ਼ਿੰਦ ਨੌਜਵਾਨ ਵੱਖ-ਵੱਖ ਫਰੰਟਾਂ ਤੋਂ ਜੂਝਦੇ ਰਹੇ। ਉਹ ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਸੰਸਥਾਪਕਾਂ ਵਿੱਚੋਂ ਇੱਕ ਸੀ।

ਨਾਮਦੇਵ ਭੁਟਾਲ ਨੇ ਰਿਹਾਇਸ਼ ਲਹਿਰੇ



ਕਰਨ ਲੈਣ ਉਪਰੰਤ ਪਿਛਲੇ ਦਹਾਕੇ ਡੇਢ ਦਹਾਕੇ ਤੋਂ ਲੋਕ ਚੇਤਨਾ ਮੰਚ ਅਤੇ ਸਭਾ ਦੇ ਮੋਹਰੀ ਆਗੂ ਦੀ ਭੂਮਿਕਾ ਨਿਭਾਈ। ਸਭਾ ਤੇ ਮੰਚ ਦੇ ਆਗੂ ਦੇ ਤੌਰ 'ਤੇ ਉਹਨੇ ਹਰ ਜਮਹੂਰੀ ਮਸਲੇ ਅਤੇ ਲੋਕ ਹੱਕਾਂ ਦੇ ਮਾਮਲਿਆਂ 'ਤੇ ਆਵਾਜ਼ ਬੁਲੰਦ ਕੀਤੀ। ਗਦਰ ਲਹਿਰ ਦੇ ਸ਼ੂਹੇ ਪੰਨੇ ਗਦਰੀ ਬਾਬਿਆਂ ਦੇ ਮੇਲੇ ਦੇਸ਼ ਭਗਤ ਯਾਦਗਾਰ ਜਲੰਧਰ ਅਤੇ ਭਾਅ ਜੀ ਗੁਰਸ਼ਰਨ ਸਿੰਘ ਦੇ ਹੱਥੀਂ ਲਾਏ ਬੂਟੇ ਪੰਜਾਬ ਲੋਕ ਸੱਭਿਆਚਾਰਕ ਮੰਚ ਵੱਲੋਂ 1 ਮਈ ਪੰਜਾਬੀ ਭਵਨ ਲੁਧਿਆਣਾ ਵਿਖੇ ਪੂਰੀ ਰਾਤ ਭਰ ਦੇ ਗੀਤ ਸੰਗੀਤ ਅਤੇ ਨਾਟਕ ਮੇਲੇ ਦੌਰਾਨ ਅਨੇਕਾਂ ਸਾਥੀਆਂ ਨੂੰ ਨਾਲ ਲੈਕੇ ਜਾਣ ਦਾ ਅਮੁੱਕ ਸਫਰ ਨਾਮਦੇਵ ਭੁਟਾਲ ਦੀ ਸੁਚੱਜੀ ਅਗਵਾਈ ਦੇ ਹੀ ਹਿੱਸੇ ਆਇਆ ਹੈ। 29 ਜੁਲਾਈ 1997 ਨੂੰ ਮਹਿਲਕਲਾਂ ਦੀ ਧਰਤੀ ਉੱਤੇ ਕਿਰਨਜੀਤ ਕੌਰ ਸਮੂਹਿਕ ਜਬਰ ਜਿਨਾਹ ਦੀ ਘਟਨਾ ਮੌਕੇ ਨਾਂ ਸਿਰਫ ਹਰੀ ਸਿੰਘ ਤਰਕ ਹੋਰਾਂ ਦੀ ਅਗਵਾਈ ਵਿੱਚ ਤੱਥ ਖੋਜ ਰਿਪੋਰਟ ਜਾਰੀ ਕੀਤੀ ਸਗੋਂ ਜੀਅ ਜਾਨ ਨਾਲ ਇਸ ਲੋਕ ਘੋਲ ਵਿੱਚ ਹਿੱਸਾ ਪਾਇਆ। ਇਸੇ ਲੋਕ ਘੋਲ ਵਿੱਚ ਜਦ ਤਿੰਨ ਲੋਕ ਆਗੂਆਂ ਨਰਾਇਣ ਦੱਤ, ਮਨਜੀਤ ਧਨੇਰ ਅਤੇ ਪ੍ਰੇਮ ਕੁਮਾਰ ਨੂੰ ਹਕੂਮਤੀ ਸਜਿਸ਼ ਨਾਲ ਝੂਠੇ ਕੇਸ ਵਿੱਚ ਬਰਨਾਲਾ ਦੀ ਸ਼ੈਸ਼ਨ ਕੋਰਟ ਨੇ ਉਮਰ ਕੈਦ ਸਜ਼ਾ ਸੁਨਾਉਣ ਉਪਰੰਤ ਚੱਲੇ ਸੰਘਰਸ਼ ਵਿੱਚ ਹਰੀ ਸਿੰਘ ਤਰਕ ਅਤੇ ਨਾਮਦੇਵ ਭੁਟਾਲ ਹੁਰਾਂ ਦੀ ਅਗਵਾਈ ਵਿੱਚ ਕਾਫਲੇ ਬਾਦਸਤੂਰ ਸ਼ਾਮਿਲ ਹੁੰਦੇ ਰਹੇ। 2004 ਵਿੱਚ ਸੰਸਾਰ ਭਰ ਦੀਆਂ ਇਨਕਲਾਬੀ ਜਮਹੂਰੀ ਜਮਹੂਰੀ ਸ਼ਕਤੀਆਂ ਸਾਮਰਾਜੀ ਗਿਰਝਾਂ ਖ਼ਿਲਾਫ਼ (ਮੁੰਬਈ ਰਜਿਸਟੈਂਸ) ਦੇ ਨਾਂ ਹੇਠ ਮੁੰਬਈ ਵਿੱਚ ਇਕੱਤਰ ਹੋਈਆਂ ਤਾਂ ਨਾਮਦੇਵ ਭੁਟਾਲ ਹੋਰਾਂ ਦੀ ਗਵਾਈ ਹੇਠ ਲੋਕ ਚੇਤਨਾ ਮੰਚ ਲਹਿਰਾਗਾਗਾ ਦਾ ਕਾਫਲਾ ਸ਼ਾਮਿਲ ਹੋਇਆ।

ਦੋ ਕਦਮ ਹੋਰ ਅਗਾਂਹ ਜਾਂਦਿਆਂ ਪੀਰੂ ਦੇ ਇਨਕਲਾਬੀ ਆਗੂ ਕਾ ਗੰਜਾਲੋ ਦੀ ਰਿਹਾਈ ਸਬੰਧੀ ਮੁਹਿੰਮ ਅਤੇ ਨੇਪਾਲ ਦੇ ਲੋਕ ਯੁੱਧ ਦੀ ਬਾਤ ਲਹਿਰਾਗਾਗਾ ਦੀ ਧਰਤੀ ਉੱਪਰ ਲਿਆਉਣ ਵਾਲਾ ਲੋਕ ਚੇਤਨਾ ਮੰਚ ਲਹਿਰਾਗਗਾਗਾ ਸੀ, ਉਸ ਤੋਂ ਵੀ ਅੱਗੇ ਨਾਮਦੇਵ ਭੁਟਾਲ ਸੀ। ਲਹਿਰਾਗਾਗਾ ਦੀ ਬਿਲਕੁਲ ਬਗਲ ਵਿੱਚ ਝਲੂਰ ਪਿੰਡ ਦੇ ਦਲਿਤ ਮਜ਼ਦੂਰਾਂ ਵੱਲੋਂ ਪੰਚਾਇਤੀ ਜ਼ਮੀਨ ਵਿੱਚ ਤੀਜਾ ਹਿੱਸਾ ਹਾਸਲ ਕਰਨ ਲਈ ਚੱਲ ਰਹੇ ਸੰਘਰਸ਼ ਦੌਰਾਨ ਜਦੋਂ ਪੁਲਿਸ ਨੇ ਇਸ ਦੀ ਅਗਵਾਈ ਕਰਨ ਵਾਲੇ ਮਜ਼ਦੂਰ ਆਗੂਆਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਤਾਂ ਪੁਲਿਸ ਦੀ ਧੱਕੇਸ਼ਾਹੀ ਖਿਲ਼ਾਫ ਇਹ ਅਵਾਜ਼ ਗਲੀਆਂ ਮੁਹੱਲਿਆਂ ਵਿੱਚ ਬੇਖੌਫ ਗੂੰਜੀ। ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਪਤਾ ਨਹੀਂ ਕਿੰਨੀ ਵਾਰ ਉਹ ਕਾਫਲੇ ਲੈਕੇ ਸਿੰਘੂ ਤੇ ਟਿਕਰੀ ਬਾਰਡਰਾਂ 'ਤੇ ਗਿਆ। ਲਹਿਰੇ ਨਹਿਰ ਦੇ ਪੁਲ 'ਤੇ ਲਗਾਤਾਰ 29 ਹਫ਼ਤੇ, ਹਫ਼ਤਾਵਾਰੀ ਪ੍ਰਦਰਸ਼ਨਾਂ ਦੀ ਅਗਵਾਈ ਕੀਤੀ। ਸਭਾ ਦੀਆਂ ਤੱਥ ਖੋਜ ਟੀਮਾਂ ਨਾਲ ਲਖੀਮਪੁਰ ਖੀਰੀ ਕਾਂਡ, ਹਰਿਆਣੇ ਦੇ ਨੂਹ ਜਿਲ੍ਹੇ ਵਿੱਚ ਫਿਰਕੂ-ਫ਼ਾਸ਼ੀ ਤਾਕਤਾਂ ਤੇ ਖੱਟਰ ਸਰਕਾਰ ਵੱਲੋਂ ਹਮਲਿਆਂ ਦੀ ਜਾਂਚ ਸਮੇਤ ਹਰ ਜਮਹੂਰੀ ਮਸਲੇ ਵਿੱਚ ਮੋਹਰੀ ਰੋਲ ਨਿਭਾਇਆ।

ਨੌਜਵਾਨ ਆਗੂ ਹੁੰਦਿਆਂ ਉਹ ਸਹਿਕਾਰੀ ਖੇਤੀਬਾੜੀ ਸਭਾ ਪਿੰਡ ਡੂਡੀਆਂ ਵਿੱਚ ਮੁਲਾਜ਼ਮ ਭਰਤੀ ਹੋ ਗਿਆ। ਉੱਥੇ ਉਹਨੇ 34 ਸਾਲ ਬੇਦਾਗ ਨੌਕਰੀ ਕੀਤੀ। ਲੋਕ ਸੰਘਰਸ਼ਾਂ ਦੇ ਪਿੜ੍ਹ ਵਿੱਚ ਕੁੱਦਣ ਮੌਕੇ ਸਹਿਕਾਰੀ ਸਭਾ ਦੀ ਨੌਕਰੀ ਚੇਤੰਨ ਵਿਗਿਆਨਕ ਵਿਚਾਰਾਂ ਦੀ ਪੂੰਜੀ ਦਾ ਮਾਲਕ ਹੋਣ ਕਰਕੇ ਨਾਮਦੇਵ ਭੁਟਾਲ ਦੇ ਲੋਕ ਪੱਖੀ ਮਾਰਗ ਦੇ ਰਸਤੇ ਵਿੱਚ ਰੋੜਾ ਨਹੀਂ ਬਣ ਸਕੀ। 1985 ਵਿੱਚ ਉਹਨੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਪੂਹਲੇ ਦੀ ਵਿਦਿਆਰਥੀ ਕਾਰਕੁੰਨ ਜਸਵੰਤ ਕੌਰ ਨਾਲ ਸਭ ਪਿਛਾਂਹਖਿਚੂ ਰਸਮਾਂ ਤੋੜ ਵਿਆਹ ਕਰਵਾਇਆ। ਉਨ੍ਹਾਂ ਦੇ ਦੋਵੇਂ ਪੁੱਤਰ ਚੰਗਾ ਪੜ੍ਹ-ਲਿਖ ਕੇ ਬਦੇਸ਼ ਰਹਿ ਰਹੇ ਹਨ। ਪੰਜਾਬ ਦਾ ਕਾਲ਼ਾ ਦੌਰ ਭੈਣ ਜਸਵੰਤ ਕੌਰ ਦੇ ਤਿੰਨੇ ਭਰਾਵਾਂ ਨੂੰ ਨਿਗਲ ਗਿਆ। ਜਿੰਨਾ ਨਾਮਦੇਵ ਨੇ ਉਸ ਪਰਿਵਾਰ ਤੇ ਭਾਵਨਾਤਮਿਕ ਤੌਰ 'ਤੇ ਟੁੱਟ ਚੁੱਕੀ ਜਸਵੰਤ ਕੌਰ ਨੂੰ ਸੰਭਾਲਣ ਵਿੱਚ ਰੋਲ ਨਿਭਾਇਆ ਉਨਾਂ ਸ਼ਾਇਦ ਹੀ ਕੋਈ ਨਿਭਾ ਸਕੇ। ਉਨ੍ਹਾਂ ਦੀ ਬੇਟੀ ਹਰਦੀਪ ਪਟਿਆਲੇ ਰਹਿ ਰਹੀ ਹੈ। ਇਸ ਦੌਰਾਨ ਉਹਦੇ ਲਈ ਆਪਣਾ ਨਿੱਜ, ਪਰਿਵਾਰ ਤੇ ਨੌਕਰੀ ਦੋਮ ਦਰਜੇ 'ਤੇ ਰਹੀ। ਕਿਸੇ ਵੀ ਮਸਲੇ 'ਤੇ ਬੋਲਣ ਲੱਗਿਆਂ, ਜੂਝਣ ਲੱਗਿਆਂ ਉਹਨੇ ਕਿਸੇ ਵੀ ਕਿਸਮ ਦੀ ਕੁਰਬਾਨੀ ਤੋਂ ਮੂੰਹ ਨਹੀਂ ਭਵਾਇਆ। ਨਾਮਦੇਵ ਭੁਟਾਲ ਨਾਲ ਜੀਹਦਾ ਵੀ ਵਾਹ ਰਿਹਾ ਹੈ ਉਹੀ ਉਹਦੀ ਸ਼ਖਸੀਅਤ ਦੇ ਅਮੀਰ ਗੁਣਾਂ ਨਾਲ ਕੀਲਿਆ ਗਿਆ। ਉਹ ਹਰ ਵਾਰਤਾਲਾਪ ਸਮੇਂ ਭਗਤ ਸਿੰਘ ਦੇ ਵਿਚਾਰਾਂ ਨੂੰ ਪ੍ਰਣਾਇਆਂ ਹੋਣ ਕਰਕੇ ਬਾ-ਦਲੀਲ ਗੱਲ ਕਰਨ ਦੀ ਸਮਰੱਥਾ ਰੱਖਦਾ ਸੀ, ਸੁੱਗੜ ਸਿਆਣਾ ਵੀ ਸੀ ਤੇ ਇਰਾਦੇ ਦਾ ਦ੍ਰਿੜ ਵੀ ਸੀ। 1970ਵਿਆਂ ਦੇ ਪਹਿਲੜੇ ਸਾਲਾਂ ਤੋ ਲੈਕੇ ਆਪਣੇ ਅੰਤਲੇ ਸਾਹਾਂ ਤੱਕ ਉਹ ਦੇਸ਼-ਦੁਨੀਆ ਵਿੱਚ ਵਾਪਰੇ ਅਨੇਕਾਂ ਉਤਰਾਵਾਂ ਚੜ੍ਹਾਵਾਂ ਨੂੰ ਦੇਖਣ ਤੇ ਝੱਲਣ ਦੇ ਬਾਵਜੂਦ ਉਹ ਇਨਕਲਾਬੀ ਜਮਹੂਰੀ ਲਹਿਰ ਦਾ ਸੰਗਰਾਮੀ ਯੋਧਾ ਬਣ ਕੇ ਸਾਬਤ ਕਦਮੀਂ ਤੁਰਦਾ ਰਿਹਾ। ਨਾਮਦੇਵ ਭੁਟਾਲ ਵਰਗੇ ਵਿਅਕਤੀ ਦੇ ਜਿੰਦਗੀ ਦਾ ਅਜਿਹਾ ਸ਼ਾਨਮੱਤਾ ਸਫਲ ਸਫਰ ਤਹਿ ਕਰਨ ਪਿੱਛੇ ਅਸਲ ਕਾਰਕ ਉਸ ਵੱਲੋਂ ਕਮਿਊਨਿਸਟ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਨੂੰ ਪ੍ਰਣਾਇਆ ਹੋਣਾ ਹੈ।

ਤਾਉਮਰ ਮਿਹਨਤਕਸ਼ ਲੋਕਾਂ ਦੇ ਫਿਕਰਾਂ ਦੀ ਬਾਂਹ ਫੜੀਂ ਰੱਖਣ ਵਾਲਾ ਅਤੇ ਮੌਤ ਉਪਰੰਤ ਆਪਣਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਅਰਪਿਤ ਕਰਨ ਵਾਲਾ ਇਨਕਲਾਬੀ ਜਮਹੂਰੀ ਲਹਿਰ ਦਾ ਜੁਝਾਰੂ ਸਾਥੀ ਨਾਮਦੇਵ ਭੁਟਾਲ ਸਾਡੇ ਦਰਮਿਆਨ ਨਹੀਂ ਰਿਹਾ। 6 ਦਸੰਬਰ ਦੀ ਦੁਪਹਿਰ ਨੂੰ ਉਹ ਆਪਣੇ ਘਰ ਤੋਂ ਪੈਦਲ ਸਬਜੀ ਲੈਣ ਗਿਆ ਤੇ ਮੁੜ ਘਰ ਨਾ ਪਰਤਿਆ। ਘਰ ਤੋਂ ਕੁੱਝ ਕਦਮਾਂ ਦੀ ਵਿੱਥ 'ਤੇ ਉਹਨੂੰ ਤੁਰੇ ਆਉਂਦੇ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਉੱਥੇ ਹੀ ਢੇਰ ਹੋ ਗਿਆ। ਦੋ ਕੁ ਮਹੀਨੇ ਪਹਿਲਾਂ, ਉਹਨੂੰ ਦਿਲ ਦਾ ਪਹਿਲਾ ਦੌਰਾ ਪਿਆ ਸੀ, ਜਿਸ ਵਿੱਚੋਂ ਅਜੇ ਉਹ ਉੱਭਰ ਹੀ ਰਿਹਾ ਸੀ ਕਿ ਦੂਜਾ ਦੌਰਾ ਜਾਨਲੇਵਾ ਸਾਬਤ ਹੋਇਆ। ਉਹ ਪਿਛਲੇ ਇੱਕ ਦਹਾਕੇ ਤੋਂ ਜਮਹੂਰੀ ਅਧਿਕਾਰ ਸਭਾ, ਪੰਜਾਬ ਦਾ ਸੂਬਾ ਕਮੇਟੀ ਮੈਂਬਰ ਅਤੇ ਲੋਕ ਚੇਤਨਾ ਮੰਚ, ਲਹਿਰਾਗਾਗਾ ਦਾ ਮੋਹਰੀ ਆਗੂ ਸੀ। ਪੂਰਾ ਇੱਕ ਦਹਾਕਾ (ਜੂਨ 2012 ਤੋਂ ਦਸੰਬਰ 2021) ਉਹਨੇ ਸਭਾ ਦੇ ਸੰਗਰੂਰ ਜਿਲ੍ਹਾ ਪ੍ਰਧਾਨ ਦੀ ਜੁੰਮੇਵਾਰੀ ਵੀ ਨਿਭਾਈ। ਨਾਮਦੇਵ ਭੁਟਾਲ ਦੇ ਬੇਵਕਤੀ ਚਲੇ ਜਾਣ ਦਾ ਘਾਟਾ ਲਹਿਰਾਗਾਗਾ ਦੀਆਂ ਹੱਦਾਂ ਸਰਹੱਦਾਂ ਤੋਂ ਕਿਤੇ ਪਰ੍ਹੇ ਸੰਸਾਰ ਦੇ ਕੋਨੇ-ਕੋਨੇ ਵਿੱਚ ਰਹਿੰਦੇ ਉਸ ਦੇ ਲੋਕ ਪੱਖੀ ਇਨਕਲਾਬ ਦੇ ਰਾਹੀਆਂ ਨੂੰ ਪਿਆ ਹੈ। ਨਾਮਦੇਵ ਭੁਟਾਲ ਦੀ ਲੋਕਤਾ ਲਈ ਜੀਵੀ ਜਿੰਦਗੀ ਅਤੇ ਮਰਨ ਉਪਰੰਤ ਵੀ ਪੁਰਾਣੀਆਂ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਨੂੰ ਚੈਲੰਜ ਕਰਦਿਆਂ ਆਪਣਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਭੇਂਟ ਕਰਨ ਦੇ ਜੁਅੱਰਤ ਨੂੰ ਸਲਾਮ। ਆਉ, ਅੱਜ ਸਾਥੀ ਨਾਮਦੇਵ ਦੇ ਸ਼ਰਧਾਂਜਲੀ ਸਮਾਗਮ ਸਮੇਂ ਲੁੱਟ ਰਹਿਤ, ਜਮਾਤ ਰਹਿਤ ਨਵੇਂ ਸਮਾਜ ਦੀ ਸਿਰਜਣਾ ਲਈ ਚੱਲ ਰਹੇ ਜਮਾਤੀ ਜੱਦੋਜਹਿਦ ਦਾ ਹਿੱਸਾ ਬਣਨ ਦਾ ਸੰਕਲਪ ਕਰੀਏ।

# ਨਸਲੀ ਹਿੰਸਾ ਵਿਚ ਪਾਣੀ ਨੂੰ ਇਕ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਇਜ਼ਰਾਇਲ

ਮਿਲ ਰਿਹਾ। ਕਈ ਕੌਮਾਂਤਰੀ ਰਿਪੋਰਟਾਂ ਨੇ ਇਹ ਸਾਫ਼ ਕੀਤਾ ਹੈ ਕਿ ਬੇਕਾਰ ਜਲ ਪ੍ਰਦੂਸ਼ਣ ਨਾਲ ਪਾਣੀ ਵਿਚ ਨਾਈਟਰੇਟ ਦੀ ਮਾਤਰਾ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਨਾਲੋਂ ਛੇ ਗੁਣਾਂ ਵਧੇਰੇ ਹੈ। ਜਿਸ ਨਾਲ ਸੋਯਨੋਸਿਸ ਬੀਮਾਰੀ ਦੇ ਮਾਮਲਿਆਂ ਵਿਚ ਵਾਧਾ ਹੋਇਆ ਹੈ। ਭੱਟੀ ਜਲ ਸਰੋਤਾਂ ਵਿਚ ਸਮੁੰਦਰੀ ਪਾਣੀ ਦੇ ਦਾਖ਼ਲ ਹੋਣ ਨਾਲ ਉਚ ਕਲੋਰਾਈਡ ਮਾਤਰਾ ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਵਿਸ਼ੇਸ਼ ਮੁਸ਼ਕਲਾਂ ਵੱਲ ਧੱਕ ਰਹੀ ਹੈ। ਬਾਲ ਮੌਤਾਂ ਤਾ ਕਾਰਨ ਵੀ ਦੂਸ਼ਿਤ ਪਾਣੀ ਹੀ ਹੈ।

ਇਕ ਅਧਿਐਨ ਨੇ ਦੱਸਿਆ ਕਿ ਗਾਜ਼ਾ ਵਿਚ 59.2 ਫੀਸਦੀ ਬੱਚਿਆਂ ਵਿਚ ਘੱਟ ਤੋਂ ਘੱਟ ਹਿਕ ਪਰਜੀਵੀ ਕੀਟਾਣੂਆਂ ਨਾਲ ਗ੍ਰਸਤ ਸੀ। ਐਨੇ ਕੁ ਹੀ ਤਾਦਾਦ ਅਮੀਨੀਆ ਨਾਲ ਪੀੜਤ ਸੀ। ਕੈਂਸਰ ਅਤੇ ਗੁਰਦਿਆਂ ਦੀਆਂ ਬੀਮਾਰੀਆਂ ਤੇਜ਼ੀ ਨਾਲ ਆਮ ਹੋ ਰਹੀਆਂ ਹਨ। ਗੁਰਦਿਆਂ ਦੇ ਫੇਲ੍ਹ ਹੋਣ ਨਾਲ ਪੀੜਤ ਰੋਗੀਆਂ ਦੀ ਗਿਣਤੀ ਵਿਚ ਹਰ ਸਾਲ 13 ਫੀਸਦੀ ਵਾਧਾ ਹੋ ਰਿਹਾ ਹੈ। ਤਿੱਖੇ ਹੈਪੀਟਾਈਟਿਸ-ਏ, ਤਿੱਖੇ ਦਸਤ ਅਤੇ ਟਾਈਫਾਈਡ ਬੁਖ਼ਾਰ ਵਰਗੀਆਂ ਫੈਲਣ ਵਾਲੀਆਂ ਬੀਮਾਰੀਆਂ ਦਾ ਭਿਆਨਕ ਹਮਲਾ ਜਾਰੀ ਹੈ। ਸਾਫ਼ ਪਾਣੀ ਦੀ ਘਾਟ ਕਾਰਨ ਫੌਜੀ ਹਮਲਿਆਂ ਵਿਚ ਜ਼ਖ਼ਮੀ ਨਾਗਰਿਕ ਮਰੀਜ਼ਾਂ ਦੇ ਇਲਾਜ ਲਈ ਐਂਟੀਬਾਯੋਟਿਕ ਦਵਾਵਾਂ ਦੀ ਵਿਆਪਕ ਵਰਤੋਂ ਨਾਲ ਉਭਰਨ ਵਾਲੇ ਬਹੁ-ਦਵਾ-ਪ੍ਰਤਿਰੋਧੀ ਜੀਵਾਂ ਰਾਹੀਂ ਫੈਲਣ ਵਾਲੇ ਸੰਕਰਮਣਾਂ ਨੂੰ ਰੋਕਣਾ ਮੁਸ਼ਕਲ ਹੋ ਜਾਂਦਾ ਹੈ। ਭਾਵ ਦਵਾਈਆਂ ਦੀ ਨਿਸ਼ੰਗ ਵਰਤੋਂ ਸਰੀਰ ਦੀ ਸਵੈ-ਸੁਰੱਖਿਆ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਸਿਹਤ ਨੂੰ ਹੋਰ ਪ੍ਰਭਾਵਤ ਕਰਨ ਵਾਲੀਆਂ ਬੀਮਾਰੀਆਂ, ਬੰਬਾਰੀ ਨਾਲ ਜਮ੍ਹਾਂ ਹੋਈਆਂ ਹਵਾ, ਪਾਣੀ ਤੇ ਧਰਤੀ ਵਿਚ ਰਦੀਆ ਭਾਰੀ ਧਾਤੂਆਂ ਨਾਲ ਸਬੰਧਤ ਹਨ, ਜਿਹੜੀਆਂ ਮਿੱਟੀ ਵਿਚ ਪਈਆਂ ਹਨ ਅਤੇ ਇਹ ਬੰਬਾਰੀ ਦਾ ਮਲਬਾ ਗਾਜ਼ਾ ਦੀ ਨਾਕੇਬੰਦੀ ਕਰਕੇ ਕਿਤੇ ਸੁੱਟਿਆ ਨਹੀਂ ਜਾ ਸਕਦਾ। ਜਿਥੇ

(ਸਫ਼ਾ 4 ਦੀ ਬਾਕੀ 'ਤੇ)

ਇਜ਼ਰਾਇਲ ਖੁਰਾਕੀ ਵਸਤੂਆਂ ਤੇ ਪਾਣੀ ਦੀ ਸਪਲਾਈ ਨੂੰ ਰੋਕ ਰਿਹਾ ਹੈ, ਉਥੇ ਜ਼ਹਿਰ ਤੇ ਬਾਰੂਦ ਦੀ ਰਹਿੰਦ-ਖੂੰਹਦ ਦੀ ਸੜਾਂਦ ਵਿਚ ਵੀ ਫਲਸਤੀਨੀਆਂ ਨੂੰ ਦਮ ਘੁੱਟ ਕੇ ਮਰਨ ਲਈ ਮਜਬੂਰ ਕਰ ਰਿਹਾ ਹੈ। ਵਿਸ਼ਵ ਦੇ ਖੋਜਾਰਥੀਆਂ ਨੇ ਇਨ੍ਹਾਂ ਜ਼ਹਿਰੀਲੇ ਖਤਰਨਾਕ ਪਦਾਰਥਾਂ ਨੂੰ ਸਮੇਂ ਤੋਂ ਪਹਿਲਾਂ ਭਾਵ ਸਤਮਾਹੇ ਜਨਮ ਲੈਣ ਵਾਲੇ ਬੱਚਿਆਂ ਅਤੇ ਗੰਭੀਰ ਰੂਪ ਵਿਚ ਘੱਟ ਵਜ਼ਨ ਵਾਲੇ ਬੱਚਿਆਂ ਦੇ ਨਾਲ ਜੋੜਿਆ ਹੈ। ਭਾਵ ਬੱਚਿਆਂ ਦੇ ਸਰੀਰਕ ਵਿਕਾਸ ਤੇ ਵਿਕਲਾਂਗਤਾ ਇਸੇ ਦੇ ਪ੍ਰਭਾਵ ਕਰਕੇ ਹੈ।

ਇਹ ਸਮੂਹਕ ਸਜ਼ਾ ਦੇਣ ਵਾਲੀ ਸਥਿਤੀ ਹੈ। ਕੌਮਾਂਤਰੀ ਰੈਡ ਕਰਾਸ ਸੁਸਾਇਟੀ ਨੇ ਇਸ ਦੀ ਨਿੰਦਾ ਬੇਸ਼ੱਕ ਕੀਤੀ ਹੈ, ਪਰ ਉਹ ਖ਼ੁਦ ਅਸਮਰੱਥ ਹੈ। ਉਹਨੇ ਹੀ ਚਿੰਤਨ ਕੀਤਾ ਹੈ ਕਿ ਇਜ਼ਰਾਈਲ ਵਲੋਂ ਇਹ ਫਲਸਤੀਨੀਆਂ ਨੂੰ ਸਮੂਹ ਸਜ਼ਾ ਦਿੱਤੀ ਜਾ ਰਹੀ ਹੈ। ਭਾਵ ਘੁੱਟ ਘੁੱਟ ਕੇ ਮਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਜਿਹੜਾ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਹੈ। ਹਮਾਸ ਨੂੰ ਉਖਾੜ ਸੁੱਟਣ ਆਬਾਦੀ ਨੂੰ ਮਰਨ ਲਈ ਮਜ਼ਬੂਰ ਕਰਨ, 15 ਸਾਲ ਤੋਂ ਚੁਫੇਰਿਓਂ ਪਾਬੰਦੀ ਲਾ ਕੇ ਬੰਦ ਜੇਲ੍ਹ ਬਣਾ ਕੇ ਰੱਖਣਾ, ਇਜ਼ਰਾਇਲ ਦੇ ਤਰਕਾਂ ਜਾਂ ਇਜ਼ਰਾਈਲ ਦੇ ਸਵੈ ਸੁਰੱਖਿਆ ਦੇ ਤਰਕ, ਗਾਜ਼ਾ ਪੱਟੀ ਵਾਸੀਆਂ ਨੂੰ ਚੰਗੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੇ ਅਧਿਕਾਰ ਨੂੰ ਮਸਲ ਨਹੀਂ ਸਕਦੇ।

ਇਜ਼ਰਾਇਲ ਆਪਣੀਆਂ ਲੋੜਾਂ ਨਾਲੋਂ 20 ਫੀਸਦੀ ਵਧ ਪਾਣੀ ਦਾ ਉਤਪਾਦਨ ਕਰਦਾ ਹੈ, ਪਰ ਇਸ ਨੂੰ ਗਾਜ਼ਾ ਪੱਟੀ ਵਾਸੀਆਂ ਜੋ ਪਾਣੀ ਦੀ ਥੁੜ੍ਹ ਨਾਲ ਜੂਝ ਰਹੇ ਹਨ ਮੁਹੱਈਆ ਨਹੀਂ ਕਰਵਾ ਰਿਹਾ ਅਤੇ ਜਿਹਨੇ ਵੈਸਟ ਬੈਂਕ ਨੇ ਪਾਣੀ ਸਰੋਤਾਂ ਤੱਕ ਵੀ ਗਾਜ਼ਾ ਪੱਟੀ ਵਾਸੀਆਂ ਨੂੰ ਰੋਕ ਦਿੱਤਾ ਹੈ। ਵਿਸ਼ਵ ਦੇ ਲੋਕਾਂ ਵਲੋਂ ਬਣਾਏ ਦਬਾਅ ਬਿਨਾਂ ਚੀਜ਼ਾਂ ਬਦਲਣ ਦੀ ਸੰਭਾਵਨਾ ਨਹੀਂ। 2017 ਤੋਂ ਇਜ਼ਰਾਈਲ ਹਮਾਸ ਦੀਆ ਉਨ੍ਹਾਂ ਸਾਰੀਆਂ ਯੁੱਧਬੰਦੀ ਦੀਆਂ ਪੇਸ਼ਕਸ਼ਾਂ ਨੂੰ ਰੱਦ ਕਰਨਾ ਆ ਰਿਹਾ ਹੈ। ਜੇ ਕੋਈ ਸਮਝੌਤਾ ਹੋਇਆ ਵੀ ਉਸ ਨੂੰ ਛਪਣ ਤੇ ਜਾਰੀ ਹੋਣ ਤੋਂ ਪਹਿਲਾਂ ਹੀ ਇਜ਼ਰਾਈਲ ਨੇ ਰੱਦ ਕਰ ਦਿੱਤਾ। ਇਹ ਪਿਛਲੇ ਦਿਨੀਂ 7 ਦਿਨਾਂ ਜੰਗਬੰਦੀ ਤੋਂ ਵੀ ਦੇਖਿਆ ਜਾ ਸਕਦਾ ਹੈ। ਦੋ ਦਿਨ ਪਹਿਲਾਂ ਹੀ ਇਸ ਸਮਝੌਤੇ ਨੂੰ ਤੋੜ ਕੇ ਇਜ਼ਰਾਈਲ ਨੇ ਫਿਰ ਬੰਬਾਰੀ ਸ਼ੁਰੂ ਕਰ ਦਿੱਤੀ ਜਿਸ ਨਾਲ 179 ਫਲਸਤੀਨੀ ਮਾਰੇ ਗਏ। ਉਹਦੇ ਲਈ ਗਾਜ਼ਾ ਪੱਟੀ ਇਕ ਦਸ਼ਮਨਾਨਾ ਇਕਾਈ ਹੈ।

ਜੇ ਗਾਜ਼ਾ ਪੱਟੀ ਦੇ ਸੰਕਟ ਨੂੰ ਟਾਲਣਾ ਹੈ ਤਾਂ ਵਿਸ਼ਵ ਲੋਕਾਈ ਵਲੋਂ ਆਵਾਜ਼ ਉਠਾ ਕੇ ਪੱਛਮੀ ਦੇਸ਼ਾਂ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਫਲਸਤੀਨੀ ਲੋਕਾਂ ਨੂੰ ਖਤਮ ਕਰਨ ਦੀ ਸਮੂਹਿਕ ਸਜ਼ਾ ਵਿਰੁੱਧ ਇਜ਼ਰਾਇਲ ਵਿਰੁੱਧ ਐਕਸ਼ਨ ਲੈਣ ਲਈ ਮਜ਼ਬੂਰ ਕਰਨਾ ਪਵੇਗਾ। ਕੌਮਾਂਤਰੀ ਭਾਈਚਾਰੇ ਨੂੰ ਗਾਜ਼ਾ ਪੱਟੀ ਦੀ ਨਾਕੇਬੰਦੀ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।

# ਇਹ 'ਵਿਸ਼ਵ ਕੱਪ', ਕ੍ਰਿਕਟ ਨਹੀਂ ਹੈ

ਮੂਲ ਲੇਖਕ:
ਅਵੀਜੀਤ ਪਾਠਕ
ਅੰਗ੍ਰੇਜ਼ੀ ਤੋਂ ਅਨੁਵਾਦ:
ਯਸ਼ ਪਾਲ, ਵਰਗ ਚੇਤਨਾ

ਕ੍ਰਿਕਟ-ਖ਼ਬਤੀ ਸਮਾਜ ਲਈ ਮੈਂ ਓਪਰਾ ਹੀ ਹਾਂ। ਦਰਅਸਲ, ਮੇਰੇ ਬਹੁਤ ਸਾਰੇ ਮਿੱਤਰ ਅਤੇ ਕਰੀਬੀ ਰਿਸ਼ਤੇਦਾਰ ਮੇਰੇ ਵੱਲ ਹੈਰਾਨੀ ਨਾਲ ਤੱਕਦੇ ਹਨ ਤੇ ਚਿੜਦੇ ਵੀ ਹਨ ਜਦ ਮੈਂ ਉਨ੍ਹਾਂ ਨੂੰ ਇਹ ਦਸਦਾ ਹਾਂ ਕਿ ਮੈਂ ਕ੍ਰਿਕਟ ਦਾ ਤਾਂ ਬਿਲਕੁਲ ਹੀ ਸ਼ੌਕੀਨ ਨਹੀਂ ਹਾਂ। ਪਰ ਕਦੇ-ਕਦਾਈਂ ਕ੍ਰਿਕਟ ਨਾਂਅ ਦਾ ਤਮਾਸ਼ਾ ਜ਼ੁਰੂਰ ਦੇਖਦਾ ਹਾਂ। ਇਸ ਖੇਡ ਦੇ ਇੱਕ ਭਾਰੀ ਮੁਨਾਫ਼ਾ-ਬਖ਼ਸ਼ ਤੇ ਬਾਜ਼ਾਰੂ-ਸਨਅਤ 'ਚ ਤਬਦੀਲ ਹੋ ਜਾਣ ਨੂੰ ਮੈਂ ਘਿਰਣਾ ਕਰਦਾ ਹਾਂ। ਸਾਡੇ 'ਸਟਾਰ' ਕ੍ਰਿਕਟਰਾਂ ਦੁਆਲੇ ਸਿਰਜੀ ਜਾਂਦੀ ਢਕੌਂਸਲੇਬਾਜ਼ੀ-ਉਨ੍ਹਾਂ ਦੇ ਦਿਲਕਸ਼ ਮਿਜਾਜ਼, ਉਨ੍ਹਾਂ ਦੇ 'ਪ੍ਰੇਮ-ਸੰਬੰਧ', ਜਾਂ ਉਨ੍ਹਾਂ ਦੀ ਕਾਰਪੋਰੇਟ-ਫਿਲਮਜਗਤ ਗੱਠਜੋੜ ਨਾਲ ਨੇੜਲੀ ਸਾਂਝ ਮੈਨੂੰ ਨਹੀਂ ਭਾਉਂਦੀ। ਇਸ ਤੋਂ ਬਿਨਾਂ, ਮੈਂ ਅਜੇ ਐਨਾ ਕੁ 'ਰਾਸ਼ਟਰਵਾਦੀ' ਨਹੀਂ ਬਣ ਸਕਿਆ ਹਾਂ ਕਿ ਕ੍ਰਿਕਟ ਨੂੰ ਇੱਕ ਤਰ੍ਹਾਂ ਦੇ ਯੁੱਧ ਦੀ ਤਰ੍ਹਾਂ ਵੇਖਣ ਅਤੇ ਅੰਤਰਰਾਸ਼ਟਰੀ ਮੈਚ 'ਚ ਹੋਈ ਜਿੱਤ ਨੂੰ ਇੱਕ 'ਸਰਜੀਕਲ ਸਟਰਾਈਕ' ਦੇ ਬਰਾਬਰ ਸਮਝਣ ਲੱਗਾਂ। ਐਤਵਾਰ ਨੂੰ, ਮੈਂ ਇਕੱਲਤਾ ਦੀ ਸ਼ਿੱਦਤ ਨੂੰ ਹੰਢਾਇਆ ਜਿਸਦਾ ਸਾਹਮਣਾ ਕਿਸੇ ਵੀ ਓਪਰੇ ਬੰਦੇ ਨੂੰ ਅਕਸਰ ਹੀ ਕਰਨਾ ਪੈਂਦਾ ਹੈ। ਆਸਟਰੇਲੀਆ ਨੇ ਭਾਰਤ ਨੂੰ ਵਿਸ਼ਪ-ਕੱਪ ਦੇ ਅਖੀਰੀ ਮੁਕਾਬਲੇ 'ਚ ਹਰਾ ਦਿੱਤਾ। ਫਿਰ ਵੀ, ਮੈਂ ਨਿਰਾਸ਼ ਨਹੀਂ ਹੋਇਆ, ਮੈਂ ਉਦਾਸ ਵੀ ਨਹੀਂ ਹੋਇਆ। ਕਿਸੇ 'ਰਾਸ਼ਟਰਵਾਦੀ' ਹਉਮੈ ਨੂੰ ਠੇਸ ਲੱਗਣ ਦਾ ਕੋਈ ਖ਼ਤਰਾ ਨਹੀਂ ਸੀ। ਸਗੋਂ, ਮੈਂ ਇਸ ਨੂੰ ਸਹਿਜ-ਸੁਭਾਅ ਹੀ ਲਿਆ। ਮੈਨੂੰ ਠੀਕ-ਠਾਕ ਨੀਂਦ ਵੀ ਆਈ। ਫਿਰ ਵੀ, ਮੈਨੂੰ ਪਤਾ ਹੈ ਕਿ ਸਮੂਹਿਕ-ਸ਼ੋਕ ਦੇ ਇਸ ਮੌਕੇ, ਮੇਰੇ ਲਈ ਆਪਣੀਆਂ ਭਾਵਨਾਵਾਂ ਨੂੰ ਉਨ੍ਹਾਂ ਲੋਕਾਂ ਨਾਲ ਸਾਂਝੀਆਂ ਕਰਨਾ ਇੰਨਾ ਆਸਾਨ ਨਹੀਂ ਹੋਵੇਗਾ ਜਿਨ੍ਹਾਂ ਨੇ ਕ੍ਰਿਕਟ ਨੂੰ 'ਰਾਸ਼ਟਰ' ਨਾਂਅ ਦੇ ਨਵੇਂ ਸਿਰਜੇ 'ਭਗਵਾਨ' ਦੀ ਪੂਜਾ ਕਰਨ ਦੀ ਰਸਮ 'ਚ ਤਬਦੀਲ ਕਰ ਦਿੱਤਾ ਹੈ। ਉਹ ਮੇਰੀ ਇਸ 'ਉਦਾਸੀਨਤਾ' ਨੂੰ, ਮੇਰੀ 'ਕਦਰਾਂ-ਕੀਮਤਾਂ ਪ੍ਰਤੀ ਨਿਰਪੱਖਤਾ' ਨੂੰ ਨਫ਼ਰਤ ਕਰਦੇ ਹੋਣਗੇ; ਉਹ ਮੇਰੀ ਰਾਸ਼ਟਰਵਾਦੀ ਪ੍ਰਤੀਬੱਧਤਾ 'ਤੇ ਵੀ ਸ਼ੱਕ ਕਰਦੇ ਹੋਣਗੇ। ਆਖਿਰ, ਇੱਕ ਕ੍ਰਿਕਟ-ਖ਼ਬਤੀ ਸਮਾਜ ਅੰਦਰ ਓਪਰਾ ਬਣ ਕੇ ਰਹਿਣਾ ਆਸਾਨ ਨਹੀਂ ਹੁੰਦਾ।

ਇਸ ਇਕੱਲਤਾ ਦੇ ਬਾਵਜੂਦ, ਨਿਰਲੇਪ-ਓਪਰੇ ਵਜੋਂ ਵਿਚਰਨ ਦਾ ਕੁੱਝ ਫਾਇਦਾ ਵੀ ਹੁੰਦਾ ਹੈ। ਕਿਉਂਕਿ ਮੈਂ ਸਾਡੇ 'ਸਟਾਰ' ਕ੍ਰਿਕਟਰਾਂ ਨੂੰ (ਜਿਹੜੇ ਭਾਂਤ-ਭਾਂਤ ਦੇ ਉਤਪਾਦਾਂ ਦੇ ਪੱਕੇ-ਏਲਚੀ ਬਣੇ ਹੋਏ ਨੇ ਅਤੇ ਇਨ੍ਹਾਂ ਉਤਪਾਦਾਂ ਨੂੰ ਖਰੀਦਣ ਤੇ ਵਰਤਣ ਲਈ, ਮੰਤਰ-ਮੁਗਧ ਸਰੋਤਿਆਂ ਨੂੰ ਨਿਰੰਤਰ ਪ੍ਰੇਰਦੇ ਰਹਿੰਦੇ ਹਨ) ਆਪਣੇ-ਆਪ ਨੂੰ ਸੰਮੋਹਿਤ ਕਰਨ ਦੀ ਆਗਿਆ ਨਹੀਂ ਦਿੰਦਾ, ਇਸ ਕਰਕੇ ਮੇਰੇ ਲਈ ਇਹ ਸੰਭਵ ਹੋ ਜਾਂਦਾ ਹੈ ਕਿ ਕ੍ਰਿਕਟ ਦੇ ਨਾਂਅ ਹੇਠ ਖੇਡੀ ਜਾ ਰਹੀ ਖੇਡ ਦਾ ਮੈਂ ਆਲੋਚਨਾਤਮਿਕ ਵਿਸ਼ਲੇਸ਼ਣ ਕਰ ਸਕਾਂ। ਨਹੀਂ, ਇਹ ਉਨ੍ਹਾਂ ਦੀ 'ਦੇਸ਼-ਭਗਤੀ' ਨਹੀਂ ਹੈ, ਸਗੋਂ ਮੈਨੂੰ ਉਨ੍ਹਾਂ ਦੇ ਹਾਵ-ਭਾਵਾਂ ਤੇ ਅਮਲਾਂ 'ਚ 'ਨਕਦ-ਉਗਰਾਹੀ' ਦਾ ਤਲਿਸਮ ਨਜ਼ਰ ਆਉਂਦਾ ਹੈ। ਤੁਸੀਂ ਭਾਵੇਂ ਮੇਰੇ 'ਤੇ ਸਨਕੀ ਹੋਣ ਦਾ ਦੋਸ਼ ਮੜ੍ਹ ਦਿਓ, ਫਿਰ ਵੀ ਮੈਂ ਇਹ ਨਹੀਂ ਭੁੱਲ ਸਕਦਾ ਕਿ ਇਸ ਵੰਨਗੀ ਦੀ ਕ੍ਰਿਕਟ, ਇੱਕ ਸਿੱਧੀ-ਸਾਧੀ ਖੇਡ ਤੋਂ ਕੋਹਾਂ ਦੂਰ, ਮੂਲ ਰੂਪ 'ਚ ਇੱਕ ਵਣਜ-ਵਪਾਰ ਹੈ।



ਇਸ ਨੂੰ ਨਹੀਂ ਵਿਸਾਰਨਾ ਬਣਦਾ ਕਿ ਸਾਡੇ ਮੁਲਕ ਵਰਗੇ ਗਰੀਬੀ-ਗ੍ਰਸਤ ਮੁਲਕ ਅੰਦਰ ਵੀ, ਮਿਸਾਲ ਵਜੋਂ, ਵਿਰਾਟ ਕੋਹਲੀ ਆਪਣੇ 'ਆਈ.ਪੀ.ਐਲ.' ਪੇਸ਼ੇ 'ਚੋਂ ਹੁਣ ਤੱਕ 126 ਕਰੋੜ ਰੁਪਏ ਦੀ ਕਮਾਈ ਕਰ ਚੁੱਕਿਆ ਹੈ; ਅਤੇ ਜਿੱਥੋਂ ਤੱਕ 'ਆਈ.ਪੀ.ਐਲ.' 2023 ਦੀ ਲੱਗੀ ਬੋਲ਼ੀ ਦਾ ਸੰਬੰਧ ਹੈ, ਰੋਹਿਤ ਸ਼ਰਮਾ ਦਾ ਬਾਜ਼ਾਰੀ-ਮੁੱਲ 16 ਕਰੋੜ ਪਿਆ ਸੀ। ਇਸ ਤੋਂ ਛੁੱਟ, ਜਿਵੇਂ ਕਿ 'ਭਾਰਤ ਤਬਦੀਲੀ ਮੰਚ' ਦੀ ਇੱਕ ਰਿਪੋਰਟ ਦਸਦੀ ਹੈ ਕਿ ਨਿਯਮਕ-ਬੰਧੇਜਾਂ ਦੇ ਬਾਵਜੂਦ, ਭਾਰਤੀ ਕ੍ਰਿਕਟ ਸੱਟੇਬਾਜ਼ੀ ਤੇ ਜੂਏਬਾਜ਼ੀ ਬਾਜ਼ਾਰ ਅੰਦਰ ਵੀ ਭਾਰੀ ਉਛਾਲ ਦਿਸ ਰਿਹਾ ਹੈ। ਇਸ ਦੇ, 2023 ਦੇ ਅੰਤ ਤੱਕ, 2 ਅਰਬ ਅਮਰੀਕੀ ਡਾਲਰ ਤੱਕ ਅੱਪੜਣ ਦਾ ਅੰਦਾਜ਼ਾ ਲਾਇਆ ਗਿਆ ਹੈ। ਇਹ ਅਸੀਂ ਫੈਸਲਾ ਕਰਨਾ ਹੈ ਕਿ ਕੀ ਇਹ ਕੋਈ ਚੰਗੀ ਗੱਲ ਹੈ ਕਿ 34 ਕਰੋੜ ਭਾਰਤੀ, ਜਿਨ੍ਹਾਂ 'ਚ ਅਲ੍ਹੜ ਉਮਰ ਦੇ ਅਤੇ ਨੌਜਵਾਨ ਵਿਦਿਆਰਥੀ ਵੀ ਸ਼ਾਮਲ ਹਨ, ਕ੍ਰਿਕਟ ਸੱਟੇਬਾਜ਼ੀ 'ਚ ਹਿੱਸਾ ਲੈਂਦੇ ਹਨ। ਦਰਅਸਲ, ਇਹ ਸੋਚਣਾ ਮੂਰਖਤਾ ਹੋਵੇਗੀ ਕਿ ਇਹ ਕ੍ਰਿਕਟ 'ਸਟਾਰ' ਬੇਗਰਜ਼ ਦੇਸ਼ਭਗਤ ਹਨ ਜਿਹੜੇ ਸਾਡੇ ਮੁਲਕ ਦੀ ਬਿਨਾਂ-ਸ਼ਰਤ ਸੇਵਾ ਕਰ ਰਹੇ ਹਨ। ਇਹ ਨਹੀਂ ਵਿਸਾਰਨਾ ਬਣਦਾ ਕਿ ਵਿਸ਼ਵ ਕੱਪ 'ਚੋਂ 'ਰਨਰ-ਅੱਪ' ਰਹੀ ਭਾਰਤੀ ਟੀਮ ਨੂੰ ਵੀ 'ਅੰਤਰਰਾਸ਼ਟਰੀ ਕ੍ਰਿਕਟ-ਪ੍ਰੀਸ਼ਦ' ਵੱਲੋਂ ਲਗਭਗ 16 ਕਰੋੜ ਰੁਪਏ ਇਨਾਮ ਰਾਸ਼ੀ ਵੱਜੋਂ ਮਿਲਣਗੇ। ਇਸ ਦੀ ਤੁਲਨਾ ਕਾਰਗਿਲ 'ਚ ਨਿਯੁਕਤ ਉਸ ਫੌਜੀ ਜੁਆਨ ਦੇ ਤਨਖ਼ਾਹ ਸਕੇਲ ਨਾਲ ਕਰੋ ਜਿਸ ਨੂੰ ਅਸੀਂ-ਤੁਸੀਂ ਉਂਝ ਆਪਣੇ ਰਾਖੇ-ਸੂਰਮੇ ਵਜੋਂ ਵਡਿਆਉਂਦੇ ਹਾਂ।

ਇਸ ਦੇ ਨਾਲ ਹੀ, ਓਪਰਾ ਹੋਣ ਦੇ ਨਾਤੇ, ਕ੍ਰਿਕਟ ਨੂੰ ਅਤਿ-ਬਲਵਾਨ ਮੁਲਕ ਦੀ ਹਉਮੈ ਨੂੰ ਪੱਠੇ ਪਾਉਣ ਦੀ ਰਣਨੀਤੀ ਵਜੋਂ ਵਰਤਣ ਦੀ ਸਿਆਸਤ ਨੂੰ ਵੀ ਮੈਂ ਸਮਝ ਸਕਦਾ ਹਾਂ। ਕਿਵੇਂ ਜ਼ਹਿਰੀਲੇ ਟੀ.ਵੀ. ਚੈਨਲ ਇੱਕ ਕ੍ਰਿਕਟ ਮੈਚ ਨੂੰ-ਜਿਵੇਂ ਕਿ, ਭਾਰਤ ਤੇ ਪਾਕਿਸਤਾਨ ਵਿਚਕਾਰ ਇੱਕ ਯੁੱਧ ਵਾਂਗ ਪੇਸ਼ ਕਰਦੇ ਦਿਸਦੇ ਹਨ। ਇਸ ਅੰਦਰ ਕੀਤੇ ਜਾਂਦੇ ਫੂਹੜਪੁਣੇ ਬਾਰੇ ਜਰਾ ਸੋਚੋ! ਜੇ 'ਜੈ ਸ਼੍ਰੀ ਰਾਮ' ਦਾ ਸ਼ੋਰੋ-ਗੁੱਲ, ਇਸ ਕ੍ਰਿਕਟ-ਯੁੱਧ ਅੰਦਰ ਸਾਡਾ 'ਹਥਿਆਰ' ਬਣ ਜਾਵੇ ਤਾਂ ਇਸ ਵਿੱਚੋਂ ਸਾਡੇ ਸਮੂਹਿਕ-ਪਤਨ, ਸਾਡੀਆਂ ਉਜੱਡ-ਪ੍ਰਵਿਰਤੀਆਂ, ਸਾਡੇ ਅਧਿਆਤਮਹੀਣ ਧਰਮ ਦਾ ਅਤੇ ਖੇਡ ਨੂੰ ਇੱਕ ਖੇਡ ਵੱਜੋਂ ਦੇਖਣ ਦੀ ਸਾਡੀ ਅਯੋਗਤਾ ਦਾ ਝਲਕਾਰਾ ਪੈਂਦਾ ਹੈ। ਕੀ ਇਹੋ ਕਾਰਨ ਹੈ ਕਿ ਇੰਨ੍ਹੀਂ ਦਿਨੀਂ, ਕਿਸੇ ਪਾਕਿਸਤਾਨੀ ਕ੍ਰਿਕਟਰ ਦੀ ਸਿਰਜਣਾਤਮਿਕ ਮੁਹਾਰਤ ਦੀ ਸਿਫ਼ਤ ਕਰਨੀ ਬੇਹੱਦ ਮੁਸ਼ਕਿਲ ਜਾਪਦੀ ਹੈ ਕਿਉਂਕਿ ਹਮੇਸ਼ਾ ਹੀ ਤੁਹਾਡੇ ਉੱਪਰ 'ਦੇਸ਼ਧ੍ਰੋਹੀ' ਦਾ ਠੱਪਾ ਲੱਗਣ ਦਾ ਡਰ ਬਣਿਆ ਰਹਿੰਦਾ ਹੈ? ਤਾਂ ਫਿਰ ਇਸੇ ਕਰਕੇ ਇਹ ਕੋਈ ਅਚੰਭਾ ਨਹੀਂ ਹੈ ਕਿ ਜਦ ਭਾਰਤ ਤੇ ਪਾਕਿਸਤਾਨ ਦਾ ਕ੍ਰਿਕਟ ਮੈਚ ਹੁੰਦਾ ਹੈ ਤਾਂ ਅਤਿ-ਰਾਸ਼ਟਰਵਾਦ ਦਾ ਨਸ਼ਾ ਹਰ ਕਿਸਮ ਦਾ ਮਾਨਸਿਕ ਤੇ ਸਭਿਆਚਾਰਕ ਹੱਲਾ ਬੋਲਦਾ ਹੈ। ਸ਼ਾਇਦ, ਇਸ ਕਿਸਮ ਦੇ ਕ੍ਰਿਕਟ-ਰਾਸ਼ਟਰਵਾਦ ਪ੍ਰਤੀ ਮੇਰੀ ਅਸਹਿਜਤਾ ਨੇ ਹੀ ਮੈਨੂੰ ਬਚਾਇਆ ਹੋਇਆ ਹੈ। ਠੀਕ ਹੈ, ਆਸਟਰੇਲੀਆ ਨੇ ਇੰਡੀਆ ਨੂੰ ਹਰਾ ਦਿੱਤਾ। ਤੇ ਇਸ ਹਾਰ ਨੇ, ਮੈਨੂੰ ਸਦਮਾ ਪਹੁੰਚਾਉਣ ਦੀ ਬਜਾਇ, ਹਲੀਮੀ ਦਾ ਇੱਕ ਅਹਿਮ ਸਬਕ ਸਿਖਾਇਆ ਹੈ। ਸ਼ਾਨਦਾਰ 'ਨਰਿੰਦਰ ਮੋਦੀ ਸਟੇਡੀਅਮ', ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਜ਼ਰੀ, ਹਜ਼ਾਰਾਂ ਭਾਰਤੀ ਦੀਵਾਨਿਆਂ ਦੀ ਪਲਟਨ, ਅਤੇ ਹਰ ਵੰਨਗੀ ਦੀ ਪੂਜਾ-ਪਾਠ-ਫਿਰ ਵੀ, ਭਾਰਤ ਜਿੱਤ ਨਾ ਸਕਿਆ। ਕੀ ਅਸੀਂ ਇਸ ਹਾਰ ਤੋਂ ਮਿਲਣ ਵਾਲੇ ਸੰਦੇਸ਼ ਦੇ ਅਰਥਾਂ ਨੂੰ ਸਮਝਣ ਲਈ ਤਿਆਰ ਹਾਂ? ਇਹ ਸੰਦੇਸ਼ ਸਾਨੂੰ ਸਿਖਾਉਂਦਾ ਹੈ ਕਿ ਹਰ ਚੀਜ਼ ਅਸਥਿਰ ਹੈ। ਨਾ ਤੁਹਾਡੀ ਜਿੱਤ ਤੇ ਨਾ ਹੀ ਤੁਹਾਡੀ ਹਾਰ ਸਥਿਰ ਹੈ। ਅੱਜ ਤੁਸੀਂ 'ਹੀਰੋ' ਹੋ, ਕੱਲ੍ਹ ਨੂੰ ਤੁਸੀਂ 'ਜ਼ੀਰੋ' ਤੱਕ ਸਿਮਟ ਸਕਦੇ ਹੋ! ਤੇ ਇਸ ਲਈ, ਸਾਨੂੰ ਇਸ ਹਾਰ ਨੂੰ ਹਲੀਮੀ ਨਾਲ ਕਬੂਲਣਾ ਚਾਹੀਦਾ ਹੈ- ਨਾ ਕਿ ਸਮੂਹਿਕ ਪਾਗਲਪਨ ਜਾਂ ਸਮੂਹਿਕ ਸ਼ਰਮ ਨਾਲ। ਇਸੇ ਤਰ੍ਹਾਂ, ਸਾਡੀ ਹਉਮੈਂ ਵੀ ਇੱਕ ਭਰਮ ਹੀ ਹੈ, ਭਾਵੇਂ ਇਸ ਨੂੰ 'ਰਾਸ਼ਟਰਵਾਦ' ਦੇ ਨਾਂਅ 'ਤੇ ਪੂਜਨੀਕ ਵੀ ਕਿਉਂ ਨਾ ਸਮਝਿਆ ਜਾਂਦਾ ਹੋਵੇ। ਸ਼ਾਇਦ, ਇਹ ਹਾਰ ਉਨ੍ਹਾਂ ਸਭਨਾਂ 'ਯੋਧਿਆਂ' ਨੂੰ ਇੱਕ ਸੰਦੇਸ਼ ਪਹੁੰਚਾਉਂਦੀ ਹੈ ਜਿਹੜੇ ਕ੍ਰਿਕਟ ਨੂੰ ਇੱਕ 'ਸਰਜੀਕਲ ਸਟਰਾਈਕ' ਦੇ ਸਮਾਨ ਬਣਾਉਣਾ ਲੋਚਦੇ ਹਨ। ਇਹ ਹਾਰ ਉਨ੍ਹਾਂ ਨੂੰ ਨਿਮਰ ਰਹਿਣ, ਖੇਡ ਨੂੰ ਖੇਡ ਵੱਜੋਂ ਦੇਖਣ ਲਈ ਕਹਿ ਰਹੀ ਹੈ ਅਤੇ ਇਹ ਸਮਝਣ ਲਈ ਵੀ ਕਹਿ ਰਹੀ ਹੈ ਕਿ ਕੱਟੜ ਰਾਸ਼ਟਰਵਾਦ ਦਾ ਚਸ਼ਮਾ, ਕਿਵੇਂ ਉਨ੍ਹਾਂ ਦੇ ਦੇਖਣ ਦੇ ਤੌਰ-ਤਰੀਕੇ ਨੂੰ ਵਿਗਾੜ ਦਿੰਦਾ ਹੈ ਅਤੇ ਇਹ ਹਾਰ ਉਨ੍ਹਾਂ ਨੂੰ ਕੌਮਾਂਤਰੀ ਇੱਕਮੁੱਠਤਾ ਤੇ ਸਾਂਝ ਦੀ ਭਾਵਨਾ ਨੂੰ ਮਾਨਣ ਲਈ ਵੀ ਕਹਿ ਰਹੀ ਹੈ।

98145-35005

# ਸੈਮੀਨਾਰ 'ਚ ਮਾ. ਭਜਨ ਸਿੰਘ ਨੇ ਪੜ੍ਹੇ ਮਤੇ

1. ਸਾਮਰਾਜੀਆਂ ਦੀ ਸ਼ਹਿ ਅਤੇ ਮੱਦਦ ਨਾਲ 7 ਅਕਤੂਬਰ ਤੋਂ ਗਾਜ਼ਾ ਦੀਆਂ ਰਿਹਾਇਸ਼ੀ ਬਸਤੀਆਂ, ਸਕੂਲਾਂ, ਹਸਪਤਾਲਾਂ, ਧਾਰਮਿਕ ਸਥਾਨਾਂ ਉੱਪਰ ਕੀਤੀ ਜਾ ਰਹੀ ਬੰਬਾਰੀ ਵਿਚ 20000 ਬੇਕਸੂਰ ਫਲਸਤੀਨੀ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਫਲਸਤੀਨੀ ਲੋਕਾਂ ਦੀ ਇਸ ਗਿਣੀ-ਮਿੱਥੀ ਨਸਲਕੁਸ਼ੀ ਦਾ ਉਦੇਸ਼ ਫਲਸਤੀਨੀ ਵਸੋਂ ਦਾ ਨਸਲੀ ਸਫ਼ਾਇਆ ਕਰਕੇ ਗਾਜ਼ਾ ਅਤੇ ਹੋਰ ਫਲਸਤੀਨੀ ਇਲਾਕਿਆਂ ਨੂੰ ਇਜ਼ਰਾਇਲ ਦਾ ਹਿੱਸਾ ਬਣਾਉਣਾ ਹੈ। ਅੱਜ ਦਾ ਇਕੱਠ ਮੰਗ ਕਰਦਾ ਹੈ ਕਿ ਅਮਰੀਕਨ ਅਤੇ ਪੱਛਮੀ ਸਾਮਰਾਜੀਏ ਇਜ਼ਰਾਇਲੀ ਨਸਲਵਾਦੀ ਰਾਜ ਨੂੰ ਸ਼ਹਿ ਅਤੇ ਮੱਦਦ ਦੇਣ ਦੀ ਬੇਸ਼ਰਮੀ ਬੰਦ ਕਰਨ। ਫਲਸਤੀਨੀਆਂ ਦੀ ਨਸਲਕੁਸ਼ੀ ਤੁਰੰਤ ਬੰਦ ਕੀਤੀ ਜਾਵੇ ਅਤੇ ਫਲਸਤੀਨ ਨੂੰ ਆਜ਼ਾਦ ਕੀਤਾ ਜਾਵੇ।

2. ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਨਿਆਂ ਦੀ ਮੰਗ ਕਰਦੀਆਂ ਪਟੀਸ਼ਨਾਂ ਵਿਚ ਉਠਾਏ ਕਾਨੂੰਨੀ ਤੇ ਸੰਵਿਧਾਨਕ ਪਹਿਲੂਆਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਆਰ.ਐੱਸ.ਐੱਸ.-ਭਾਜਪਾ ਸਰਕਾਰ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਦੇ ਤਾਨਾਸ਼ਾਹ ਫੈਸਲੇ ਉੱਪਰ ਕਾਨੂੰਨੀ ਮੋਹਰ ਲਾ ਦਿੱਤੀ ਹੈ। ਇਹ ਫ਼ੈਸਲਾ ਸਿਰਫ਼ ਜੰਮੂ-ਕਸ਼ਮੀਰ ਤੱਕ ਸੀਮਤ ਨਹੀਂ ਬਲਕਿ ਇਕ ਸੰਵਿਧਾਨਕ ਲੀਹ ਹੈ। ਰਾਸ਼ਟਰਪਤੀ ਰਾਜ ਦੇ ਬਹਾਨੇ ਹੁਣ ਤਾਨਾਸ਼ਾਹ ਸਰਕਾਰ ਵੱਲੋਂ ਬਹੁਮਤ ਦੇ ਜ਼ੋਰ ਗਵਰਨਰ ਰਾਹੀਂ ਕਿਸੇ ਸੂਬੇ ਨੂੰ ਤੋੜਨ ਦੇ ਘੋਰ ਤਾਨਾਸ਼ਾਹ ਫ਼ੈਸਲੇ ਨੂੰ ਸੰਵਿਧਾਨਕ ਮੰਨਿਆ ਜਾਵੇਗਾ। ਇਹ ਭਾਰਤ ਦੇ ਨਾਮਨਿਹਾਦ ਸੰਘੀ ਢਾਂਚੇ ਦਾ ਭੋਗ ਪਾ ਕੇ ਕੇਂਦਰੀਕ੍ਰਿਤ ਨਿਰੰਕੁਸ਼ ਸੱਤਾ ਦਾ ਰਾਹ ਸਾਫ਼ ਕਰਦਾ ਹੈ। ਇਕੱਠ ਮੰਗ ਕਰਦਾ ਹੈ ਕਿ ਇਹ ਤਾਨਾਸ਼ਾਹ ਫ਼ਰਮਾਨ ਵਾਪਸ ਲਿਆ ਜਾਵੇ। ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਤੁਰੰਤ ਬਹਾਲ ਕੀਤਾ ਜਾਵੇ ਅਤੇ ਕਸ਼ਮੀਰੀ ਲੋਕਾਂ ਦਾ ਸਵੈਨਿਰਣੇ ਦਾ ਹੱਕ ਸਵੀਕਾਰ ਕੀਤਾ ਜਾਵੇ।

3. ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ 'ਸਿਵਲ ਸੁਸਾਇਟੀ ਵਿਰੁੱਧ ਜੰਗ' ਦਾ 'ਚੌਥਾ ਮੋਰਚਾ' ਖੋਲ੍ਹਿਆ ਹੋਇਆ ਹੈ। ਲੋਕ ਸੰਘਰਸ਼ਾਂ ਨੂੰ ਕੁਚਲਣ ਅਤੇ ਜਮਹੂਰੀ, ਲੋਕਪੱਖੀ ਆਵਾਜ਼ਾਂ ਨੂੰ ਦਬਾਉਣ ਲਈ ਭੀਮਾ-ਕੋਰੇਗਾਓਂ, ਪੂਰਬ-ਉੱਤਰੀ ਦਿੱਲੀ ਅਤੇ ਹੋਰ ਕੇਸਾਂ ਤਹਿਤ ਬਹੁਤ ਸਾਰੇ ਬੁੱਧੀਜੀਵੀਆਂ ਤੇ ਜਮਹੂਰੀ ਕਾਰਕੁਨਾਂ ਨੂੰ ਕਈ-ਕਈ ਸਾਲਾਂ ਤੋਂ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਕੈਂਪਸਾਂ ਅਤੇ ਕਾਲਜਾਂ ਨੂੰ ਸੱਤਾਧਾਰੀ ਧਿਰ ਦੀ ਵਿਚਾਰਧਾਰਾ ਅਨੁਸਾਰ ਢਾਲਿਆ ਜਾ ਰਿਹਾ ਹੈ। ਵਿਗਿਆਨਕ ਸਿੱਖਿਆ ਅਤੇ ਅਧਿਆਪਨ ਦੀ ਆਜ਼ਾਦੀ ਨੂੰ ਕੁਚਲਿਆ ਜਾ ਰਿਹਾ ਹੈ। ਪ੍ਰੈੱਸ ਦਾ ਗਲਾ ਘੁੱਟਿਆ ਜਾ ਰਿਹਾ ਹੈ। ਨਿਊਜ਼ ਕਲਿੱਕ ਦੇ ਸੰਪਾਦਕਾਂ ਅਤੇ ਕਸ਼ਮੀਰੀ ਪੱਤਰਕਾਰਾਂ ਸਮੇਤ ਬਹੁਤ ਸਾਰੇ ਪੱਤਰਕਾਰ ਬਿਨ੍ਹਾਂ ਜ਼ਮਾਨਤ ਜੇਲ੍ਹਾਂ ਵਿਚ ਸੜ ਰਹੇ ਹਨ। ਜਿਨ੍ਹਾਂ ਕਾਰਕੁੰਨਾਂ/ਬੁੱਧੀਜੀਵੀਆਂ/ਪੱਤਰਕਾਰਾਂ ਨੂੰ ਜ਼ਮਾਨਤ ਦਿੱਤੀ ਗਈ ਹੈ ਉਹ ਝੂਠੇ ਕੇਸਾਂ ਦੀ ਖੱਜਲਖ਼ੁਆਰੀ, ਨਿੱਜਤਾ ਉੱਪਰ ਸਖ਼ਤ ਪਾਬੰਦੀਆਂ ਅਤੇ ਪੁਲਿਸ ਦੀ ਨਿਗਰਾਨੀ ਦੀ ਮਾਰ ਝੱਲ ਰਹੇ ਹਨ। ਅੱਜ ਦਾ ਇਕੱਠ ਮੰਗ ਕਰਦਾ ਹੈ ਕਿ ਜ਼ੁਬਾਨਬੰਦੀ ਦੇ ਮਨੋਰਥ ਨਾਲ ਜੇਲ੍ਹਾਂ ਵਿਚ ਡੱਕੇ ਸਾਰੇ ਬੁੱਧੀਜੀਵੀਆਂ, ਪੱਤਰਕਾਰਾਂ, ਵਿਦਿਆਰਥੀਆਂ ਆਦਿ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਨਿਊਜ਼ਕਲਿੱਕ ਵਿਰੁੱਧ ਅਤੇ ਹੋਰ ਬੁੱਧੀਜੀਵੀਆਂ ਵਿਰੁੱਧ ਦਰਜ ਸਾਰੇ ਕੇਸ ਵਾਪਸ ਲਏ ਜਾਣ। ਭਾਰਤ ਵਿਚ ਜੇਲ੍ਹਾਂ ਵਿਚ ਡੱਕੇ ਆਦਿਵਾਸੀਆਂ, ਸਿਆਸੀ ਕਾਰਕੁਨਾਂ, ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਸਿਆਸੀ ਅਤੇ ਦੂਸਰੇ ਕੈਦੀਆਂ ਨੂੰ ਵੀ ਤੁਰੰਤ ਰਿਹਾਅ ਕੀਤਾ ਜਾਵੇ।




4. ਪਿਛਲੇ 14 ਸਾਲ ਤੋਂ ਕੇਂਦਰ ਸਰਕਾਰ ਦੀ ਅਗਵਾਈ ਹੇਠ ਭਾਰਤੀ ਰਾਜ ਵੱਲੋਂ ਆਦਿਵਾਸੀਆਂ ਨੂੰ ਉਜਾੜ ਕੇ ਉਨ੍ਹਾਂ ਦੇ ਜੰਗਲ-ਜਲ-ਜ਼ਮੀਨ ਉੱਪਰ ਕਾਰਪੋਰੇਟ ਸਰਮਾਏਦਾਰੀ ਦਾ ਕਬਜ਼ਾ ਕਰਾਉਣ ਅਤੇ ਇਨਕਲਾਬੀ ਟਾਕਰੇ ਨੂੰ ਕੁਚਲਣ ਲਈ ਆਪਣੇ ਹੀ ਲੋਕਾਂ ਵਿਰੁੱਧ ਜੰਗ ਵਿੱਢੀ ਹੋਈ ਹੈ। ਝੂਠੇ ਪੁਲਿਸ ਮੁਕਾਬਲਿਆਂ, ਜੇਲ੍ਹਬੰਦੀਆਂ, ਨਜਾਇਜ਼ ਗ੍ਰਿਫ਼ਤਾਰੀਆਂ ਰਾਹੀਂ ਜੇਲ੍ਹਾਂ 'ਚ ਸਾੜਨ ਤੋਂ ਇਲਾਵਾ ਡਰੋਨਾਂ ਰਾਹੀਂ ਬੰਬਾਰੀ ਕਰਕੇ ਆਦਿਵਾਸੀਆਂ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਦਾ ਇਹ ਇਕੱਠ ਮੰਗ ਕਰਦਾ ਹੈ ਕਿ ਡਰੋਨਾਂ ਰਾਹੀ ਆਦਿਵਾਸੀ ਇਲਾਕਿਆਂ ਉੱਪਰ ਬੰਬਾਰੀ ਅਤੇ ਹੋਰ ਰੂਪਾਂ 'ਚ ਘਾਤਕ ਜੰਗੀ ਹਥਿਆਰਾਂ ਦੇ ਇਸਤੇਮਾਲ ਸਮੇਤ ਹਰ ਤਰ੍ਹਾਂ ਦਾ ਰਾਜਕੀ ਦਹਿਸ਼ਤਵਾਦ ਬੰਦ ਕੀਤਾ ਜਾਵੇ। ਓਪਰੇਸ਼ਨ ਗ੍ਰੀਨ ਹੰਟ ਦੇ ਅਜੋਕੇ ਸਾਰੇ ਰੂਪ ਤੁਰੰਤ ਬੰਦ ਕੀਤੇ ਜਾਣ। ਰਾਜਕੀ ਪੁਸ਼ਤਪਨਾਹੀ ਵਾਲੇ ਸਾਰੇ ਹੀ ਗ਼ੈਰਕਾਨੂੰਨੀ ਮੁਜਰਿਮ ਗਰੋਹ ਖ਼ਤਮ ਕੀਤੇ ਜਾ ਜਾਣ। ਕਾਰਪੋਰੇਟ ਪ੍ਰੋਜੈਕਟ ਵਾਪਸ ਲਏ ਜਾਣ ਅਤੇ ਆਦਿਵਾਸੀਆਂ ਦੀ ਨਸਲਕੁਸ਼ੀ ਬੰਦ ਕੀਤੀ ਜਾਵੇ। ਛੱਤੀਸਗੜ੍ਹ ਅਤੇ ਹੋਰ ਆਦਿਵਾਸੀ ਇਲਾਕਿਆਂ ਵਿਚ ਧਰਮ ਬਦਲੀ ਦੇ ਬਹਾਨੇ ਈਸਾਈ ਅਕੀਦੇ ਵਾਲੇ ਲੋਕਾਂ ਨੂੰ ਦਬਾਉਣਾ ਅਤੇ ਉਜਾੜਨਾ ਬੰਦ ਕੀਤਾ ਜਾਵੇ। ਜੰਮੂ ਕਸ਼ਮੀਰ ਤੇ ਉਤਰੀ ਪੂਰਬੀ ਰਾਜਾਂ ਵਿੱਚੋਂ ਫ਼ੌਜ ਅਤੇ ਹੋਰ ਹਥਿਆਰਬੰਦ ਸੁੱਰਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ਸੁਰੱਖਿਆ ਬਲਾਂ ਦੇ ਕੈਂਪ ਤੁਰੰਤ ਹਟਾਏ ਜਾਣ। ਮਨੀਪੁਰ ਵਿਚ ਜਿਨਸੀ ਤੇ ਦਹਿਸ਼ਤਵਾਦੀ ਹਿੰਸਾ ਲਈ ਜ਼ਿੰਮੇਵਾਰ ਗਰੋਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

5. ਸਾਡੇ ਲੋਕਾਂ ਦੀ ਚੰਗੀ ਜ਼ਿੰਦਗੀ ਦੀ ਜਮਹੂਰੀ ਰੀਝ ਨੂੰ ਕੁਚਲਣ ਲਈ ਭਾਰਤੀ ਹੁਕਮਰਾਨਾਂ ਨੇ ਹਮੇਸ਼ਾ ਪੁਲਿਸ-ਫ਼ੌਜ ਦੇ ਜਬਰ ਅਤੇ ਬੇਕਿਰਕ ਕਾਲੇ ਕਾਨੂੰਨਾਂ ਦੀ ਬੇਦਰੇਗ ਵਰਤੋਂ ਕੀਤੀ ਹੈ। ਮੌਜੂਦਾ ਸਰਕਾਰ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਕਾਰਨ ਪਹਿਲੀਆਂ ਸਰਕਾਰਾਂ ਨਾਲੋਂ ਵੀ ਜ਼ਿਆਦਾ ਬੇਕਿਰਕ ਹੈ। ਯੂਏਪੀਏ ਅਤੇ ਕੌਮੀ ਜਾਂਚ ਏਜੰਸੀ ਦੀ ਥੋਕ 'ਚ ਵਰਤੋਂ ਦੇ ਨਾਲ-ਨਾਲ ਇਸ ਵੱਲੋਂ ਹਰ ਉਸ ਕਾਨੂੰਨ ਵਿਚ ਸੋਧ ਕੀਤੀ ਜਾ ਰਹੀ ਹੈ ਜੋ ਸਾਡੇ ਲੋਕਾਂ ਨੂੰ ਕੁਝ ਸੁੱਰਖਿਆ ਜਾਂ ਹੱਕ ਦਿੰਦਾ ਹੈ। ਇਸੇ ਨੀਤੀ ਤਹਿਤ ਵਣ ਸੁੱਰਖਿਆ ਕਾਨੂੰਨ ਵਿਚ ਸੋਧ ਕੀਤੀ ਗਈ। ਕਿਰਤ ਕਾਨੂੰਨਾਂ ਵਿਚ ਮਜ਼ਦੂਰ ਵਿਰੋਧੀ ਸੋਧਾਂ ਕਰਕੇ ਚਾਰ ਕਿਰਤ ਕੋਡ ਬਣਾ ਦਿੱਤੇ ਗਏ। ਅੰਗਰੇਜ਼ ਰਾਜ ਦੀ ਵਿਰਾਸਤ ਕਾਨੂੰਨਾਂ ਨੂੰ ਖ਼ਤਮ ਕਰਨ ਦੇ ਨਾਂ ਹੇਠ ਇੰਡੀਅਨ ਪੀਨਲ ਕੋਡ ਅਤੇ ਕ੍ਰਿਮੀਨਲ ਪ੍ਰੋਸੀਜ਼ਨ ਕੋਡ ਵਿਚ ਰੱਦੋਬਦਲ ਕਰਕੇ ਹਕੂਮਤ ਨੇ ਨਾਗਰਿਕਾਂ ਨੂੰ ਕੁਚਲਣ ਦੀ ਨਿਰੰਕੁਸ਼ ਤਾਕਤ ਨੂੰ ਸੰਵਿਧਾਨਕ ਰੂਪ ਦੇ ਲਿਆ ਹੈ। ਨਵਾਂ ਦੰਡ ਅਤੇ ਫ਼ੌਜਦਾਰੀ ਵਿਧਾਨ ਯੂ.ਏ.ਪੀ.ਏ. ਦਾ ਨਵਾਂ ਅਤੇ ਵਧੇਰੇ ਬੇਕਿਰਕ ਰੂਪ ਹੈ। ਡੇਟਾ ਸੁਰੱਖਿਆ ਅਤੇ ਬ੍ਰਾਡਕਾਸਟਿੰਗ ਬਿੱਲਾਂ ਰਾਹੀਂ ਪ੍ਰੈੱਸ, ਸੋਸ਼ਲ ਮੀਡੀਆ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਸਖ਼ਤ ਸ਼ਿਕੰਜਾ ਕੱਸਣ ਦੀ ਤਿਆਰੀ ਹੈ। ਅੱਜ ਦਾ ਇਕੱਠ ਮੰਗ ਕਰਦਾ ਹੈ ਚਾਰ ਕਿਰਤ ਕੋਡ, ਆਈ.ਪੀ.ਸੀ. ਅਤੇ ਸੀਆਰਪੀਸੀ ਵਿਚ ਸੋਧਾਂ ਸਮੇਤ, ਯੂ.ਏ.ਪੀ.ਏ. ਸਮੇਤ ਸਾਰੇ ਜਾਬਰ ਕਾਨੂੰਨ ਵਾਪਸ ਲਏ ਜਾਣ। ਅਵਾਮ ਦੇ ਰੋਜਗਾਰ ਦੀ ਗਾਰੰਟੀ, ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਜਥੇਬੰਦੀ ਬਣਾਉਣ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ। ਆਮ ਲੋਕਾਂ ਦੀ ਜ਼ਿੰਦਗੀ ਦੀ ਸੁਰੱਖਿਆ ਦੀ ਗਰੰਟੀ ਦਿੰਦੇ ਅਤੇ ਹਾਸ਼ੀਏ 'ਤੇ ਧੱਕੇ ਦੱਬੇਕੁਚਲੇ ਹਿੱਸਿਆਂ ਦੀ ਪ੍ਰੁੱਗਤ ਨੂੰ ਯਕੀਨੀਂ ਬਣਾਉਂਦੇ ਕਾਨੂੰਨ ਬਣਾਏ ਜਾਣ। ਦਲਿਤਾਂ, ਔਰਤਾਂ ਅਤੇ ਹੋਰ ਕਮਜੋਰ ਤਬਕਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਨਾਗਰਿਕਾਂ ਨੂੰ ਮੁਫਤ ਵਿਦਿਆ, ਮੁਫ਼ਤ ਸਿਹਤ ਸਹੂਲਤਾਂ, ਪੱਕੇ ਰੋਜ਼ਗਾਰ ਸਮੇਤ ਮੁੱਢਲੀਆਂ ਲੋੜਾਂ ਮੁਹੱਈਆ ਕੀਤੀਆਂ ਜਾਣ।

6. ਕੁਝ ਦਿਨ ਪਹਿਲਾਂ ਸੰਸਦ ਦੇ ਅੰਦਰ ਅਤੇ ਬਾਹਰ ਨਾਅਰੇ ਲਾਉਣ ਵਾਲੇ ਨੌਜਵਾਨਾਂ ਦੇ ਸਧਾਰਨ ਪ੍ਰੋਟੈਸਟ ਨੂੰ ਆਰ.ਐੱਸ.ਐੱਸ.-ਭਾਜਪਾ ਹਕੂਮਤ ਅਤੇ ਗੋਦੀ ਮੀਡੀਆ ਨੇ ਬਹੁਤ ਵੱਡਾ ਸੁਰੱਖਿਆ ਮੁੱਦਾ ਬਣਾ ਲਿਆ ਹੈ। ਜਦਕਿ ਨਾ ਉਨ੍ਹਾਂ ਨੇ ਕਿਸੇ ਨੂੰ ਕੋਈ ਨੁਕਸਾਨ ਪਹੁੰਚਾਇਆ ਅਤੇ ਨਾ ਕੋਈ ਭੰਨਤੋੜ ਕੀਤੀ। ਉਨ੍ਹਾਂ ਉੱਪਰ ਯੂਏਪੀਏ ਲਗਾ ਦਿੱਤਾ ਗਿਆ ਹੈ। ਗੋਦੀ ਮੀਡੀਆ ਅਤੇ ਸੋਸ਼ਲ ਮੀਡੀਆ ਰਾਹੀਂ ਇਨ੍ਹਾਂ ਨੌਜਵਾਨਾਂ ਦੀ ਤਸਵੀਰ ਖ਼ਤਰਨਾਕ ਦੇਸ਼ਧ੍ਰੋਹੀ ਦੀ ਪੇਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਪਰਿਵਾਰ ਬੇਹੱਦ ਡਰ, ਅਸੁੱਰਖਿਆ ਅਤੇ ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਹਨ। ਅਸੀਂ ਸਮਝਦੇ ਹਾਂ ਕਿ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਉੱਪਰ ਸਵਾਲ ਕਰਨਾ ਅਤੇ ਪ੍ਰਦਰਸ਼ਨ ਕਰਨਾ ਹਰ ਨਾਗਰਿਕ ਦਾ ਜਮਹੂਰੀ ਹੱਕ ਹੈ। ਅਸਲ ਦਹਿਸ਼ਤਵਾਦੀ, ਕਾਤਲ ਅਤੇ ਦੇਸ਼ਧ੍ਰੋਹੀ ਤਾਂ ਇਹ ਹਕੂਮਤ ਹੈ ਜੋ ਆਪਣੇ ਫਿਰਕੂ ਫਾਸ਼ੀਵਾਦੀ ਏਜੰਡੇ ਤਹਿਤ ਸਾਡੇ ਦੇਸ਼ ਨੂੰ ਸਮਾਜਿਕ, ਸੱਭਿਆਚਾਰਕ ਅਤੇ ਆਰਥਕ ਤੌਰ 'ਤੇ ਤਬਾਹ ਕਰ ਰਹੀ ਹੈ। ਹਕੂਮਤ ਦੇ ਖ਼ੂਨੀ ਹੱਥ ਰੋਕਣ ਲਈ ਇਸ ਤਰ੍ਹਾਂ ਦੀ ਬੁਲੰਦ ਆਵਾਜ਼ ਦੇਸ਼ ਵਿਚ ਥਾਂ ਥਾਂ ਉੱਠਣੀ ਚਾਹੀਦੀ ਹੈ। ਅੱਜ ਦਾ ਇਕੱਠ ਮੰਗ ਕਰਦਾ ਹੈ ਕਿ ਇਨ੍ਹਾਂ ਨੌਜਵਾਨਾਂ ਵਿਰੁੱਧ ਦਰਜ ਨਜਾਇਜ਼ ਕੇਸ ਤੁਰੰਤ ਰੱਦ ਕੀਤਾ ਜਾਵੇ ਅਤੇ ਜਮਹੂਰੀ ਹੱਕਾਂ ਨੂੰ ਕੁਚਲਣਾ ਬੰਦ ਕੀਤਾ ਜਾਵੇ।

7. ਗੈਂਗਸਟਰ ਇਨ੍ਹਾਂ ਹਾਕਮ ਜਮਾਤੀ ਪਾਰਟੀਆਂ ਤੇ ਇਸ ਪ੍ਰਬੰਧ ਦੇ ਪੈਦਾ ਕੀਤੇ ਹੋਏ ਹਨ। ਹਾਕਮ ਜਮਾਤੀ ਸਿਆਸਤਦਾਨ ਨੌਜਵਾਨਾਂ ਦੇ ਅਰਾਜਕ ਗੈਂਗਾਂ ਦੀ ਪੁਸ਼ਤਪਨਾਹੀ ਕਰਕੇ ਉਨ੍ਹਾਂ ਨੂੰ ਆਪਣੇ ਸੌੜੇ ਹਿਤਾਂ ਲਈ ਵਰਤਦੇ ਹਨ। ਨੌਜਵਾਨਾਂ ਦਾ ਇਕ ਹਿੱਸਾ ਨਸ਼ਿਆਂ ਅਤੇ ਜੁਰਮ ਦੀ ਘਾਤਕ ਦਲਦਲ ਵਿਚ ਧਸ ਚੁੱਕਾ ਹੈ। ਬਦਲਾਅ ਦੇ ਝੂਠੇ ਸੁਪਨੇ ਦਿਖਾਕੇ ਸੱਤਾ ਵਿਚ ਆਈ ਭਗਵੰਤ ਮਾਨ ਸਰਕਾਰ ਨਸ਼ਿਆਂ ਅਤੇ ਜੁਰਮ ਦੀ ਜੜ੍ਹ ਨੂੰ ਮੁਖ਼ਾਤਿਬ ਹੋਣ ਅਤੇ ਪੁਲਿਸ+ਸਿਆਸਤਦਾਨਾਂ+ਨਸ਼ਾ ਤਸਕਰਾਂ ਦੇ ਗੱਠਜੋੜ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਪੁਲਿਸ ਨੂੰ ਗੈਂਗਸਟਰਾਂ ਦੇ ਮੁਕਾਬਲੇ ਬਣਾਉਣ ਲਈ ਸ਼ਿਸ਼ਕੇਰ ਕੇ ਗ਼ੈਰਅਦਾਲਤੀ ਸਜ਼ਾਵਾਂ ਦੀ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਕਰ ਰਹੀ ਹੈ। ਪੁਲਿਸ ਦੇ ਹੱਥ ਬੇਲਗਾਮ ਤਾਕਤਾਂ ਦੇਣ ਦਾ ਇਹ ਰੁਝਾਨ ਬੇਹੱਦ ਖ਼ਤਰਨਾਕ ਹੈ ਅਤੇ ਇਹ ਸਰਕਾਰੀ ਦਹਿਸ਼ਤਵਾਦ ਦਾ ਹੀ ਇਕ ਰੂਪ ਹੈ। ਜੇ ਕਿਸੇ ਨੇ ਜੁਰਮ ਕੀਤਾ ਹੈ ਤਾਂ ਉਸ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਸਜ਼ਾ ਮਿਲਣੀ ਚਾਹੀਦੀ ਹੈ। ਗੈਂਗਸਟਰਾਂ ਨੂੰ ਦਬਾਉਣ ਦੇ ਨਾਂ ਹੇਠ ਪੁਲਿਸ ਨੂੰ ਗੈਰਅਦਾਲਤੀ ਕਤਲਾਂ/ਸਜ਼ਾਵਾਂ ਦੀ ਜੋ ਤਾਕਤ ਦਿੱਤੀ ਜਾ ਰਹੀ ਹੈ, ਇਹ ਆਖਿਰਕਾਰ ਆਮ ਲੋਕਾਂ ਵਿਰੁੱਧ ਹੀ ਵਰਤੀ ਜਾਵੇਗੀ। ਮੌਜੂਦਾ ਸਰਕਾਰ ਆਪਣੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਲਈ ਗੈਂਗਸਟਰਾਂ ਦੇ ਕਤਲਾਂ ਨੂੰ ਇਕ ਪ੍ਰਾਪਤੀ ਦੇ ਤੌਰ 'ਤੇ ਪੇਸ਼ ਕਰ ਰਹੀ ਹੈ। ਸਰਕਾਰ ਦੀ ਮਨਸ਼ਾ ਜੁਰਮ ਅਤੇ ਗੈਂਗਸਟਰ ਵਰਤਾਰੇ ਨੂੰ ਖ਼ਤਮ ਕਰਨ ਦੀ ਨਹੀਂ ਸਗੋਂ ਆਮ ਲੋਕਾਈ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਪੁਲਿਸ ਸਟੇਟ ਬਣਾਉਣ ਦੀ ਹੈ। ਹੋਰ ਵੀ ਚਿੰਤਾਜਨਕ ਪੱਖ ਇਹ ਹੈ ਕਿ ਸਾਡੇ ਸਮਾਜ ਦਾ ਇਕ ਹਿੱਸਾ ਇਨ੍ਹਾਂ ਕਤਲਾਂ ਉੱਪਰ ਖ਼ੁਸ਼ ਹੋ ਰਿਹਾ ਹੈ। ਅੱਜ ਦਾ ਇਕੱਠ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਕਥਿਤ ਮੁਕਾਬਲਿਆਂ ਵਿਚ ਮਾਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ ਅਤੇ ਇਹ ਨੀਤੀ ਤੁਰੰਤ ਬੰਦ ਕਰਨ ਦੀ ਮੰਗ ਕਰਦਾ ਹੈ।

# Number of Ontario hospital emergency closures soars to new record

## Health Coalition demands Ford government finally take action

Toronto - A new report, Unprecedented and Worsening: Ontario's Local Hospital Closures 2023released by the Ontario Health Coalition at Queen's Park this morning, paints a stark picture of a health care system that has tipped into collapse.

Across Ontario, vital hospital services, such as emergency departments, maternity and obstetrics, outpatient laboratories and intensive care units, have been subject to repeated closures in the last three years. Those closures were unprecedented. Now, the Coalition found that the number of emergency department closures has increased even more. Not only are emergency departments shuttered for evenings, overnights, weekends or weeks and months at a time, but so too are labour and delivery units, obstetrics, outpatient laboratories, urgent care centres and intensive care units. The duration of closures is getting longer. Multiple towns across regions are closing vital services at the same time. Public notice is often last minute.

In its report released today, the Ontario Health Coalition tracked the closures of these urgent hospital services and found the following closures to date in 2023:

- 868 temporary or permanent emergency department closures (one is permanent);
- 316 urgent care centre closures;
- two outpatient laboratory closures;
- eleven obstetrics unit closures;
- one ICU closure, and;
- one labour and delivery unit closure (long-term).

In total, there have been 1,199 closures of vital hospital services this year up until November 24, meaning these services have temporarily or permanently closed in 1,199 instances. Consequently, 31,055 hours of care (equivalent to 3.44 years) have been lost to local communities this year so far.

A growing number of local hospitals are at risk of permanently losing services.

- The local emergency department in Chesley has been closing evenings, overnight and on weekends since December 5, 2022.
- Clinton's emergency department has been closed from 6 p.m. to 8 a.m. since December 2019.
- The town of Durham in Western Ontario has had at least 51 emergency department closures in 2023 to date.
- Seaforth has had 17 temporary emergency department closures this year, Walkerton has had 20 and Wingham has had 31.
- The Fort Erie and Port Colborne urgent care centres permanently closed overnight on July 5, and;
- The Minden hospital's emergency department permanently closed on June 1.
- In Hearst, more than an hour away from the nearest hospital, labour and delivery has been closed for months.
- Communities as remote as Red Lake and Manitoulin Island have warned they are on the brink of closures.

"It is indisputable that these closures are endangering the health of Ontario residents," warned Natalie Mehra, executive director of the Ontario Health Coalition. "There is no excess hospital capacity to be closed. Ontario has well-documented levels of hospital overcrowding and consequential emergency department backups that are extreme by all standards, national and international. The hospitals to which patients must drive -- or to which they must somehow find transportation when their local hospital services are closed – are already overburdened and understaffed."

"In the North, the distances between hospitals that are experiencing service closures are huge. Some hospitals have had services closed when they are an hour to four hours away from the next open service," she added. "In the counties of Midwestern Ontario – Perth, Huron, Wellington, Dufferin, Bruce and Grey – we are seeing multiple hospital emergency departments closed at the same time with little to no notice. Patients in medical crises have to confirm on their own that the next hospital emergency isn't also closed."

The immediate cause of the closures is staff shortages including nurse, health professional and physician shortages. Staffing shortages that were emerging prior to the pandemic have grown over the last three years into the worst crisis anyone has seen. The staffing crisis has been compounded by public policy choices by the Ford government that have actively undermined staffing efforts, including wage suppression legislation (Bill 124), privatization of staffing through for-profit staffing agencies, the government's decision to end emergency COVID funding for locums and other funding, and extremely short-term funding arrangements announced after short staffing has become critical.




Ms. Mehra also blamed the worsening situation on an unprecedented failure of leadership:

"The Ford government has not stepped in and set a standard of expectation that these vital services remain open," she said, noting that historically the Health Minister has intervened to halt closures. However, in response to the permanent closure of the Minden hospital emergency department, in existence since 1956, the Minister said it is a local decision.

"The failure of the provincial government to take responsibility for planning, recruiting and retaining needed health care staff, dealing with crises and setting standards for access to the most urgent of health care services is at odds with the approach of Ontario's governments dating back at least forty years."

Long term policies of underfunding hospitals in order to downsize them meant that Ontario had no surge capacity left by the beginning of the pandemic. Ontario has the fewest hospital beds per person left of any province in Canada and funds hospitals at the lowest rate in the country. Despite promises to end hallway medicine and not to cut public services, the Ford government imposed a new round of austerity and real-dollar cuts to public hospitals when it took power. While the government provided extra funding during the early years of the pandemic, it cancelled COVID funding in the most recent budget, imposing austerity again.

This year, hospital funding in Ontario is increasing by only 0.5% while health care inflation increased by 5.65%, a real-dollar cut, forcing hospitals to downsize their services and continuing downward pressure on wages for staff that are already in crisis-levels of short supply. At the same time, they have vastly increased funding for for-profit clinics and hospitals, and for for-profit staffing agencies.

There can be no solution to the staffing crisis without retaining and attracting back staff into the regular workforce of our public hospitals. Instead, the provincial government is making public policy choices to impose budget austerity on public hospitals while funding private staffing agencies, not taking leadership, attempting to impose further wage suppression, and providing only short-term and belated emergency funding. The Health Coalition demanded the Ford government take real action to address the crisis.

# Free dental treatment for low and medium income families by Government of Canada

OTTAWA - The new federal dental insurance plan will be started in 2024, with the first claims likely to be processed in May, government officials said.

The insurance plan is a conditional demand of New Democrats to secure the opposition party's support on key votes, for Liberals' supply-and-confidence deal.

The deal calls for a plan that would offer dental benefits directly to low- and middle-income Canadians. Eligibility will expand over the course of the year to include all qualifying seniors over the age of 65 by May 2024, then children under the age of 18 and people with disabilities by June.

The first people to enrol in the program are expected to be able to start claiming dental services in May. The government aims to make the program available to all qualifying Canadians in 2025.

Once the program is fully expanded, it will be available to roughly nine million people, making it the government's largest social program. It is budgeted to cost $13 billion over the first five years. To qualify, applicants must be Canadian residents with a household income under $90,000 and no private insurance. Those with an annual family income under $70,000 will have no co-pays. Eligibility for people with disabilities will be based on whether they have an active disability tax credit, at least until the program is expanded to all people who fall under the income threshold. The Liberal's pact with the New Democrats calls for the program to be launched for seniors, children under the age of 18 and people with disabilities by 2024. Though enrolment will be phased in over the next year, NDP health critic Don Davies said his party is ecstatic to have a concrete program in motion by the deadline, especially if a gradual approach means a smoother roll-out. The NDP have pledged to monitor the program carefully, and have called for regular reviews to track what is working and what isn't. The services offered, including preventive teeth cleanings, treatments and removable dentures, will closely reflect the services offered to registered First Nations and Inuit people under the Non-Insured Health Benefits Program.

Dental cosmetic procedures will not be covered.

The new program is closely modelled on the NIHB, though they have implemented some lessons learned from the federal program for First Nations and Inuit people.

Once the new federal program is up and running, people will be able to bring their benefits card to registered dental-care providers who will submit the claim on their behalf. The Liberals intend the coverage to mesh with existing federal and provincial dental health benefits, but the government is still in the process of negotiating with individual provinces which program would be the primary payer. People receiving existing federal dental benefits, including refugees, veterans and First Nations people, will still qualify for the new federal program. So far, there are no plans to amalgamate the programs.

The government signed a $750-million contract with Sun Life Assurance Company of Canada to administer the claims. Procurement Minister Jean-Yves Duclos previously announced a $15-million agreement with the company to lay the groundwork in September. A copy of that agreement, obtained through access-to-information legislation, shows that work includes preparations for enrolling dental-care providers and setting up a website and call centre to answer questions from oral-health providers and plan members. The government expects to start mailing out letters to the first cohort of potential applicants next week, and has set up its own call centre to enrol seniors in the program.

In May, the enrolment process is expected to move to an online platform. Once the government confirms the applicant's eligibility, Sun Life will start the enrolment process.

# MEANINGFUL INTERACTIONS; IS PROPERTY A MEASURE OF SUCCESS AND HAPPINESS?

Yadvinder Singh Toor
Barrister & Solicitor
(416-558-1777)

What type of discussions, communications and actions are satisfying which enhance the relationships. On the other hand, what type of discussions and actions are non-productive, disruptive of the relationships and amount to self-praise.

Why discussing property in social relations is taking prominence these days? Is it right or wrong?

The answer to the queries raised is not simple. People have started measuring success with money and property creating a new type of upheaval in the society. It has also resulted in feelings of discontent and unhappiness without knowing the causes of these feelings. What type of discussions are meaningful in society and what brings happiness is a question to explore. The problem is multi-faceted which has demanded venturing into various subject areas and scholarly writings.

**Society, Social Relationships and Social Interactions :** Einstein is of the view that individuals' value to the community depends on how far his feelings, thoughts and actions are directed to promoting good of his fellow beings. The society from time to time needs creative individual personalities for upward development of the society.

Value system developed to the greater extent dictates the actions of the individuals in the given society.

Value system of eastern societies, including India, is fundamentally based on concept of duties and respect for elders.

**What are core Canadian Values? :** Sociologists disagree about the extent to which all people in this country share a core set of values. A survey of about four thousand people was done to know what are core Canadian values, the answers were (1) equality and fairness (2) consultation and dialogue (3) accommodation and tolerance (4) support for diversity (5) compassion and generosity (6) Canada's natural beauty (7) Canada's world image.

**Culture and values vary.** : However, if a totally different value system is adopted or created by an individual and is forced on others it has various negative impacts, including resulting in unhappiness.

A famous philosopher of the 19th century, Bertrand Russell attributes unhappiness largely to mistaken views of the world, mistaken ethics and mistaken habits of life.

**Individual in the Cultural Crisis :** Famous American philosopher, John Dewey, is of the view that anthropologically speaking we are living in a money culture. He writes, "the individual is in cultural crisis". The socialization at present is merely "mechanical and quantitative" and not "qualitive". An individual is not the master of his own soul, beliefs and aims.

The mad rush for property and money has created unrest, impatience, irritation and hurry. A worry expressed by Bertrand Russell.

The individuals' fails to realize that these beliefs and aims of acquiring maximum property for themselves even if of primary importance to them, are not relevant to the society in which they interact.

Philosopher Dewey uses the term for such type of individual as "lost individual", having no imaginative and emotional outlook of life. The interactions, thus become impersonal, mechanical and quantitative only.

Such type of lost individual has no connections with real activities of life but measures his success, wrongly with personal financial gain, and then boasts about the same to his friends and relatives without realizing that other people may be enjoying their life in a meaningful manner and are happy within themselves.

**Some of the Misunderstandings with respect to giving importance to money and property :** Bertrand Russell is of the view that when somebody starts believing that all values may be measured in terms of money and that money is final test of success in life, this is a wrong belief. It ignores important needs and instinctive tendency towards some specific kind of growth. Also,

(a) It makes men treat, as unimportant many of their desires which run counter to accumulation of money, and yet which desires are as a rule are more important to well-being, than increase in wealth;

(b) It leads people to transform their own understanding, what success really means;

(c) By running after wealth as a measure of success in life one is adopting a way of life which adds nothing to human welfare;

(d) promotes a dead uniformity of character and purpose; and

(e) leads to shrinking of enjoyment of life by stress and strain, resulting in discouraged and disillusioned communities.

Fearing of losing money- or money-making opportunity leads to anxiety and eats away happiness of life.

**Who are happy people? :** The happy people are those who are indifferent to money because they have some positive purpose in life, which shuts it up.

An individual who is unhappy will, as a rule, adopt unhappy principles and an individual who is happy will adopt happy principles.

Where external circumstances are not unfortunate a man should be able to achieve happiness for which it is important that passions and interests are directed outwards and not inwards for self-interests only.

Where an individual's desires are centered upon himself or herself there is no genuine interest in the outer world and they don't end up in genuine and happy relationships. Self-centered passions afford very little variety in life.

Another famous philosopher, Aristotle (born 384 BC) was of the view that happiness is made up of activities in which we use the best human capacities.

The accumulation of wealth and boasting of individuals material achievements, such as number and make of cars, number of properties, square footage of a house, the types of materials used, and so on has no correlation to the human activities which bring happiness.

So long as the individual remains self-centered and therefore does not get out of the vicious cycle of self-interest, the said individual remains an unhappy person. If a person is to get out of it, it is to be by adopting genuine interest in different things of life and people.

Why then social discussions are not varied but get centered on money and property.

Let's also analyze some of the negative impacts on others of such type of discussions.

Unhealthy competition and unsettling of a rightful mind from proper and rightful approach of life

Discussing and boasting of one's own material accomplishments generates, unsaid sense of competition, distracting attention of a fellow friend, from the rightful activities and rightful approach of life being pursued. It has the potential of creating a feeling of inferiority of lack of financial wealth in comparison. An individual boasting about his money or property etc. is doing so without realizing that such boasting can unsettle the minds of others from good things they are doing and from the right approach to life and happiness they have adopted.

Individuals fail to realize that by boasting about material achievements they are giving importance to something less essential for mutual relationship and interactions and which has no correlation to happiness in life.

Running after money beyond a certain point is counterproductive to happiness.

**Envy and Jealousy** : Bertrand Russell writes that emotion of envy (a feeling of discontent with regard to another's advantages, success, possessions) and of jealousy is prevalent among adults and children. The difference is children are more open to their expressions of envy and of jealousy than the grownups.

Interaction of individuals in the society has to be watchful of the acts directly or indirectly resulting in envy and/or jealousy. Human nature is such that characteristics of envy is most unfortunate, to the extent some people out of envy, wish unfortunate for the other and also render themselves unhappy because of being envious. Instead of driving pleasure the emotion triggered drives pain in the individual. This also impacts excellence and exceptional skills of the envious person.

**Goal of interactions** : The goal of interactions is to increase admiration of others, and to take care that envy or jealousy is not created. If an individual talks unchecked about his material accomplishments of property and money without realizing the circumstances, wishes, goals and philosophy of life of the others, in fact, the individual is not doing any good by such discussions to his friends.

**Vicious Cycle, Alexander the Great and Buddha :** The lust for growth of property has no limits, a person after getting something is always wanting more, starts interaction with different type and level of friends, than tries to match them in their financial achievements, in turn gets trapped into vicious circle of limitless desires affecting his/her own family and other near and dear relations. It is even questioned, if Alexander the great was a happy man. After it became clear that he is the greatest conqueror of the world, he considered himself to be a god. He engaged in excessive drinking and had serious rages of anger, not signs of a happy man.

To the contrary, Gautam Buddha, born in 600 BC as son of a king, left the kingdom and has followers throughout the world, have led and preached living principled life.

**Meaningful Discussions :** One sided discussions of property and money take a totally different path than those of meaningful and required discussions of (a) genuine companionship, (b) sharing and discussing different interests of life, (c) affectionate dealing with each other, (d) understanding each other's needs, and (e) being genuinely interested in others point of view.

It is important that in good life there must be a good balance between different activities, and no one must be carried to make other activities impossible. Further, it is our social obligation that we do not enforce our misguided views, such as property achievements, etc. on others. By doing so, we are not acting as individuals living in harmonious relationships and express the lack of wisdom yet to be achieved.

**Conclusion** : Let's think and act properly, and behave wisely, realizing the impact of words spoken on others and understanding wider implications of living in and maintaining good relationships of mutual liking of each other. We should explore the interests of others, expand, and explore our genuine interest in various other activities of life, while not remaining self-centered.

# ਗਾਜ਼ਾ ਦੀ ਸਥਿਤੀ ਨੂੰ ਮੱਧ ਪੂਰਬ ਵਿੱਚ ਇੱਕ ਵਿਆਪਕ ਯੁੱਧ ਸ਼ੁਰੂ ਕਰਨ ਤੋਂ ਰੋਕਣ ਦੀ ਲੋੜ



ਸਾਨੂੰ ਗਾਜ਼ਾ ਦੀ ਸਥਿਤੀ ਨੂੰ ਮੱਧ ਪੂਰਬ ਵਿੱਚ ਇੱਕ ਵਿਆਪਕ ਯੁੱਧ ਸ਼ੁਰੂ ਕਰਨ ਤੋਂ ਰੋਕਣ ਲਈ ਤੇਜ਼ੀ ਨਾਲ ਕੰਮ ਕਰਨ ਦੀ ਲੋੜ ਹੈ।

ਵਿਰੋਧ, ਰਾਜ ਦਮਨ, ਹੜਤਾਲਾਂ, ਵਾਰਗਾਜ਼ਾ, ਗਲੋਬਲ, ਇਜ਼ਰਾਈਲ, ਮੱਧ ਪੂਰਬ, ਫਲਸਤੀਨ ਨਿਊਜ਼ਵਾਇਰ ਮੱਧ ਪੂਰਬ ਵਿੱਚ ਇੱਕ ਵਿਸ਼ਾਲ ਯੁੱਧ ਸ਼ੁਰੂ ਹੋਣ ਦੇ ਖ਼ਤਰੇ ਦੇ ਸੰਕੇਤ ਹੁਣ ਲਾਲ ਚਮਕ ਰਹੇ ਹਨ।

ਜੇ ਗਾਜ਼ਾ ਵਿੱਚ ਇੱਕ ਸਥਿਰ ਅਤੇ ਸਥਾਈ ਜੰਗਬੰਦੀ ਨੂੰ ਸੁਰੱਖਿਅਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਕਾਰਨ ਬੇਰਹਿਮ ਇਜ਼ਰਾਈਲੀ ਹਮਲੇ ਦੇ ਅਧੀਨ ਫਲਸਤੀਨੀ ਲੋਕਾਂ ਦਾ ਵਰਣਨਯੋਗ ਦੁੱਖ ਬਣਿਆ ਹੋਇਆ ਹੈ, ਫਿਰ ਇਹ ਖ਼ਤਰਾ ਸਿਰਫ਼ ਘੱਟ ਮਹੱਤਵਪੂਰਨ ਦੂਜਾ ਹੈ।

ਇਜ਼ਰਾਈਲ-ਲੇਬਨਾਨ ਸਰਹੱਦ ’ਤੇ ਇਕ ਵੱਡਾ ਫਲੈਸ਼ਪੁਆਇੰਟ ਹੈ, ਜਿੱਥੇ ਮੌਜੂਦਾ ਗਾਜ਼ਾ ਸੰਕਟ ਦੀ ਸ਼ੁਰੂਆਤ ਤੋਂ ਹੀ ਇਜ਼ਰਾਈਲੀ ਹਥਿਆਰਬੰਦ ਬਲ ਅਤੇ ਹਿਜ਼ਬੁੱਲਾ ਨਿਯਮਤ ਤੌਰ ’ਤੇ ਗੋਲੀਬਾਰੀ ਕਰ ਰਹੇ ਹਨ। ਹਿਜ਼ਬੁੱਲਾ ਲੇਬਨਾਨੀ ਸਰਕਾਰ ਦਾ ਹਿੱਸਾ ਹੈ ਅਤੇ ਆਪਣੇ ਆਪ ਵਿੱਚ ਇੱਕ ਵੱਡੀ ਹਥਿਆਰਬੰਦ ਫੋਰਸ ਹੈ।

ਇਨ੍ਹਾਂ ਝੜਪਾਂ ਦੇ ਨਤੀਜੇ ਵਜੋਂ, ਇਜ਼ਰਾਈਲੀ ਅਧਿਕਾਰੀਆਂ ਨੇ ਸਰਹੱਦ ਦੇ ਨੇੜੇ ਕਈ ਰਿਹਾਇਸ਼ੀ ਖੇਤਰਾਂ ਨੂੰ ਖਾਲੀ ਕਰ ਦਿੱਤਾ ਹੈ। ਮੰਗਲਵਾਰ ਨੂੰ, ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਹਿਜ਼ਬੁੱਲਾ ਨੂੰ ਖਤਮ ਕਰਨ ਲਈ ਕਾਰਵਾਈ ਕਰਨ ਦੀਆਂ ਧਮਕੀਆਂ ਨੂੰ ਨਵਾਂ ਰੂਪ ਦਿੱਤਾ।

ਇਹ ਉਹ ਚੀਜ਼ ਹੈ ਜੋ ਇਜ਼ਰਾਈਲ ਨੇ ਅਤੀਤ ਵਿੱਚ ਸਫਲਤਾ ਤੋਂ ਬਿਨਾਂ ਕੋਸ਼ਿਸ਼ ਕੀਤੀ ਹੈ। ਲੇਬਨਾਨੀ ਸੰਗਠਨ ਇੱਕ ਜ਼ਬਰਦਸਤ ਫੌਜੀ ਵਿਰੋਧੀ ਹੈ. ਅੱਜ, ਹਾਲਾਂਕਿ, ਇਜ਼ਰਾਈਲ ਨੂੰ ਬਿਡੇਨ ਪ੍ਰਸ਼ਾਸਨ ਦੁਆਰਾ ਪੂਰਬੀ ਮੈਡੀਟੇਰੀਅਨ ਲਈ ਭੇਜੇ ਗਏ ਦੋ ਯੂਐਸ ਏਅਰਕ੍ਰਾਫਟ ਕੈਰੀਅਰ ਸਮੂਹਾਂ ਦੁਆਰਾ ਸਮਰਥਨ ਪ੍ਰਾਪਤ ਹੈ।

ਹਿਜ਼ਬੁੱਲਾ ਨੂੰ ਈਰਾਨ ਦਾ ਮਜ਼ਬੂਤ ਸਮਰਥਨ ਪ੍ਰਾਪਤ ਹੈ, ਇਸ ਲਈ ਇਹ ਅਸੰਭਵ ਨਹੀਂ ਹੈ ਕਿ ਇਸਲਾਮੀ ਗਣਰਾਜ ਨੂੰ ਕਿਸੇ ਵੀ ਵਧਦੇ ਟਕਰਾਅ ਵਿੱਚ ਖਿੱਚਿਆ ਜਾ ਸਕੇ। ਲੇਬਨਾਨ ਦੇ ਲੋਕ ਨਿਸ਼ਚਿਤ ਤੌਰ ’ਤੇ ਅਜਿਹੀ ਝੜਪ ਦੇ ਵੱਡੇ ਪੀੜਤਾਂ ਵਿੱਚੋਂ ਹੋਣਗੇ।

ਇੱਕ ਵੱਖਰੇ ਪਰ ਜੁੜੇ ਵਿਕਾਸ ਵਿੱਚ, ਪ੍ਰਮੁੱਖ ਸ਼ਿਪਿੰਗ ਫਰਮਾਂ ਨੇ ਯਮਨ ਵਿੱਚ ਹਾਉਥੀ ਬਲਾਂ ਦੁਆਰਾ ਸਮੁੰਦਰੀ ਜਹਾਜ਼ਾਂ ’ਤੇ ਮਿਜ਼ਾਈਲ ਹਮਲਿਆਂ ਦੇ ਕਾਰਨ ਲਾਲ ਸਾਗਰ ਅਤੇ ਸੁਏਜ਼ ਨਹਿਰ ਰਾਹੀਂ ਆਵਾਜਾਈ ਨੂੰ ਮੁਅੱਤਲ ਕਰ ਦਿੱਤਾ ਹੈ। ਜੇਕਰ ਇਹ ਜਾਰੀ ਰਿਹਾ ਤਾਂ ਇਸ ਦਾ ਵਿਸ਼ਵ ਅਰਥਵਿਵਸਥਾ ’ਤੇ ਵੱਡਾ ਵਿਘਨਕਾਰੀ ਪ੍ਰਭਾਵ ਪਵੇਗਾ।

ਹਾਉਥੀ, ਜੋ ਸਾਲਾਂ ਤੋਂ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੁਆਰਾ ਘਰੇਲੂ ਯੁੱਧ ਅਤੇ ਪੱਛਮੀ-ਸਮਰਥਿਤ ਦਖਲਅੰਦਾਜ਼ੀ ਵਿਰੁੱਧ ਲੜਾਈ ਲੜ ਰਹੇ ਹਨ, ਕਹੋ ਕਿ ਉਹ ਇਜ਼ਰਾਈਲ ਨੂੰ ਸਪਲਾਈ ਲੈ ਕੇ ਜਾਣ ਵਾਲੇ ਕਿਸੇ ਵੀ ਜਹਾਜ਼ ਨੂੰ ਨਿਸ਼ਾਨਾ ਬਣਾ ਰਹੇ ਹਨ।
Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਇਕ ਪੁਕਾਰ : ਪ੍ਰਧਾਨ ਮੰਤਰੀ ਦੇ ਨਾਂ 'ਤੇ ਖੁੱਲ੍ਹਾ ਖਤ



ਪ੍ਰਧਾਨ ਮੰਤਰੀ ਜੀ, ਉਮੀਦ ਹੈ ਕਿ ਤੁਹਾਡੀ ਸਿਹਤ ਚੰਗੀ ਰਹੇਗੀ। ਤੁਸੀਂ ਬਹੁਤ ਕੰਮ ਵਿੱਚ ਰੁੱਝੇ ਹੋਵੋ ਪਰ ਮੈਂ ਇਹ ਲਿਖ ਰਿਹਾ ਹਾਂ ਕਿ ਦੇਸ਼ ਦੇ ਪਹਿਲਵਾਨਾਂ ਨੂੰ ਕੀ ਹੋ ਰਿਹਾ ਹੈ, ਇਸ ਵੱਲ ਤੁਹਾਡਾ ਧਿਆਨ ਖਿੱਚਣ ਲਈ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਇਸ ਸਾਲ ਜਨਵਰੀ ਵਿੱਚ ਦੇਸ਼ ਦੀਆਂ ਮਹਿਲਾ ਪਹਿਲਵਾਨਾਂ ਨੇ ਬ੍ਰਜਭੂਸ਼ਣ ਦਾ ਇਲਜ਼ਾਮ ਲਗਾਉਂਦੇ ਹੋਏ ਬ੍ਰਿਜ ਭੂਸ਼ਣ ਸਿੰਘ ਖ਼ਿਲਾਫ਼ ਪ੍ਰਦਰਸ਼ਨ ਸ਼ੁਰੂ ਕੀਤਾ ਸੀ। ਮੈਂ ਵੀ ਉਨ੍ਹਾਂ ਦੇ ਵਿਰੋਧ 'ਚ ਸ਼ਾਮਲ ਹੋਇਆ। ਸਰਕਾਰ ਵੱਲੋਂ ਸਖ਼ਤ ਕਾਰਵਾਈ ਕਰਨ ਤੋਂ ਬਾਅਦ ਇਹ ਧਰਨਾ ਸਮਾਪਤ ਹੋਇਆ।

ਪਰ ਤਿੰਨ ਮਹੀਨਿਆਂ ਬਾਅਦ ਵੀ ਬ੍ਰਿਜ ਭੂਸ਼ਣ ਖ਼ਿਲਾਫ਼ ਕੋਈ ਐਫਆਈਆਰ ਦਰਜ ਨਹੀਂ ਹੋਈ। ਇਸ ਲਈ ਅਸੀਂ ਅਪ੍ਰੈਲ ਵਿੱਚ ਦੁਬਾਰਾ ਸੜਕਾਂ 'ਤੇ ਉਤਰ ਆਏ ਤਾਂ ਕਿ ਦਿੱਲੀ ਪੁਲਿਸ ਉਸ ਵਿਰੁੱਧ ਘੱਟੋ ਘੱਟ ਐਫਆਈਆਰ ਦਰਜ ਕਰੇ। ਜਨਵਰੀ ਵਿੱਚ 19 ਸ਼ਿਕਾਇਤ ਕਰਤਾ ਸਨ ਪਰ ਅਪ੍ਰੈਲ ਵਿੱਚ ਗਿਣਤੀ 7 ਹੋ ਗਈ। ਇਸ ਦਾ ਮਤਲਬ ਹੈ ਕਿ ਬ੍ਰਿਜ ਭੂਸ਼ਣ ਨੇ ਆਪਣਾ ਪ੍ਰਭਾਵ ਪਾਇਆ ਅਤੇ ਹੋਰ 12 ਪਹਿਲਵਾਨਾਂ ਨੂੰ ਆਪਣੇ ਪ੍ਰਦਰਸ਼ਨ ਨੂੰ ਛੱਡਣ ਲਈ ਮਜਬੂਰ ਕੀਤਾ।

ਸਾਡਾ ਵਿਰੋਧ 40 ਦਿਨਾਂ ਤੱਕ ਜਾਰੀ ਰਿਹਾ। ਉਨ੍ਹਾਂ ਦਿਨਾਂ 'ਚ ਸਾਡੇ 'ਤੇ ਕਾਫੀ ਦਬਾਅ ਸੀ। ਸਾਡੇ ਵਿਰੋਧ ਸਥਾਨ ਦੀ ਭੰਨਤੋੜ ਕੀਤੀ ਗਈ ਅਤੇ ਸਾਨੂੰ ਹੋਰ ਵਿਰੋਧ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸਾਨੂੰ ਨਹੀਂ ਪਤਾ ਸੀ ਕਿ ਅੱਗੇ ਕੀ ਕਰਨਾ ਹੈ, ਇਸ ਲਈ ਅਸੀਂ ਗੰਗਾ ਵਿੱਚ ਆਪਣੇ ਮੈਡਲ ਭਰਨੇ ਗਏ। ਫਿਰ ਸਾਨੂੰ ਕਿਸਾਨ ਆਗੂਆਂ ਤੇ ਕੋਚਾਂ ਨੇ ਰੋਕਿਆ। ਉਸ ਸਮੇਂ ਤੁਹਾਡੇ ਮੰਤਰੀ ਨੇ ਸਾਨੂੰ ਬੁਲਾਇਆ ਅਤੇ ਸਾਨੂੰ ਨਿਆਂ ਦਾ ਭਰੋਸਾ ਦਿੱਤਾ। ਅਸੀਂ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਮਿਲੇ, ਜਿਨ੍ਹਾਂ ਨੇ ਸਾਨੂੰ ਨਿਆਂ ਦੇਣ ਦਾ ਵਾਅਦਾ ਕੀਤਾ ਸੀ। ਇਸ ਲਈ ਅਸੀਂ ਆਪਣਾ ਧਰਨਾ ਖਤਮ ਕਰ ਦਿੱਤਾ।

ਪਰ 21 ਦਸੰਬਰ ਨੂੰ ਡਬਲਯੂਐੱਫਆਈ ਦੀਆਂ ਚੋਣਾਂ ਵਿੱਚ, ਫੈਡਰੇਸ਼ਨ ਬ੍ਰਿਜ ਭੂਸ਼ਣ ਦੇ ਅਧੀਨ ਇੱਕ ਵਾਰ ਫਿਰ ਆਈ। ਉਨ੍ਹਾਂ ਖ਼ੁਦ ਕਿਹਾ ਸੀ ਕਿ ਉਹ ਹਮੇਸ਼ਾ ਵਾਂਗ ਫੈਡਰੇਸ਼ਨ ਉੱਤੇ ਜਿੱਤ ਹਾਸਲ ਕਰਨਗੇ। ਭਾਰੀ ਦਬਾਅ 'ਚ ਆ ਕੇ ਸਾਕਸ਼ੀ ਮਲਿਕ ਨੇ ਕੁਸ਼ਤੀ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ।

ਅਸੀਂ ਸਾਰੀ ਰਾਤ ਹੰਝੂ ਵਹਾਉਂਦੇ ਰਹੇ। ਅਸੀਂ ਸਮਝ ਨਹੀਂ ਸਕੇ ਕਿ ਕੀ ਕਰੀਏ ਜਾਂ ਕਿੱਥੇ ਜਾਈਏ। ਸਰਕਾਰ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ। ਮੈਨੂੰ ਪਦਮ ਸ਼੍ਰੀ ਨਾਲ 2019 ਵਿੱਚ ਸਨਮਾਨਿਤ ਕੀਤਾ ਗਿਆ ਸੀ। ਮੈਨੂੰ ਅਰਜੁਨ ਪੁਰਸਕਾਰ ਵੀ ਮਿਲਿਆ। ਜਦੋਂ ਮੈਨੂੰ ਇਹ ਇਨਾਮ ਮਿਲੇ, ਤਾਂ ਮੈਂ ਨੌਂ ਸਾਲਾਂ ਦਾ ਸੀ। ਪਰ ਅੱਜ ਉਦਾਸੀ ਦਾ ਭਾਰ ਜ਼ਿਆਦਾ ਹੈ। ਅਤੇ ਕਾਰਨ ਇਹ ਹੈ ਕਿ ਇੱਕ ਮਹਿਲਾ ਪਹਿਲਵਾਨ ਆਪਣੀ ਸੁਰੱਖਿਆ ਕਾਰਨ ਖੇਡ ਛੱਡ ਗਈ।

ਖੇਡਾਂ ਨੇ ਸਾਡੇ ਮਹਿਲਾ ਅਥਲੀਟਾਂ ਨੂੰ ਸਸ਼ਕਤ ਬਣਾਇਆ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੱਤੀ ਹੈ ਪਰ ਸਥਿਤੀ ਇਹ ਹੈ ਕਿ ਜੋ ਔਰਤਾਂ ਬੇਟੀ ਬਚਾਓ, ਬੇਟੀ ਪੜ੍ਹਾਓ ਦੇ ਬ੍ਰਾਂਡ ਅੰਬੈਸਡਰ ਬਣ ਸਕਦੀਆਂ ਸਨ, ਉਹ ਹੁਣ ਖੇਡ ਛੱਡ ਰਹੀਆਂ ਹਨ। ਅਤੇ ਅਸੀਂ, ਜੋ ਭਲਵਾਨ ਸਨ, ਉਹ ਕੁਝ ਨਹੀਂ ਕਰ ਸਕੇ।

ਮੈਂ ਪਦਮ ਸ਼੍ਰੀ ਪੁਰਸਕਾਰ ਜੇਤੂ ਦੇ ਰੂਪ ਵਿੱਚ ਆਪਣਾ ਜੀਵਨ ਨਹੀਂ ਜੀ ਸਕਦਾ, ਜਦੋਂ ਕਿ ਸਾਡੇ ਮਹਿਲਾ ਪਹਿਲਵਾਨਾਂ ਦਾ ਅਪਮਾਨ ਕੀਤਾ ਜਾਂਦਾ ਹੈ। ਇਸ ਲਈ ਮੈਂ ਇਹ ਪੁਰਸਕਾਰ ਤੁਹਾਨੂੰ ਵਾਪਸ ਕਰਦਾ ਹਾਂ।
















# ਸਾਇੰਸ ਕਾਲਜ ਜਗਰਾਓਂ ਦੀ ਬਾਂਹ ਫੜਨ ਦੀ ਜ਼ਰੂਰਤ ਕਿਉਂ

ਪੰਜਾਬ ਵਿਚ ਇਕੋ ਇਕ ਅਜਿਹਾ ਕਾਲਜ ਹੈ ਜਿਥੇ ਸਾਇੰਸ ਦੀ ਬੜੀ ਮੁੱਲਵਾਨ ਪੜ੍ਹਾਈ ਦਿੱਤੀ ਜਾਂਦੀ ਹੈ। ਇਸ ਕਾਲਜ ਨੇ ਆਪਣੇ ਸਫ਼ਰ ਦੌਰਾਨ ਬੜੇ ਹੀ ਡਾਕਟਰ, ਇੰਜੀਨੀਅਰ, ਵਿਗਿਆਨੀ ਅਤੇ ਸਾਇੰਸ ਅਧਿਆਪਕ ਪੈਦਾ ਹੀ ਨਹੀਂ ਕੀਤੇ ਸਗੋਂ ਅਗਾਂਹਵਧੂ ਸੋਚ ਵਾਲੇ ਇਨਸਾਨੀ ਪੀ ਪੈਦਾ ਕੀਤੇ। ਦੁਨੀਆ ਦਾ ਕੋਈ ਕੋਨਾ ਅਜਿਹਾ ਨਹੀਂ ਜਿਥੇ ਇਸ ਕਾਲਜ ਦਾ ਵਿਦਿਆਰਥੀ ਕਾਰਜ ਨਾ ਕਰਦਾ ਹੋਵੇ। ਇਸ ਕਾਲਜ ਦੇ ਅਧਿਆਪਕਾਂ ਦਾ ਅੱਜ ਵੀ ਵਿਦਿਆਰਥੀਆਂ ਅੰਦਰ ਪੂਰਾ ਮਾਣ ਸਤਿਕਾਰ ਹੈ। ਜਦੋਂ ਹੀ ਪ੍ਰੋ. ਮਹਿੰਦਰ ਸਿੰਘ ਜੱਸਲ ਨੇ ਇਸ ਕਾਲਜ ਦੀ ਆਰਥਿਕ ਸਥਿਤੀ ਬਾਰੇ ਆਪਣੇ ਵਿਦਿਆਰਥੀ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਨਾਲ ਗੱਲਬਾਤ ਕੀਤੀ ਤੇ ਇਸ ਕਾਲਜ ਨੂੰ ਆਪਣੀ ਵਿਦਿਆਰਥੀਆਂ 'ਤੇ ਬੜਾ ਮਾਣ ਹੈ ਹੁਣ ਇਹ ਕਾਲਜ ਆਰਥਿਕ ਤੌਰ 'ਤੇ ਸੰਕਟ ਵਿਚ ਫਸਿਆ ਹੋਇਆ ਹੈ। ਸਰਕਾਰ ਨੇ ਆਪਣੀ ਬਾਂਹ ਪਿਛੇ ਖਿੱਚ ਲਈ ਹੈ। ਇਸ ਕਰਕੇ ਤੁਹਾਨੂੰ ਇਸ ਕਾਲਜ ਨੂੰ ਬਚਾਉਣ ਵਾਸਤੇ ਅੱਗੇ ਆਉਣਾ ਚਾਹੀਦਾ ਹੈ। ਇਸ ਕਾਲਜ ਲਈ ਉਨ੍ਹਾਂ ਦੀ ਇਕ ਛੋਟੀ ਜਿਹੀ ਅਪੀਲ ਉਪਰ ਵਿਦਿਆਰਥੀਆਂ ਨੇ ਹੁੰਗਾਰਾ ਭਰ ਕੇ ਉਸ ਨੂੰ ਸਹਾਇਤਾ ਪ੍ਰਦਾਨ ਕੀਤੀ ਜਿਨ੍ਹਾਂ ਵਿਚ ਮਨਪ੍ਰੀਤ ਤੂਰ, ਪ੍ਰੋ. ਪਰਮਿੰਦਰ ਸਿੱਧੂ, ਬਲਬੀਰ ਗਿੱਲ, ਹਰਬੰਸ ਸਿੰਘ, ਸਤਿੰਦਰ ਸਿੱਧੂ ਪੁੱਤਰੀ ਪ੍ਰੋ. ਪਰਮਿੰਦਰ ਸਿੱਧੂ, ਓਮ ਪ੍ਰਕਾਸ਼, ਸੁਖਦੇਵ ਸਿੱਧਵਾਂ, ਸੁਰਿੰਦਰ ਗਿੱਲ, ਹਰਦਵਿੰਦਰ ਮੰਡੇਰ, ਗੁਰਭਗਤ (ਕਿੱਟੂ) ਕਲੇਰ, ਗੁਰਦੇਵ ਬਹਿਰਾ, ਸੰਦੀਪ ਸਿੰਘ ਰੱਖੜਾ, ਦਲਜੀਤ ਖੰਗੂੜਾ ਅਮਰੀਕਾ, ਡਾ. ਸਤਿਕਰਤਾਰ ਸਿੰਘ ਗਿੱਲ, ਰਮਨਦੀਪ ਸਿੰਘ ਉੱਪਲ, ਗੁਰਦੀਪ ਸਿੰਘ ਗਿੱਲ, ਬਾਈ ਅਵਤਾਰ ਸਿੰਘ ਅਤੇ ਜਗਜੀਤ ਸਿੰਘ ਬਰਾੜ।

ਇਸ ਕਾਲਜ ਦੇ ਵਿਦਿਆਰਥੀ ਪ੍ਰੋ. ਕੁਲਦੀਪ ਸਿੰਘ ਨੇ ਅਪੀਲ ਕਰਦਿਆਂ ਕਿਹਾ ਕਿ ਇਸ ਵਿਰਾਸਤੀ ਕਾਲਜ ਨੂੰ ਸਾਂਭਣ ਵਾਸਤੇ ਜਿਥੇ ਸਰਕਾਰ 'ਤੇ ਦਬਾਅ ਪਾਉਣ ਦੀ ਜ਼ਰੂਰਤ ਹੈ ਕਿ ਉਹ ਆਰਥਿਕ ਤੌਰ 'ਤੇ ਖੁੱਲ੍ਹੀ ਮਦਦ ਦੇਵੇ, ਉਥੇ ਇਸ ਦੇ ਵਿਦਿਆਰਥੀ ਵੀ ਹਰੇਕ ਪੱਧਰ 'ਤੇ ਇਸ ਸੰਕਟਮਈ ਸਥਿਤੀ ਵਿਚ ਇਸ ਕਾਲਜ ਨੂੰ ਮਦਦ ਪਹੁੰਚਾਉਣ ਲਈ ਆਪਣੇ ਵਿੱਤੀ ਸਰੋਤਾਂ 'ਚੋਂ ਕੁਝ ਹਿੱਸਾ ਇਸ ਕਾਲਜ ਨੂੰ ਪ੍ਰਦਾਨ ਕਰਨ ਤਾਂ ਕਿ ਇਹ ਕਾਲਜ ਵਿਦਿਆ ਦੇ ਖੇਤਰ 'ਚ ਆਪਣਾ ਨਾਂ ਹੋਰ ਉਚਾ ਕਰ ਸਕੇ।







THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC., BROKERAGE
HIGHER STANDARDS

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary



Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2



GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਅਪੀਲ : ਗਦਰੀ ਬਾਬਾ ਭਾਨ ਸਿੰਘ ਮੈਮੋਰੀਅਲ ਟਰੱਸਟ ਦੇ ਪ੍ਰਸੰਗ 'ਚ

ਗ਼ਦਰੀ ਬਾਬਿਆਂ ਅਤੇ ਹੋਰ ਦੇਸ਼ ਭਗਤ ਸ਼ਹੀਦਾਂ ਦੇ ਵਿਚਾਰਾਂ ਅਤੇ ਸੁਪਨਿਆਂ ਤੇ ਅਧਾਰਤ ਸਮਾਜ ਸਿਰਜਣ ਦੀ ਪੂਰਤੀ ਲਈ ਲੋਕ ਚੇਤਨਾ ਫੈਲਾਕੇ, ਦੇਸ਼ ਦੇ ਮਾਲ ਖਜ਼ਾਨਿਆਂ ਨੂੰ ਲੁੱਟਕੇ ਕਿਰਤੀ ਲੋਕਾਂ ਨੂੰ ਗੁਰਬਤ ਭਰੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਕਰਨ ਵਾਲੀਆਂ ਤਾਕਤਾਂ ਦੇ ਚੇਹਰੇ ਬੇਪ੍ਰਦ ਕਰਨ ਹਿੱਤ ਵਿੱਢੇ ਕਾਰਜਾਂ ਨੂੰ, ਹੋਰ ਵਿਕਸਤ ਕਰਨ ਦੇ ਸੱਦੇ ਨੂੰ ਭਰਪੂਰ ਹੁੰਗਾਰਾ ਦੇਣ ਦਾ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਇਸ ਟਰੱਸਟ ਵੱਲੋਂ 2023 ਦੇ ਚੁਣੌਤੀਆਂ ਭਰੇ ਸਾਲ ਨੂੰ ਅਲਵਿਦਾ ਕਹਿਣ ਅਤੇ 2024 ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਨਕਲਾਬੀ ਗਤੀਵਿਧੀਆਂ ਲਗਾਤਾਰ ਜਾਰੀ ਰੱਖਣ ਲਈ ਉਲੀਕੇ ਟੀਚੇ ਤੁਹਾਡੇ ਸਭ ਦੇ ਵਡਮੁੱਲੇ ਸਹਿਯੋਗ ਨਾਲ ਪੂਰੇ ਕਰਨ ਲਈ ਅੱਗੇ ਵਧਦਿਆਂ, ਇੱਥੇ ਹੋ ਰਹੀਆਂ ਗਤੀਵਿਧੀਆਂ ਵਿੱਚ ਵਧ ਰਹੇ ਇਕੱਠਾਂ ਨੂੰ ਮੁੱਖ ਰੱਖਦਿਆਂ ਵਿਸ਼ੇਸ ਕਰਕੇ ਔਰਤਾਂ/ਮਰਦਾਂ ਲਈ ਵੱਖਰੇ ਬਾਥ ਰੂਮ ਬਣਾਉਣ ਦਾ ਕੰਮ ਹੋਰ ਵਧਾਇਆ ਜਾ ਰਿਹਾ ਹੈ। ਇੱਥੇ ਚੱਲ ਰਹੀਆਂ ਗਤੀਵਿਧੀਆਂ ਨੂੰ ਹੋਰ ਪ੍ਰੇਰਣਾਦਾਇਕ ਬਣਾਉਣ ਦੇ ਚੱਲ ਰਹੇ ਪ੍ਰੋਜੈਕਟ ਲਈ ਹੁਣ ਤੱਕ ਪ੍ਰੋ. ਜਗਮੋਹਨ ਸਿੰਘ 50,000/-, ਕਰਨਲ ਜੇ ਐਸ ਬਰਾੜ 10,000/-, ਮਾ. ਭਜਨ ਸਿੰਘ 10,000/-, ਮਾ. ਭਜਨ ਸਿੰਘ ਦੇ ਬੱਚੇ ਕਮਲ, ਸੰਦੀਪ, ਨਵਕਿਰਨ ਤੇ ਜੱਸੀ 20,000/-, ਤਰਲੋਚਨ ਸਿੰਘ ਉਰਫ ਰਾਜੂ ਜੀਰਖ ਅਤੇ ਜੋਬਨਪ੍ਰੀਤ ਜੀਰਖ 15,000/-, ਮਾ. ਜਰਨੈਲ ਸਿੰਘ 10,000/-, ਮਾ. ਜਸਵੰਤ ਸਿੰਘ ਜੱਸੜ 10,000/-, ਨਿਰਮਲ ਸਿੰਘ ਸੋਨੂੰ ਚਿਕਨ 10,000/-, ਡਾ. ਦਰਸ਼ਨ ਖੇੜੀ 11,000/- ਡਾ. ਹਰਬੰਸ ਗਰੇਵਾਲ 5000/-, ਬਲਦੇਵ ਸਿੰਘ ਕੈਲਪੁਰ 5000/-, ਜਸਪਾਲ ਸਿੰਘ ਹੰਸਰਾ 5000/-, ਐਡਵੋਕੇਟ ਹਰਪ੍ਰੀਤ ਜੀਰਖ 5000/-, ਬਲਵਿੰਦਰ ਸਿੰਘ ਲਾਲ ਬਾਗ 5000/-, ਪ੍ਰਵੇਜ 5000/-, ਸੁਖਵਿੰਦਰ ਸਿੰਘ ਖਟੜਾ 5000/-, ਹਰਚੰਦ ਸਿੰਘ ਭਿੰਡਰ 5000/-, ਮਾ. ਪ੍ਰਮਜੀਤ ਸਿੰਘ ਪਨੇਸਰ 5000/-, ਕਸਤੂਰੀ ਲਾਲ 5000/-, ਹਰਕੇਸ਼ ਚੌਧਰੀ ਮੁੱਲਾਪੁਰ 5000/-, ਸੁਰਜੀਤ ਸਿੰਘ ਗਰੇਵਾਲ 5000/-, ਗੁਰਸ਼ਰਨ ਸਿੰਘ ਢੁੱਡੀਕੇ 5000/-, ਰਵਿੰਦਰ ਸਿੰਘ ਬੈਂਸ (ਰੋਪੜ) 5100/-, ਅਤੇ ਮਾ. ਲਖਵੀਰ ਸਿੰਘ, ਐਡਵੋਕੇਟ ਪ੍ਰਿਤਪਾਲ ਸਿੰਘ ਦਾਦ, ਕਰਤਾਰ ਸਿੰਘ ਵੀਰਾਨ ਜਗਰਾਓਂ, ਮਿੱਤਰਸੈਨ ਮੀਤ, ਉਜਾਗਰ ਬੱਦੋਵਾਲ, ਬਲਦੇਵ ਸਿੰਘ ਗਿੱਲਾਂ, ਪ੍ਰੋ ਜੈ ਪਾਲ ਸਿੰਘ, ਗੁਰਜੋਤ ਸਿੰਘ ਲਲਤੋਂ, ਮੈਡਮ ਮਧੂ, ਮੋਹਣ ਸਿੰਘ ਜੀਰਖ, ਪ੍ਰਿੰਸੀਪਲ ਬੂਟਾ ਸਿੰਘ, ਬਲਵਿੰਦਰ ਸਿੰਘ ਸੇਖੋਂ, ਗੁਰਮੀਤ ਕੌਰ, ਰਾਮ ਸ਼ਰਨ ਸਿੰਘ, ਆਤਮਾ ਸਿੰਘ ਤਰਕਸ਼ੀਲ ਵੱਲੋਂ ਆਈ ਸਹਾਇਤਾ ਦਾ ਟਰੱਸਟ ਵੱਲੋਂ ਧਨਵਾਦ ਕੀਤਾ ਜਾਂਦਾ ਹੈ। ਦੇਸ਼ ਵਿਦੇਸ ਵਿੱਚ ਵਸਦੇ ਹੋਰ ਸਾਥੀਆਂ ਨੂੰ ਵੀ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਮੱਦਦ ਕਰਨ ਲਈ ਅਪੀਲ ਕੀਤੀ ਜਾਂਦੀ ਹੈ।

Shahid Baba Bhan Singh Gaddar Memorial Trust (Regd.) ਦੇ ਬੈਂਕ ਖਾਤਾ ਨੰ: 07201000000192 (Punjab & Sind Bank) IFSC Code : PS920000720 ਵਿੱਚ ਵੀ ਸਹਾਇਤਾ ਰਾਸ਼ੀ ਭੇਜੀ ਜਾ ਸਕਦੀ ਹੈ।

ਸੰਪਰਕ ਮੋਬਾ. ਨੰ: 98151-69825



ਚੱਲ ਰਹੇ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਜੁਟੇ ਨੌਜਵਾਨ ਕਾਰਕੁੰਨਾ ਦੇ ਕੁੱਝ ਦ੍ਰਿਸ਼ ਅਤੇ ਇੱਥੇ ਚੱਲਦੇ ਸਿਲਾਈ ਸੈਂਟਰ 'ਚੋਂ ਸਿਖਲਾਈ ਲੈਣ ਉਪਰੰਤ ਇੱਕ ਲੜਕੀ ਵੱਲੋਂ ਚਲਾਏ ਜਾ ਰਹੇ ਆਪਣੇ ਕਾਰੋਬਾਰ ਦੀ ਝਲਕ



















# ਪੰਜਾਬੀ ਜ਼ਬਾਨ ਜੇਕਰ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹਾਈ ਜਾ ਸਕਦੀ ਏ ਤਾਂ ਫਿਰ ਸਕੂਲਾਂ 'ਚ ਕਿਉਂ ਨਹੀਂ : ਜ਼ੁਬੇਰ ਅਹਿਮਦ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਲਹਿੰਦੇ ਪੰਜਾਬ ਦੇ ਲੇਖਕ ਪ੍ਰੋ. ਜ਼ੁਬੇਰ ਅਹਿਮਦ ਨਾਲ ਰੂ-ਬ-ਰੂ ਦੌਰਾਨ ਹੋਈ ਭਾਵਪੂਰਤ ਗੱਲਬਾਤ

ਬਰੈਂਪਟਨ, (ਡਾ. ਝੰਡ) : ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਸਾਲ 2023 ਦਾ ਅਖ਼ੀਰਲਾ ਸਮਾਗ਼ਮ ਲੰਘੇ ਐਤਵਾਰ 17 ਦਸੰਬਰ ਨੂੰ 2250 ਬੋਵੇਰਡ ਡਰਾਈਵ ਸਥਿਤ 'ਹੋਮ ਲਾਈਫ਼ ਰਿਆਲਟੀ' ਦੇ ਮੀਟਿੰਗ ਹਾਲ ਵਿਚ ਹੋਇਆ ਜਿਸ ਵਿਚ ਲਹਿੰਦੇ ਪੰਜਾਬ ਦੇ ਉੱਘੇ ਕਵੀ ਤੇ ਕਹਾਣੀਕਾਰ ਪ੍ਰੋ. ਜ਼ੁਬੇਰ ਅਹਿਮਦ ਨਾਲ ਹੋਏ ਰੂ-ਬ-ਰੂ ਦੌਰਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਬੋਲੀ ਦੀ ਅਜੋਕੀ ਹਾਲਤ ਬਾਰੇ ਬੜੀਆਂ ਭਾਵਪੂਰਤ ਗੱਲਾਂ-ਬਾਤਾਂ ਹੋਈਆਂ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਕਮੇਟੀ ਆਫ਼ ਪ੍ਰੋਗਰੈੱਸਿਵ ਪਾਕਿਸਤਾਨੀ ਕੈਨੇਡੀਅਨਜ਼ ਦੀ ਸਰਗ਼ਰਮ ਨੁਮਾਇੰਦਾ ਫ਼ੌਜੀਆ ਤਨਵੀਰ ਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ।



ਮਲੂਕ ਸਿੰਘ ਕਾਹਲੋਂ ਵੱਲੋਂ ਆਏ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਨੇ ਡਾ. ਜਗਮੋਹਨ ਸਿੰਘ ਸੰਘਾ ਨੂੰ ਪ੍ਰੋ. ਜ਼ੁਬੇਰ ਅਹਿਮਦ ਬਾਰੇ ਸੰਖੇਪ ਜਾਣਕਾਰੀ ਦੇਣ ਲਈ ਕਿਹਾ ਜਿਨ੍ਹਾਂ ਨੇ ਉਨ੍ਹਾਂ ਦੀਆਂ ਕਵਿਤਾਵਾਂ ਤੇ ਕਹਾਣੀਆਂ ਦੀਆਂ ਕਿਤਾਬਾਂ ਬਾਰੇ ਦੱਸਦਿਆਂ ਕਿਹਾ ਕਿ ਜ਼ੁਬੇਰ ਹੁਰਾਂ ਦੇ ਦੋ ਕਾਵਿ-ਸੰਗ੍ਰਹਿ 'ਦਮ ਯਾਦ ਨਾ ਕੀਤਾ' ਤੇ 'ਸੱਦ' ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਤਿੰਨ ਕਹਾਣੀ-ਸੰਗ੍ਰਹਿ 'ਮੀਂਹ, ਬੂਹੇ ਤੇ ਬਾਰੀਆਂ', 'ਕਬੂਤਰ, ਬਨੇਰੇ ਤੇ ਗਲ਼ੀਆਂ' ਅਤੇ ਪਾਣੀ ਦੀ ਕੰਧ' ਵੱਖ-ਵੱਖ ਸਮੇਂ ਛਪੇ ਹਨ। ਇਸ ਦੇ ਨਾਲ ਹੀ 'ਕਬੂਤਰ, ਬਨੇਰੇ ਤੇ ਗ਼ਲ਼ੀਆਂ' ਦਾ ਅੰਗਰੇਜ਼ੀ ਅਨੁਵਾਦ 'ਗਰੀਵਿੰਗ 'ਫਾਰ ਪਿਜਨਜ਼' ਦੇ ਸਿਰਲੇਖ ਹੇਠ ਛਪਿਆ ਹੈ। ਉਪਰੰਤ, ਜਦੋਂ ਜ਼ੁਬੇਰ ਅਹਿਮਦ ਨੂੰ ਆਪਣੇ ਬਾਰੇ ਬੋਲਣ ਲਈ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵਡੇਰੇ 1947 ਦੀ 'ਵੰਡ' ਸਮੇਂ ਗੁਰਦਾਸਪੁਰ ਜ਼ਿਲੇ ਦੇ ਸ਼ਹਿਰ 'ਵਟਾਲਾ' (ਬਟਾਲਾ) ਨੂੰ ਛੱਡ ਕੇ ਲਾਹੌਰ ਪਹੁੰਚੇ ਸਨ। ਉਹ ਲਾਹੌਰ ਦੇ ਜੰਮਪਲ ਹਨ ਜਿਸ ਦੇ ਬਾਰੇ ਮਸ਼ਹੂਰ ਹੈ, "ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆਂ ਨਹੀਂ"ਪਰ ਅੱਜਕੱਲ੍ਹ ਉੱਥੇ ਪ੍ਰਦੂਸ਼ਣ ਦੇ ਵੱਧ ਜਾਣ ਕਾਰਨ ਇਹ ਵੀ ਮਸ਼ਹੂਰ ਹੋ ਗਿਆ ਹੈ, "ਜੀਹਨੇ ਲਾਹੌਰ ਨਹੀਂ ਘੁੰਮਿਆਂ, ਉਹ ਖੰਘਿਆ ਨਹੀਂ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅੰਮੀ ਨੂੰ ਪੰਜਾਬੀ ਦੀਆਂ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਕ ਸੀ ਅਤੇ ਇਸ ਤਰ੍ਹਾਂ ਪੰਜਾਬੀ ਵਿਚ ਲਿਖਣ-ਪੜ੍ਹਨ ਦੀ 'ਗੁੜ੍ਹਤੀ' ਉਨ੍ਹਾਂ ਨੂੰ ਆਪਣੀ ਅੰਮੀ ਕੋਲੋਂ ਬਚਪਨ ਵਿਚ ਹੀ ਮਿਲ ਗਈ। ਉਨ੍ਹਾਂ ਦੱਸਿਆ ਕਿ ਭਾਵੇਂ ਅੰਗਰੇਜ਼ੀ ਵਿਚ ਐੱਮ.ਏ. ਕਰਨ ਤੋਂ ਬਾਅਦ ਉਨ੍ਹਾਂ ਨੇ ਕਾਲਜ ਤੇ ਯੂਨੀਵਰਸਿਟੀ ਵਿਚ ਅੰਗਰੇਜ਼ੀ ਪੜ੍ਹਾਈ ਹੈ ਪਰ ਲਿਖਿਆ ਪੰਜਾਬੀ ਵਿਚ ਹੀ ਹੈ। ਆਪਣੀਆਂ ਕਹਾਣੀਆਂ ਕਿਤਾਬਾਂ ਵਿੱਚੋਂ ਉਨ੍ਹਾਂ ਤਿੰਨ ਕਹਾਣੀਆਂ ਦੀਆਂ ਕੁਝ ਟੂਕਾਂ ਵੀ ਪੜ੍ਹ ਕੇ ਸੁਣਾਈਆਂ। 'ਪਾਣੀ ਦੀ ਕੰਧ' ਕਹਾਣੀ ਦਾ ਅਖ਼ੀਰਲਾ ਹਿੱਸਾ ਜੋ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਹੋਇਆ ਡਾਹਡਾ ਸੰਵੇਦਨਸ਼ੀਲ ਸੀ, ਨੂੰ ਉਹ ਪੜ੍ਹ ਕੇ ਸੁਣਾਉਂਦਿਆਂ ਤਾਂ ਉਹ ਡਾਹਡੇ ਭਾਵੁਕ ਹੋ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਲਾਹੌਰ ਵਿਚ ਪੰਜਾਬੀ ਪੁਸਤਕਾਂ 'ਨੋ ਪ੍ਰਾਫ਼ਿਟ ਨੋ ਲੌਸ' ਅਧਾਰ 'ਤੇ ਪਾਠਕਾਂ ਤੀਕ ਪਹੁੰਚਾਉਣ ਲਈ ਇਕ ਸੰਸਥਾ 'ਤ੍ਰਿੰਜਣ' ਬਣਾਈ ਹੋਈ ਹੈ ਜਿਹੜੀ ਆਪਣਾ ਕੰਮ ਬਾਖ਼ੂਬੀ ਕਰ ਰਹੀ ਹੈ।

ਸਰੋਤਿਆਂ ਵਿੱਚੋਂ ਡਾ. ਜਗਮੋਹਨ ਸੰਘਾ, ਡਾ. ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਰਛਪਾਲ ਕੌਰ ਗਿੱਲ, ਹਰਜਸਪ੍ਰੀਤ ਗਿੱਲ ਤੇ ਸੁੰਦਰਪਾਲ ਰਾਜਾਸਾਂਸੀ ਵੱਲੋਂ ਉਨ੍ਹਾਂ ਨੂੰ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਦੀ ਅਜੋਕੀ ਸਥਿਤੀ, ਸ਼ਾਹਮੁਖੀ ਤੇ ਗੁਰਮੁਖੀ ਲਿਪੀਆਂ ਦੇ ਆਪਸੀ ਅਦਾਨ-ਪ੍ਰਦਾਨ, ਗੁਰਮੁਖੀ ਅੱਖਰਾਂ ਵਿਚ ਲਿਖੀਆਂ ਪੁਸਤਕਾਂ ਪੜ੍ਹਨ, ਆਦਿ ਬਾਰੇ ਪੁੱਛੇ ਗਏ ਸੁਆਲਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀ-ਪੂਰਵਕ ਦਿੱਤੇ ਗਏ। ਓਧਰ ਸਕੂਲ ਪੱਧਰ 'ਤੇ ਪੰਜਾਬੀ ਨਾ ਪੜ੍ਹਾਏ ਜਾਣ ਬਾਰੇ ਪੁੱਛੇ ਗਏ ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ, "ਸਮਝ ਨਹੀਂ ਲੱਗਦੀ ਕਿ ਪੰਜਾਬੀ ਜੇਕਰ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾ ਸਕਦੀ ਹੈ ਤਾਂ ਫਿਰ ਸਕੂਲਾਂ ਵਿਚ ਇਹ ਪੜ੍ਹਾਉਣ 'ਤੇ ਹਕੂਮਤ ਨੂੰ ਕਿਉਂ ਤਕਲੀਫ਼ ਹੁੰਦੀ ਹੈ। ਜ਼ਾਹਿਰ ਹੈ ਕਿ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਉਸ ਨੂੰ 50-60 ਲੱਖ ਪੰਜਾਬੀ ਦੇ 'ਕਾਇਦੇ' ਛਪਵਾਉਣੇ ਪੈਣਗੇ।" ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਬਹੁਤ ਹੀ ਥੋੜ੍ਹਾ ਸਮਾਂ ਪਹਿਲਾਂ ਪ੍ਰੋ. ਜ਼ੁਬੇਰ ਅਹਿਮਦ ਹੁਰਾਂ ਨੂੰ ਕੀਤੀ ਗਈ ਬੇਨਤੀ ਨੂੰ ਸਵੀਕਾਰ ਕਰਦਿਆਂ ਹੋਇਆਂ ਆਪਣੇ ਜ਼ਰੂਰੀ ਰੁਝੇਵਿਆਂ ਵਿਚੋਂ ਸਭਾ ਦੇ ਲਈ ਸਮਾਂ ਕੱਢਣ ਲਈ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ, ਜਦਕਿ ਓਸੇ ਦਿਨ ਹੀ ਸ਼ਾਮ ਨੂੰ ਉਨ੍ਹਾਂ ਦੀ ਲਾਹੌਰ ਨੂੰ ਵਾਪਸੀ ਵੀ ਸੀ। ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਸ ਵਿਚ ਸੱਭ ਤੋਂ ਪਹਿਲਾਂ ਰਿੰਟੂ ਭਾਟੀਆ ਨੇ ਜ਼ੁਬੇਰ ਅਹਿਮਦ ਦੇ ਲਿਖੇ ਹੋਏ ਟੱਪੇ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤੇ। ਉਪਰੰਤ, ਵਾਰੀ-ਵਾਰੀ ਮਕਸੂਦ ਚੌਧਰੀ, ਕਰਨ ਅਜਾਇਬ ਸਿੰਘ ਸੰਘਾ, ਡਾ. ਪਰਗਟ ਸਿੰਘ ਬੱਗਾ, ਸੁਖਿੰਦਰ, ਗਿਆਨ ਸਿੰਘ ਦਰਦੀ, ਫ਼ੌਜ਼ੀਆ ਤਨਵੀਰ, ਅਹਿਮਦ ਭੱਟੀ, ਹਰਪਾਲ ਸਿੰਘ ਭਾਟੀਆ, ਜੱਸੀ ਭੁੱਲਰ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਮੰਡ, ਸੁਖਚਰਨਜੀਤ ਗਿੱਲ, ਰੂਬੀ ਕਰਤਾਰਪੁਰੀ, ਸੁੰਦਰਪਾਲ ਰਾਜਾਸਾਂਸੀ, ਹਰਭਜਨ ਕੌਰ ਗਿੱਲ, ਹਰਜਸਪ੍ਰੀਤ ਗਿੱਲ, ਰਮਿੰਦਰ ਵਾਲੀਆ, ਮਲਵਿੰਦਰ ਸ਼ਾਇਰ, ਸੁਖਦੇਵ ਸਿੰਘ ਝੰਡ, ਸੁਰਿੰਦਰ ਸ਼ਰਮਾ, ਬਲਜੀਤ ਸਿੰਘ ਗਰੇਵਰ, ਗੁਰਮੇਲ ਸਿੰਘ, ਡਾ. ਦਵਿੰਦਰ ਸਿੰਘ ਲਿੱਧੜ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਕਵਿਤਾਵਾਂ ਸੁਣਾਈਆਂ ਅਤੇ ਵਿਚਾਰ ਪੇਸ਼ ਕੀਤੇ ਗਏ। ਇਸ ਦੌਰਾਨ ਇਕਬਾਲ ਬਰਾੜ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿਚ ਖ਼ੂਬਸੂਰਤ ਹਿੰਦੀ ਫ਼ਿਲਮੀ ਗੀਤ "ਆਜ ਮੌਸਮ ਬੜਾ ਬੇਈਮਾਨ ਹੈ" ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾਇਆ ਗਿਆ। ਉਪਰੰਤ, ਪਰਮਜੀਤ ਸਿੰਘ ਗਿੱਲ ਨੇ ਇਕ ਗ਼ਜ਼ਲ ਅਤੇ ਪੰਜਾਬ ਸਿੰਘ ਕਾਹਲੋਂ ਵੱਲੋਂ ਪੰਜਾਬ ਦੇ ਅਜੋਕੇ ਹਾਲਾਤ 'ਤੇ ਗੀਤ ਤਰੰਨਮ ਵਿਚ ਪੇਸ਼ ਕੀਤਾ ਗਿਆ। ਪ੍ਰਧਾਨਗੀ-ਮੰਡਲ ਵਿੱਚੋਂ ਗੁਰਮੇਲ ਸਿੰਘ ਸੰਧੂ ਅਤੇ ਮੰਚ-ਸੰਚਾਲਕ ਪਰਮਜੀਤ ਢਿੱਲੋਂ ਵੱਲੋਂ ਵੱਲੋਂ ਕੈਨੇਡਾ ਦੇ ਅਜੋਕੇ ਹਾਲਾਤ ਆਪਣੇ ਗੀਤਾਂ ਵਿਚ ਬਾਖ਼ੂਬੀ ਪੇਸ਼ ਕੀਤੇ ਗਏ।










ਡਾ. ਬਲਜਿੰਦਰ
94170-79720
singh.drbaljinder@gmail.com

ਇਜ਼ਰਾਈਲ-ਫਲਸਤੀਨ ਜੰਗ

# ਫਲਸਤੀਨੀ ਲੋਕਾਂ ਦੀ ਨਸਲਕੁਸ਼ੀ ਤੇ ਉਜਾੜਾ




ਫਲਸਤੀਨ-ਇਜ਼ਰਾਈਲ ਲੜਾਈ ਨੂੰ ਇੱਕ ਮਹੀਨਾ ਹੋਣ ਨੂੰ ਹੈ। ਇਸ ਸਾਲ 7 ਅਕਤੂਬਰ ਨੂੰ ਗਾਜ਼ਾ ਪੱਟੀ ਦੇ ਇਲਾਕੇ 'ਚ ਸਰਗਰਮ ਇੱਕ ਕੱਟੜਪੰਥੀ ਗੁੱਟ ਹਮਾਸ ਨੇ ਇਜ਼ਰਾਈਲ ਦੇ ਨਾਲ ਲੱਗਦੇ ਸਰਹੱਦੀ ਖੇਤਰ ਅੰਦਰ ਜਾਕੇ ਆਤਮਘਾਤੀ ਹਮਲਿਆਂ 'ਚ ਇਜ਼ਰਾਈਲੀ ਫੌਜ ਦੇ ਕਾਫੀ ਜੁਆਨਾਂ ਸਮੇਤ ਸਿਵਲੀਅਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਦੋ ਸੌ ਤੋਂ ਵਧੇਰੇ ਇਜ਼ਰਾਈਲੀ ਬਸ਼ਿੰਦਿਆਂ ਨੂੰ ਬੰਦੀ ਬਣਾ ਲਿਆ ਸੀ। ਉਦੋਂ ਤੋਂ ਲੈ ਕੇ ਹੀ ਇਜ਼ਰਾਈਲ-ਫਲਸਤੀਨੀ ਕਸ਼ਮਕਸ਼ ਥੰਮ੍ਹਣ ਦਾ ਨਾਂ ਨਹੀਂ ਲੈ ਰਹੀ। ਦੁਨੀਆਂ ਭਰ ਦੇ ਲੋਕਾਂ ਅੰਦਰ ਇਹ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਕਿਓਂਕਿ ਹਮਾਸ ਦੇ ਇਸ ਹਮਲੇ ਤੋਂ ਬਾਅਦ ਇਜ਼ਰਾਈਲੀ ਫੌਜ ਨੇ ਆਪਣੇ ਮਿਲਟਰੀ ਓਪਰੇਸ਼ਨ ਰਾਹੀਂ ਫਲਸਤੀਨੀ ਲੋਕਾਂ 'ਤੇ ਇੱਕ ਬਹੁਤ ਹੀ ਵੱਡਾ ਹਮਲਾ ਵਿੱਢਿਆ ਹੋਇਆ ਹੈ। ਇਜ਼ਰਾਈਲੀ ਫੌਜ ਜ਼ਮੀਨੀ ਤੇ ਹਵਾਈ ਹਮਲਿਆਂ ਜ਼ਰੀਏ ਆਮ ਫਲਸਤੀਨੀਆਂ ਤੇ ਖ਼ਾਸ ਕਰ ਬੱਚਿਆਂ 'ਤੇ ਹਮਲੇ ਕਰ ਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਰਹੀ ਹੈ। ਆਲਮੀ ਭਾਈਚਾਰੇ ਦੇ ਸਰੋਕਾਰ ਦੀ ਇੱਕ ਝਲਕ ਯੂਐੱਨਓ 'ਚ ਇਸ ਅਹਿਮ ਮਸਲੇ ਨੂੰ ਲੈ ਕੇ ਪੇਸ਼ ਹੋਏ ਮਤੇ ਦੀ ਵਿਆਪਕ ਹਮਾਇਤ 'ਚੋਂ ਵੀ ਮਿਲਦੀ ਹੈ। ਇਜ਼ਰਾਈਲ ਦੀ ਹਮਾਇਤ 'ਚ ਆਏ ਅਮਰੀਕਾ, ਇੰਗਲੈਂਡ ਵਰਗੇ ਸਾਮਰਾਜੀ ਮੁਲਕਾਂ ਦੀ ਗਿਣਤੀ 14 ਸੀ ਜਦਕਿ ਭਾਰਤ ਵਰਗੇ ਸਾਮਰਾਜੀਆਂ ਦੇ ਹੱਥ-ਠੋਕਾ 45 ਮੁਲਕਾਂ ਦੇ ਇਸ ਰਾਇਸ਼ੁਮਾਰੀ 'ਚੋਂ ਪਾਸਾ ਵੱਟਕੇ ਪਾਸੇ ਰਹਿਣ ਯਾਨੀ ਕਿ ਗੈਰਹਾਜ਼ਰ ਰਹਿਣ ਦੇ ਬਾਵਜੂਦ ਰੂਸ, ਚੀਨ, ਅਰਬ ਮੁਲਕਾਂ ਤੇ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਸਮੇਤ, ਦੁਨੀਆਂ ਭਰ ਦੇ 120 ਮੁਲਕਾਂ ਨੇ ਫਲਸਤੀਨ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਹੈ ਅਤੇ ਇਜ਼ਰਾਈਲੀ ਫੌਜ ਦੀਆਂ ਕਾਰਵਾਈਆਂ ਨੂੰ ਰੱਜ ਕੇ ਭੰਡਿਆ ਹੈ।

**ਇਸ ਮੁੱਦੇ ਦਾ ਇਤਿਹਾਸਕ ਪਿਛੋਕੜ** : ਆਖ਼ਰ ਇਸ ਖਹਿਭੇੜ ਦਾ ਅਸਲ ਮੁੱਦਾ ਕੀ ਹੈ? ਇਹ ਦੇਖਣ ਲਈ ਸਾਨੂੰ ਇਜ਼ਰਾਈਲ ਦੇ ਇਤਿਹਾਸ 'ਤੇ ਇੱਕ ਝਾਤ ਮਾਰਨੀ ਪਵੇਗੀ। ਇਜ਼ਰਾਈਲੀ ਲੋਕਾਂ ਦੀ ਬਹੁਗਿਣਤੀ ਜੂਡਾਸ ਧਰਮ ਦੀ ਪੈਰੋਕਾਰ ਹੈ ਜਿਹੜਾ ਕਿ ਇੱਕ ਬਹੁਤ ਹੀ ਪ੍ਰਾਚੀਨ ਧਰਮ ਹੈ। ਇਸ ਧਰਮ ਦੇ ਪੈਰੋਕਾਰਾਂ ਨੂੰ ਯਹੂਦੀ ਕਿਹਾ ਜਾਂਦਾ ਹੈ ਅਤੇ ਇਹਨਾਂ ਦੇ ਧਾਰਮਕ ਸਥਾਨਾਂ ਨੂੰ ਸਿਨਾਗੌਗ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਇਜ਼ਰਾਈਲ ਤੇ ਫਲਸਤੀਨ ਦੇ ਸਾਂਝੇ ਕਬਜ਼ੇ ਹੇਠ ਸ਼ਹਿਰ ਜੇਰੂਸਲਮ ਨੂੰ ਇਹ ਲੋਕ ਆਪਣਾ ਪ੍ਰਾਚੀਨ ਧਾਰਮਕ ਸਥਲ ਮੰਨਦੇ ਹਨ। ਬਹੁਤ ਹੀ ਪ੍ਰਾਚੀਨ ਸਮਿਆਂ 'ਚ ਹੀ ਬਹੁਤ ਸਾਰੇ ਯਹੂਦੀ ਆਪਣੇ ਕਾਰੋਬਾਰਾਂ ਤੇ ਰੋਜ਼ੀ-ਰੋਟੀ ਦੀ ਭਾਲ 'ਚ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵੱਲ ਪਲਾਇਨ ਕਰ ਗਏ ਸਨ ਅਤੇ ਉਹਨਾਂ ਲੋਕਾਂ ਨੇ ਉਹਨਾਂ ਮੁਲਕਾਂ ਅੰਦਰ ਆਪਣੇ ਆਪ ਨੂੰ ਬਹੁਤ ਹੀ ਵਧੀਆ ਢੰਗ ਨਾਲ ਸਥਾਪਤ ਵੀ ਕਰ ਲਿਆ ਹੋਇਆ ਹੈ। ਇਹਨਾਂ ਲੋਕਾਂ ਅੰਦਰ ਆਪਣੇ ਇਸ਼ਟ ਦੇ ਮੁਕੱਦਸ ਸਥਾਨ ਪ੍ਰਤੀ ਮੋਹ ਲਗਾਤਾਰਤਾ ਨਾਲ ਬਣਿਆ ਰਿਹਾ। ਅਤੇ ਉਹਨਾਂ ਨੇ ਆਪਣੀ ਮੁਕੱਦਸ ਕਿਤਾਬ ਬਾਈਬਲ ਦੇ ਹਵਾਲਿਆਂ(ਸਧਾਰਣ ਬੋਲੀ 'ਚ ਕਹਿਣਾ ਹੋਵੇ ਤਾਂ ਸਾਖੀਆਂ) ਮੁਤਾਬਕ ਆਪਣਾ ਕੋਈ ਇੱਕ ਮੁਲਕ ਬਣਾਉਣ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ। ਇਹਨਾਂ ਹੀ ਯਤਨਾਂ 'ਚ ਆਸਟਰੀਆ ਦੇ ਸ਼ਹਿਰ ਵੀਆਨਾ ਵਿਖੇ 19ਵੀਂ ਸਦੀ ਦੇ ਅੰਤਲੇ ਦਹਾਕਿਆਂ ਅੰਦਰ ਵੀਆਨਾ ਦੇ ਇੱਕ ਯਹੂਦੀ ਥਿਓਡਰ ਹਰਜ਼ਲ ਨੇ ਯਹੂਦੀ ਰਾਜ- ਇਜ਼ਰਾਈਲ ਦਾ ਇੱਕ ਵਿਚਾਰ ਰੱਖਿਆ। ਉਸਨੇ ਪੈਸੇ ਇਕੱਠੇ ਕਰਕੇ ਇੱਕ ਧਾਰਮਕ ਇਕੱਠ ਰੱਖਿਆ। ਇਸ ਇਕੱਤਰਤਾ ਨੇ ਇਹ ਫੈਸਲਾ ਕੀਤਾ ਕਿ ਵੀਆਨਾ ਦੇ ਸਾਰੇ ਰੱਬੀਆਂ (ਯਹੂਦੀ ਪਾਦਰੀਆਂ) ਨੂੰ ਇੱਕ ਥਾਂ ਇਕੱਠਾ ਕੀਤਾ ਜਾਵੇ। ਇਓਂ ਹੋਈ ਇਕੱਤਰਤਾ 'ਚ ਇਹ ਫ਼ੈਸਲਾ ਕੀਤਾ ਗਿਆ ਕਿ ਆਪਣਾ ਮੁਲਕ ਬਣਾਉਣ ਲਈ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਦੋ ਰੱਬੀਆਂ ਨੂੰ ਫਲਸਤੀਨ ਦਾ ਦੌਰਾ ਕਰਨ ਲਈ ਭੇਜਿਆ ਜਾਵੇ। ਫੈਸਲੇ ਮੂਜਬ ਦੋ ਰੱਬੀ ਫਲਸਤੀਨ ਗਏ ਅਤੇ ਉੱਥੇ ਅੱਪੜਕੇ ਉਹਨਾਂ ਨੇ ਵੀਆਨਾ ਵੱਲ ਇੱਕ ਤਾਰ ਜ਼ਰੀਏ ਸੁਨੇਹਾ ਰੁਖ਼ਸਤ ਕੀਤਾ ਕਿ "ਦੁਲਹਨ ਤਾਂ ਨਿਹਾਇਤ ਹੀ ਖ਼ੂਬਸੂਰਤ ਹੈ ਪਰ ਉਹ ਤਾਂ ਪਹਿਲਾਂ ਹੀ ਕਿਸੇ ਹੋਰ ਨਾਲ ਵਿਆਹੀ ਹੋਈ ਆ।" ਯਾਨੀ ਕਿ ਉਹਨਾਂ ਕਿਹਾ ਕਿ ਮੁਲਕ ਫਲਸਤੀਨ ਤਾਂ ਬਹੁਤ ਹੀ ਦਿਲਕਸ਼ ਤੇ ਸੁੰਦਰ ਹੈ ਪਰ ਉੱਥੇ ਤਾਂ ਪਹਿਲਾਂ ਤੋਂ ਹੀ ਲੋਕ ਰਹਿੰਦੇ ਆ ਰਹੇ ਹਨ। ਇਓਂ ਯਹੂਦੀਆਂ ਦਾ ਫਲਸਤੀਨ ਉੱਤੇ ਦਾਅਵਾ ਬਹੁਤ ਹੀ ਕਮਜ਼ੋਰ ਬਿਨਾਅ 'ਤੇ ਟਿਕਿਆ ਹੋਇਆ ਹੈ। ਅਜਿਹੀ ਤਸੱਲੀ ਹੋ ਜਾਣ ਦੇ ਬਾਵਜੂਦ ਵੀ ਕਿਸੇ ਨਾ ਕਿਸੇ ਪਾਸਿਓਂ ਫਲਸਤੀਨ 'ਤੇ ਯਹੂਦੀਆਂ ਦਾ ਦਾਅਵਾ ਆਪਣੀ ਸਿਰੀ ਚੁੱਕਦਾ ਰਿਹਾ। ਇੱਥੇ ਇਹ ਚੇਤੇ ਕਰਨਾ ਵੀ ਕੁਥਾਂ ਨਹੀਂ ਹੈ ਕਿ ਓਟੋਮਾਨ ਐਮਪਾਇਰ ਯਾਨੀ ਕਿ ਤੁਰਕੀ ਦੀ ਬਾਦਸ਼ਾਹਤ ਦਾ ਖਾਤਮਾ ਹੋਣ ਤੋਂ ਬਾਅਦ ਤੋਂ ਲੈ ਕੇ ਫਲਸਤੀਨ ਅੰਗ੍ਰੇਜ਼ ਬਸਤੀਵਾਦੀਆਂ ਦੀ ਇੱਕ ਬਸਤੀ ਤੁਰਿਆ ਆ ਰਿਹਾ ਸੀ ਅਤੇ ਸਿੱਧੇ ਰੂਪ 'ਚ ਹੀ ਉੱਥੇ ਇੰਗਲੈਂਡ ਦੇ ਰਾਜੇ ਦਾ ਰਾਜ ਸੀ। ਇੱਕ ਹੋਰ ਪੱਖ ਨੂੰ ਵੀ ਧਿਆਨ ਗੋਚਰੇ ਕਰਨ ਵਾਲਾ ਹੈ ਕਿ ਯਹੂਦੀ ਧਰਮ ਦੇ ਪੈਰੋਕਾਰ ਕਾਰੋਬਾਰੀ ਹੋਣ ਕਰਕੇ ਜਿਹਨਾਂ ਵੀ ਮੁਲਕਾਂ 'ਚ ਉਹ ਰਹਿੰਦੇ ਸਨ, ਉਹਨਾਂ ਦੇਸ਼ਾਂ ਦੀਆਂ ਸਰਕਾਰਾਂ ਅੰਦਰ ਇੱਕ ਤਕੜਾ ਪ੍ਰਭਾਵ ਰੱਖਦੇ ਸਨ/ਹਨ। ਅੱਜ ਕੱਲ੍ਹ ਦੀ ਰਾਜਨੀਤਕ ਭਾਸ਼ਾ 'ਚ ਜਿਸਨੂੰ ਲਾਬਿੰਗ ਯਾਨੀ ਕਿ ਆਪਣਾ ਪ੍ਰਭਾਵਕਾਰੀ ਗਰੁੱਪ ਬਣਾਉਣਾ ਕਿਹਾ ਜਾਂਦਾ ਹੈ। ਅਜਿਹੇ ਲਾਬੀਕਰਨ ਦੇ ਜ਼ਰੀਏ ਉਹਨਾਂ ਨੇ ਇੰਗਲੈਂਡ ਦੇ ਰਾਜੇ ਤੱਕ ਪਹੁੰਚ ਕਰਕੇ ਇਜ਼ਰਾਈਲ ਦੀ ਸਥਾਪਨਾ ਕਰਨ 'ਚ ਉਹਦੀ ਮੱਦਦ ਲਈ ਪਹੁੰਚ ਕੀਤੀ। 2 ਨਵੰਬਰ 1917 ਨੂੰ ਬਾਲਫੌਰ ਐਲਾਨਨਾਮੇ ਮੁਤਾਬਕ ਬਸਤੀਵਾਦੀ ਅੰਗ੍ਰੇਜ਼ ਹਾਕਮਾਂ ਨੇ ਆਪਣੀ ਬਸਤੀ ਫਲਸਤੀਨ ਅੰਦਰ ਯਹੂਦੀਆਂ ਨੂੰ ਵਸਾਉਣ ਲਈ ਇਜਾਜ਼ਤ ਦੇ ਦਿੱਤੀ ਅਤੇ ਇੱਕ ਨਵੇਂ ਮੁਲਕ ਇਜ਼ਰਾਈਲ ਦਾ ਸ਼ਿਰੀਗਨੇਸ਼ ਕਰ ਦਿੱਤਾ ਗਿਆ। ਉਸ ਮੌਕੇ ਫਲਸਤੀਨ ਅੰਦਰ ਯਹੂਦੀ 10 ਫੀਸਦੀ ਸਨ ਅਤੇ ਅਰਬੀ ਲੋਕ ਬਾਕੀ ਦੇ 90 ਪ੍ਰਤੀਸ਼ਤ ਬਣਦੇ ਸਨ। ਯਹੂਦੀਆਂ ਕੋਲ 2 ਫੀਸਦੀ ਹੀ ਜ਼ਮੀਨ ਸੀ। ਇਸ ਤੋਂ ਬਾਅਦ ਵੀ 1922 ਤੋਂ 1948 ਤੱਕ ਇਜ਼ਰਾਈਲ ਦੀ ਸਥਾਪਨਾ ਲਈ ਕੀਤੀਆਂ ਗਈਆਂ ਵਾਰਤਾਲਾਪਾਂ ਲਈ ਇਹੋ ਐਲਾਨਨਾਮਾ ਹੀ ਆਧਾਰ ਬਣਿਆ ਰਿਹਾ। ਦੂਜੀ ਸੰਸਾਰ ਜੰਗ ਅੰਦਰ ਜਰਮਨੀ ਸਮੇਤ ਯੂਰਪ ਦੇ ਹੋਰਨਾਂ ਮੁਲਕਾਂ ਅੰਦਰ ਵੱਸਦੇ ਯਹੂਦੀਆਂ 'ਤੇ ਨਾਜ਼ੀਆਂ ਵੱਲੋਂ ਢਾਹੇ ਗਏ ਅੰਨ੍ਹੇ ਤਸ਼ੱਦਦ ਦੇ ਮੱਦੇ ਨਜ਼ਰ ਵੱਡੀ ਪੱਧਰ 'ਤੇ ਯੂਰਪੀ ਮੁਲਕਾਂ 'ਚੋਂ ਹੋਏ ਯਹੂਦੀਆਂ ਦੇ ਪ੍ਰਵਾਸ ਕਰਕੇ ਇਜ਼ਰਾਈਲ ਦੀ ਸਥਾਪਨਾ ਦਾ ਅਜੰਡਾ ਹੋਰ ਵੀ ਜ਼ੋਰ ਫੜ ਗਿਆ। ਅਤੇ ਵੱਖ-ਵੱਖ ਦੇਸ਼ਾਂ ਅੰਦਰ ਪੱਕੇ ਰੂਪ 'ਚ ਵਾਸਾ ਕਰਨ ਵਾਲੇ ਯਹੂਦੀਆਂ ਨੇ ਇਜ਼ਰਾਈਲ ਮੁਲਕ ਬਣਾਉਣ ਦਾ ਬੀੜਾ ਚੁੱਕ ਲਿਆ। ਅਖੀਰ ਯੂਐੱਨਓ ਦੇ ਇੱਕ ਮਤੇ ਰਾਹੀਂ 15 ਮਈ 1948 ਨੂੰ ਇਜ਼ਰਾਈਲ ਦੀ ਇੱਕ ਮੁਲਕ ਵਜੋਂ ਸਥਾਪਨਾ ਫਲਸਤੀਨ ਨੂੰ ਦੋ ਮੁਲਕਾਂ 'ਚ ਵੰਡ ਕੇ ਕੀਤੀ ਗਈ।

**ਇਜ਼ਰਾਈਲ ਦੀ ਭੂਗੋਲਿਕ ਸਥਿਤੀ** : ਭੂ-ਮੱਧ (ਮੈਡੇਟੇਰੀਅਨ) ਸਾਗਰ ਦੇ ਕਿਨਾਰੇ ਸਥਿਤ ਫਲਸਤੀਨ ਦੇ ਉੱਤਰ-ਪੱਛਮ 'ਚ ਲੈਬਨਾਨ, ਉੱਤਰ-ਪੂਰਬ 'ਚ ਸੀਰੀਆ, ਪੂਰਬ 'ਚ ਜਾਰਡਨ, ਦੱਖਣ-ਪੂਰਬ 'ਚ ਸਾਊਦੀ ਅਰਬ ਤੇ ਦੱਖਣ 'ਚ ਮਿਸਰ ਸਥਿਤ ਹਨ। ਕਹਿਣ ਦਾ ਅਰਥ ਕਿ ਇਹ ਇਲਾਕਾ ਅਰਬ ਦੇਸ਼ਾਂ ਨਾਲ ਘਿਰਿਆ ਹੋਇਆ ਹੈ। ਦੂਜੀ ਸੰਸਾਰ ਜੰਗ ਦੌਰਾਨ ਅਤੇ ਇਸ ਤੋਂ ਪਹਿਲਾਂ ਯਾਨੀ ਕਿ 20ਵੀਂ ਸਦੀ ਦੇ ਮੁੱਢ 'ਚ ਪੱਛਮੀ ਏਸ਼ੀਆਈ ਦੇਸ਼ਾਂ ਅੰਦਰ ਪੈਟਰੋਲੀਅਮ ਪਦਾਰਥਾਂ ਦੇ ਵੱਡੇ ਜ਼ਖੀਰੇ ਮਿਲਣ ਦੀ ਖੋਜ ਹੋਣ ਉਪਰੰਤ ਇਹਨਾਂ ਜ਼ਖ਼ੀਰਿਆਂ 'ਤੇ ਕਬਜ਼ਾ ਜਮਾਉਣ ਦੀ ਨੀਤ ਨਾਲ ਪੱਛਮੀ ਏਸ਼ੀਆ ਦੇ ਇਹਨਾਂ ਮੁਲਕਾਂ 'ਤੇ ਆਪਣੀ ਸਰਦਾਰੀ ਸਥਾਪਤ ਰੱਖਣ ਅਤੇ ਚੌਧਰ ਜਮਾਉਣ ਦੇ ਮਕਸਦ ਨਾਲ ਅਮਰੀਕੀ ਸਾਮਰਾਜੀਆਂ ਅਤੇ ਇਹਨਾਂ ਦੇ ਜੋੜੀਦਾਰਾਂ ਨੇ ਆਪਣੇ ਹਿੱਤਾਂ ਮੁਜਬ ਇਜ਼ਰਾਈਲ ਦੀ ਸਥਾਪਨਾ ਆਪਣੀ ਇੱਕ ਬਾਹਰੀ ਚੌਕੀ ਦੇ ਰੂਪ 'ਚ ਕਰਨ ਲਈ ਆਪਣਾ ਪੂਰਾ ਯੋਗਦਾਨ ਪਾਇਆ। ਇਸੇ ਲਈ ਯੂਐੱਨਓ 'ਚ ਇਜ਼ਰਾਈਲ ਦੀ ਸਥਾਪਨਾ ਦਾ ਮਤਾ ਪਾਸ ਹੋ ਜਾਣ ਦੇ ਕੁੱਝ ਕੁ ਮਿੰਟਾਂ ਬਾਅਦ ਹੀ ਅਮਰੀਕਾ ਨੇ ਇਸ ਨਵੇਂ ਦੇਸ਼ ਨੂੰ ਮਾਨਤਾ ਪ੍ਰਦਾਨ ਕਰ ਦਿੱਤੀ। ਜਦਕਿ 1949 'ਚ ਨਵੇਂ ਆਜ਼ਾਦ ਹੋਏ ਚੀਨ ਦੀ ਇਨਕਲਾਬੀ ਹਕੂਮਤ ਨੇ ਇਜ਼ਰਾਈਲ ਦੀ ਉਸਨੂੰ ਮਾਨਤਾ ਪ੍ਰਦਾਨ ਕਰਨ ਦੀ ਮੰਗ ਨੂੰ ਸਪੱਸ਼ਟ ਰੂਪ 'ਚ ਠੁਕਰਾ ਦਿੱਤਾ ਸੀ, ਇਹ ਕਹਿੰਦਿਆਂ ਕਿ ਉਹਨਾਂ ਦੇ ਅਜਿਹੇ ਕਦਮ ਨਾਲ ਫਲਸਤੀਨੀ ਲੋਕਾਂ ਅਤੇ ਕੌਮੀ ਮੁਕਤੀ ਦੇ ਚੱਲ ਰਹੇ ਹੋਰਨਾਂ ਘੋਲਾਂ ਨੂੰ ਢਾਹ ਲੱਗੇਗੀ।

**ਨਵੇਂ ਮੁਲਕ ਦੀ ਸਥਾਪਤੀ** : ਨਵੇਂ ਮੁਲਕ ਦੇ ਹੋਂਦ 'ਚ ਆ ਜਾਣ ਤੋਂ ਬਾਅਦ ਇਜ਼ਰਾਈਲ ਦੇ ਕਬਜ਼ੇ ਹੇਠਲੇ ਇਲਾਕਿਆਂ 'ਚੋਂ ਬਹੁਤ ਹੀ ਵੱਡੀ ਤਾਦਾਦ 'ਚ ਅਰਬੀ ਲੋਕਾਂ ਨੇ ਹਿਜਰਤ ਕੀਤੀ। ਇੱਕ ਅੰਦਾਜ਼ੇ ਮੁਤਾਬਕ ਉਸ ਮੌਕੇ ਕਰੀਬ 7.5 ਲੱਖ ਅਰਬੀਆਂ ਨੇ ਉੱਥੋਂ ਪ੍ਰਵਾਸ ਕੀਤਾ, ਜਿਸਨੂੰ ਨਕਬਾ ਯਾਨੀ ਕਿ ਪਰਲੋ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਇਜ਼ਰਾਈਲੀ ਅੱਤਵਾਦੀ ਜੱਥੇਬੰਦੀਆਂ ਇਸ ਗੱਲ 'ਤੇ ਆਮਦਾ ਸਨ ਕਿ ਨਵੇਂ ਬਣਨ ਵਾਲੇ ਇਜ਼ਰਾਈਲ 'ਚੋਂ ਇਜ਼ਰਾਈਲੀ ਵਿਰੋਧੀਆਂ ਤੇ ਫਲਸਤੀਨੀਆਂ ਦਾ ਸਫਾਇਆ ਕਰ ਦਿੱਤਾ ਜਾਵੇ। ਇਸ ਮਨਸ਼ੇ ਨੂੰ ਸਿਰੇ ਚਾੜ੍ਹਣ ਲਈ ਉਹਨਾਂ ਨੇ ਵਰਲਡ ਜ਼ਿਆਓਨਿਸਟ ਕਾਂਗਰਸ ਦੇ ਲੰਦਨ 'ਚ ਬੈਠੇ ਨੁਮਾਇੰਦੇ ਵੀਅਜ਼ਮੈਨ ਅਤੇ ਪੋਲੈਂਡ ਦੇ ਪ੍ਰਵਾਸੀ ਵਲਾਦੀਮੀਰ ਜੈਬੋਟਿੰਸਕੀ ਦੀਆਂ ਸੇਵਾਵਾਂ ਲਈਆਂ। ਜਿੱਥੇ ਵੀਅਜ਼ਮੈਨ ਇਸ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ ਬਾਲਫੋਰ ਐਲਾਨਨਾਮਾ ਸਿਰੇ ਚੜ੍ਹੇ ਉੱਥੇ ਜੈਬੋਟਿੰਸਕੀ ਰੇਲਵੇ ਲਾਈਨਾਂ, ਪੁਲਾਂ, ਰੇਲਵੇ ਦੇ ਇੰਜਣਾਂ ਦੇ ਲੋਕੋ ਸ਼ੈਡਾਂ, ਫੈਕਟਰੀਆਂ ਤੇ ਬੰਦਰਗਾਹਾਂ ਨੂੰ ਤਬਾਹ ਕਰਨ ਲਈ ਉਹਨਾਂ ਥਾਵਾਂ 'ਤੇ ਬਾਰੂਦੀ ਸੁਰੰਗਾਂ ਵਿਛਾਉਣ 'ਚ ਮੋਹਰੀ ਰੋਲ ਨਿਭਾ ਰਿਹਾ ਸੀ। ਸੱਭ ਤੋਂ ਵੱਡੀ ਵਾਰਦਾਤ ਜੁਲਾਈ 1946 'ਚ ਜੈਰੂਸਲਮ ਦੇ ਕਿੰਗ ਡੈਵਿਡ ਹੋਟਲ ਨੂੰ ਬੰਬ ਨਾਲ ਉਡਾਉਣ ਦੀ ਸੀ।

ਫਲਸਤੀਨੀਆਂ ਦੇ ਪ੍ਰਵਾਸ ਦਾ ਇਹ ਸਿਲਸਿਲਾ ਇੱਥੇ ਹੀ ਨਹੀਂ ਮੁੱਕ ਗਿਆ। ਇਹ ਅੱਜ ਵੀ ਬਰਕਰਾਰ ਹੈ। ਇਜ਼ਰਾਈਲ ਦੇ ਹਾਕਮਾਂ ਨੇ ਮੁਲਕ ਦੀ ਸਥਾਪਤੀ ਹੋਣ ਦੇ ਨਾਲ ਹੀ ਆਪਣੇ ਮੁਲਕ ਦੀਆਂ ਯੂਐੱਨਓ ਦੇ ਮਤੇ ਮੂਜਬ ਹੱਦਬੰਦੀਆਂ ਦੀ ਪ੍ਰਵਾਹ ਨਾ ਕਰਦਿਆਂ ਆਪਣੇ ਨਾਪਾਕ ਕਦਮਾਂ ਨੂੰ ਫਲਸਤੀਨ ਦੇ ਅਰਬੀ ਖੇਤਰਾਂ ਅੰਦਰ ਫੈਲਾਉਣ ਦਾ ਸਿਲਸਿਲਾ ਜਾਰੀ ਰੱਖਿਆ। ਉਹਨਾਂ ਨੇ ਹੋਰਨਾਂ ਇਲਾਕਿਆਂ 'ਤੇ ਆਪਣੇ ਕਬਜ਼ੇ ਜਮਾਏ ਅਤੇ ਫਲਸਤੀਨੀ ਲੋਕਾਂ 'ਤੇ ਜਬਰ-ਜ਼ੁਲਮ ਢਾਹੁਣੇ ਜਾਰੀ ਰੱਖੇ। 1967 'ਚ ਛੇ ਦਿਨ ਲੰਮੀ ਚੱਲੀ ਜੰਗ ਦੌਰਾਨ ਇਜ਼ਰਾਈਲ ਨੇ ਸੀਰੀਆ ਦੇ ਗੋਲਾਨ ਹਾਈਟਸ ਪਹਾੜੀ ਖੇਤਰ, ਜਾਰਡਨ ਦੇ ਪੱਛਮੀ ਕਿਨਾਰੇ (ਵੈੱਸਟ ਬੈਂਕ), ਫਲਸਤੀਨ ਦੇ ਗਾਜ਼ਾ ਪੱਟੀ ਅਤੇ ਮਿਸਰ ਦੇ ਸਿਨਈ ਪੈਨਿਨਸੁਲਾ ਇਲਾਕੇ ਹਥਿਆ ਲਏ। ਇਸ ਉਪਰੰਤ ਉਸਨੇ ਇਹਨਾਂ ਇਲਾਕਿਆਂ ਅੰਦਰ ਆਪਣੀਆਂ ਪੱਕੀਆਂ ਠਾਹਰਾਂ(ਬਸਤੀਆਂ) ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਅਰਬੀ ਲੋਕਾਂ ਨੂੰ ਉੱਥੋਂ ਖਦੇੜਨਾ ਜਾਰੀ ਰੱਖਿਆ। ਸ਼ੀਤ ਯੁੱਧ ਦਾ ਸਮਾਂ ਹੋਣ ਕਾਰਨ ਅਮਰੀਕਾ ਨੇ ਇਸ ਖੇਤਰ ਅੰਦਰ ਆਪਣੀ ਪੈਂਠ ਬਣਾਈ ਰੱਖਣ ਲਈ ਵਿੱਚ ਵਿਚਾਲੇ ਪੈ ਕੇ ਭਾਵੇਂ ਸਮਝੌਤਾ ਕਰਵਾ ਦਿੱਤਾ ਸੀ ਅਤੇ ਕੁੱਝ ਇਲਾਕੇ ਵਾਪਸ ਉਹਨਾਂ ਮੁਲਕਾਂ ਨੂੰ ਸੌਂਪ ਦਿੱਤੇ ਸਨ, ਪਰ ਗੋਲਾਨ ਹਾਈਟਸ, ਪੱਛਮੀ ਕੰਢਾ ਤੇ ਗਾਜ਼ਾ ਪੱਟੀ ਦੇ ਇਲਾਕੇ ਇਜ਼ਰਾਈਲ ਦੇ ਕਬਜ਼ੇ ਹੇਠ ਹੀ ਰਹੇ ਤੇ ਅੱਜ ਤੱਕ ਵੀ ਹਨ।

**ਫਲਸਤੀਨ ਅੰਦਰੋਂ ਇਜ਼ਰਾਈਲ ਦਾ ਵਿਰੋਧ** : ਸਥਿਤੀ ਇਹ ਨਹੀਂ ਰਹੀ ਕਿ ਫਲਸਤੀਨੀ ਲੋਕਾਂ ਨੇ ਇਜ਼ਰਾਈਲ ਦੀ ਸਥਾਪਨਾ ਨੂੰ ਆਪਣੀ ਹੋਣੀ ਮੰਨ ਲਿਆ ਹੋਵੇ ਤੇ ਉਹ ਹੱਥ 'ਤੇ ਹੱਥ ਧਰਕੇ ਬੈਠੇ ਹੋਣ। ਉਹਨਾਂ ਨੇ ਆਪਣੇ ਹਮਖਿਆਲ ਮੁਲਕਾਂ ਦੀਆਂ ਸਰਕਾਰਾਂ ਤੋਂ ਅਤੇ ਲੋਕਾਂ ਦੀ ਇਮਦਾਦ ਨਾਲ ਹਰ ਪੱਧਰ 'ਤੇ ਇਜ਼ਰਾਈਲ ਦੀ ਵਿਰੋਧਤਾ ਦਾ ਝੰਡਾ ਬੁਲੰਦ ਕਰਨਾ ਜਾਰੀ ਰੱਖਿਆ- ਕਦੇ ਸ਼ਾਂਤਮਈ ਢੰਗਾਂ ਰਾਹੀਂ, ਕਦੇ ਵਿਰੋਧ ਮੁਜ਼ਾਹਰਿਆਂ ਰਾਹੀਂ, ਕਦੇ ਹਥਿਆਰਾਂ ਨਾਲ, ਕਦੇ ਵਾਰਤਾਲਾਪਾਂ ਜ਼ਰੀਏ, ਕਦੇ ਸੰਸਾਰ ਫੋਰਮਾਂ 'ਤੇ ਆਪਣੀ ਆਵਾਜ਼ ਉਠਾਉਣ ਰਾਹੀਂ। ਇਸ ਦੇ ਨਾਲ ਹੀ ਸੰਸਾਰ ਪੱਧਰ ਦੇ ਇਨਸਾਫ ਪਸੰਦ ਲੋਕਾਂ, ਦੇਸ਼ਾਂ ਤੇ ਜਮਹੂਰੀ ਤਾਕਤਾਂ ਨੇ ਵੀ ਫਲਸਤੀਨ ਦੇ ਇਸ ਹੱਕ ਬ ਵਾਜਬ ਘੋਲ ਨਾਲ ਆਪਣੇ ਢੰਗਾਂ ਨਾਲ ਯਕਜਹਿਤੀ ਪ੍ਰਗਟ ਕਰਨੀ ਜਾਰੀ ਰੱਖੀ ਹੋਈ ਹੈ। ਇਸੇ ਹੀ ਪ੍ਰਸੰਗ 'ਚ ਫਲਸਤੀਨ ਦੀ ਮੁਕਤੀ ਲਈ ਜਥੇਬੰਦ ਕੀਤੀ ਗਈ ਯਾਸਰ ਅਰਾਫਤ ਦੀ ਅਗਵਾਈ ਵਾਲੀ ਫਲਸਤੀਨੀ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀਐੱਲਓ) ਦੇ ਗਠਨ ਤੇ ਉਸਦੇ ਰੋਲ ਨੂੰ ਸਮਝਿਆ ਜਾ ਸਕਦਾ ਹੈ। ਜਮਹੂਰੀ ਢੰਗ-ਤਰੀਕਿਆਂ 'ਚ ਵਿਸ਼ਵਾਸ਼ ਕਰਨ ਵਾਲੀ ਪੀਐੱਲਓ ਨੇ ਸੰਸਾਰ ਪਲੇਟਫ਼ਾਰਮਾਂ 'ਤੇ ਫਲਸਤੀਨ 'ਤੇ ਹੋ ਰਹੇ ਜਬਰ ਦੀ ਬਾਤ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਅਤੇ ਨਾਲ ਹੀ ਉਸਨੇ ਜਮਹੂਰੀ ਢੰਗਾਂ ਨਾਲ ਵਾਰਤਾਲਾਪਾਂ ਦਾ ਸਿਲਸਿਲਾ ਵੀ ਜਾਰੀ ਰੱਖਿਆ। ਦੂਜੇ ਪਾਸੇ ਇਜ਼ਰਾਈਲੀ ਹੁਕਮਰਾਨ ਪੀਐੱਲਓ ਨੂੰ ਇੱਕ ਅੱਤਵਾਦੀ ਜੱਥੇਬੰਦੀ ਗਰਦਾਨਦੇ ਸਨ। ਅਖੀਰ 1993 'ਚ ਨਾਰਵੇ ਦੇ ਰਾਜਧਾਨੀ ਸ਼ਹਿਰ ਓਸਲੋ 'ਚ ਇੱਕ ਸਮਝੌਤਾ ਇਜ਼ਰਾਈਲ ਤੇ ਪੀਐੱਲਓ ਦਰਮਿਆਨ ਕਲਮਬੱਧ ਹੋਇਆ। ਇਸ ਸਮਝੌਤੇ ਮੁਤਾਬਕ ਇਜ਼ਰਾਈਲ ਨੇ ਪੀਐੱਲਓ ਨੂੰ ਅਰਬੀ ਲੋਕਾਂ ਦੀ ਨੁਮਾਇੰਦਾ ਜੱਥੇਬੰਦੀ ਦੇ ਤੌਰ 'ਤੇ ਸਵੀਕਾਰ ਕੀਤਾ ਅਤੇ ਪੀਐੱਲਓ ਨੇ ਇਜ਼ਰਾਈਲ ਨੂੰ ਇੱਕ ਦੇਸ਼ ਵਜੋਂ ਮੰਨਿਆ (ਇਸ ਤੋਂ ਪਹਿਲਾਂ ਫਲਸਤੀਨ ਦੇ ਲੋਕ ਇਜ਼ਰਾਈਲ ਨੂੰ ਕੋਈ ਮੁਲਕ ਵਜੋਂ ਸਵੀਕਾਰ ਨਹੀਂ ਕਰਦੇ ਸਨ)। ਇਸ ਸਮਝੌਤੇ ਤੋਂ ਪਹਿਲਾਂ ਹੀ ਜਮਹੂਰੀ ਢੰਗ ਨਾਲ ਚੱਲਣ ਵਾਲੀ ਪੀਐੱਲਓ ਦਾ ਵਿਰੋਧ ਸ਼ੁਰੂ ਚੁੱਕਿਆ ਸੀ ਅਤੇ ਹਮਸ ਨਾਂ ਦੀ ਇੱਕ ਜੱਥੇਬੰਦੀ 1987 'ਚ ਸਥਾਪਤ ਕੀਤੀ ਜਾ ਚੁੱਕੀ ਸੀ ਜੀਹਦਾ ਕੰਮ ਕਰਨ ਦਾ ਮੁੱਖ ਤਰੀਕਾਕਾਰ ਅੱਤਵਾਦੀ ਕਾਰਵਾਈਆਂ ਰਾਹੀਂ ਆਪਣੇ ਮੁਲਕ ਨੂੰ ਆਜ਼ਾਦੀ ਦਵਾਉਣਾ ਸੀ। ਓਸਲੋ ਸਮਝੌਤੇ ਦੇ ਵਿਰੋਧ 'ਚ ਉਸਨੇ ਇਸਨੂੰ ਗੋਡੇਟੇਕੂ ਸਮਝੌਤਾ ਕਿਹਾ। ਦਲੀਲ ਇਹ ਸੀ ਕਿ ਕਿਓਂਕਿ ਇਸ ਮੁਤਾਬਕ ਪੀਐੱਲਓ ਤਾਂ ਇੱਕ ਜੱਥੇਬੰਦੀ (ਧਿਰ) ਪ੍ਰਵਾਨ ਕਰ ਲਈ ਗਈ ਸੀ ਪਰ ਉਹ ਕਿਹੜੇ ਦੇਸ਼ ਦੇ ਲੋਕਾਂ ਦੀ ਨੁਮਾਇੰਦਗੀ ਕਰਦੀ ਸੀ, ਇਸ ਸੱਭ ਕਾਸੇ ਦਾ ਓਸਲੋ ਸਮਝੌਤੇ 'ਚ ਕੋਈ ਜ਼ਿਕਰ ਨਹੀਂ ਸੀ ਯਾਨੀ ਕਿ ਫਲਸਤੀਨ ਵਰਗੇ ਕਿਸੇ ਮੁਲਕ ਦੀ ਕੋਈ ਹੋਂਦ ਮੰਨਣ ਦਾ ਕੋਈ ਵੀ ਇਸ਼ਾਰਾ ਮਾਤਰ ਵੀ ਨਹੀਂ ਸੀ। ਇਜ਼ਰਾਈਲ ਦੇ ਅੰਦਰੋਂ ਵੀ ਇਸ ਸਮਝੌਤੇ ਦਾ ਵਿਰੋਧ ਹੋਇਆ ਅਤੇ ਉਸ ਸਮੇਂ ਵਿਰੋਧੀ ਧਿਰ ਦੇ ਆਗੂ ਵਜੋਂ ਇਜ਼ਰਾਈਲ ਦੇ ਮੌਜੂਦਾ ਪ੍ਰਧਾਨ ਮੰਤਰੀ ਨੇਤਿਆਅਨਹੂ ਨੇ ਇਸ ਸਮਝੌਤੇ ਦਾ ਡੱਟਕੇ ਵਿਰੋਧ ਕੀਤਾ।

1996 'ਚ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਹੁੰਦਿਆਂ ਹੀ ਉਸਨੇ ਫਲਸਤੀਨੀ ਲੋਕਾਂ 'ਤੇ ਆਪਣੇ ਜਬਰ ਦਾ ਕੁਹਾੜਾ ਹੋਰ ਤੇਜ਼ ਕਰ ਦਿੱਤਾ ਹੋਇਆ ਹੈ। ਇਸੇ ਦੌਰਾਨ ਹੀ ਇਜ਼ਰਾਈਲ ਦੀ ਘੇਰਾਬੰਦੀ ਵਾਲੇ ਖੇਤਰ ਗਾਜ਼ਾਪੱਟੀ 'ਚ ਹੋਏ ਚੁਣਾਵਾਂ 'ਚ 2007 'ਚ ਹਮਸ ਦਾ ਪਾਰਲੀਮਾਨੀ ਵਿੰਗ ਜਮਹੂਰੀ ਤਰਜ਼ੇਅਮਲ ਨਾਲ ਸੱਤ੍ਹਾ 'ਚ ਆਇਆ ਅਤੇ ਉਹ ਅਜੇ ਤੱਕ ਵੀ ਗੱਦੀ 'ਤੇ ਹੈ। ਨੇਤਿਆਅਨਹੂ ਇਸੇ ਹਮਸ ਨੂੰ ਅੱਤਵਾਦੀ ਜੱਥੇਬੰਦੀ ਐਲਾਨਦਾ

ਹੈ ਅਤੇ ਉਸ ਦਾ ਅਤੇ ਫਲਸਤੀਨੀ ਲੋਕਾਂ ਦਾ ਇਸ ਜਗਤ 'ਚੋਂ ਨਾਮੋਨਿਸ਼ਾਨ ਮਿਟਾਉਣ ਲਈ ਆਮਦਾ ਹੈ।

**ਫਲਸਤੀਨੀਆਂ ਦੀ ਨਸਲਕੁਸ਼ੀ 'ਤੇ ਆਮਦਾ ਇਜ਼ਰਾਈਲੀ ਹੁਕਮਰਾਨ** : ਮੀਕੋ ਪੇਲੇਡ ਇਜ਼ਰਾਈਲੀ ਫੌਜ ਦੇ ਇੱਕ ਜਨਰਲ ਦਾ ਪੁੱਤਰ ਹੈ ਅਤੇ ਲੇਖਕ ਹੋਣ ਦੇ ਨਾਲ-ਨਾਲ ਉਹ ਇੱਕ ਸਮਾਜਕ ਕਾਰਕੁੰਨ ਵੀ ਹੈ। ਉਸਨੇ ਆਪਣੇ ਵੱਲੋਂ ਜਾਰੀ ਇੱਕ ਵੀਡੀਓ 'ਚ ਇਹ ਬਿਆਨ ਦਿੱਤਾ ਹੈ ਕਿ ਇਜ਼ਰਾਈਲੀ ਫੌਜ(ਆਈਡੀਐੱਫ) ਇੱਕ ਆਧੁਨਿਕਤਮ ਹਥਿਆਰਾਂ ਤੇ ਹੋਰ ਸਾਜ਼ੋ ਸਮਾਨ ਨਾਲ ਲੈਸ, ਬਹੁਤ ਆਲੀਸ਼ਾਨ ਵਰਦੀਧਾਰੀ, ਪੂਰਨ ਰੂਪ 'ਚ ਸਿੱਖਿਅਤ, ਤਕਨੀਕੀ ਪੱਖੋਂ ਪੂਰੀ ਲੈਸ ਕੋਈ ਫੌਜੀ ਜੱਥੇਬੰਦੀ ਨਹੀਂ ਹੈ ਬਲਕਿ ਇਹ ਇੱਕ ਅੱਤਵਾਦੀ ਜੱਥੇਬੰਦੀ ਹੈ। ਉਸਨੇ ਆਪਣੀ ਇਸ ਗੱਲ ਦੀ ਹਮਾਇਤ 'ਚ ਇੱਕ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਕਿਵੇਂ 2007/8 'ਚ ਇਜ਼ਰਾਈਲੀ ਫੌਜ ਨੇ 11 ਵੱਜਕੇ 25 ਮਿੰਟ 'ਤੇ ਇੱਕੋ ਸਮੇਂ ਹੀ ਸਕੂਲੀ ਬੱਚਿਆਂ 'ਤੇ ਬੰਬਾਰੀ ਕੀਤੀ ਸੀ। ਹਮਲੇ ਦਾ ਇਹ ਵਕਤ ਮਿਥਣਾ ਇੱਕ ਬਹੁਤ ਹੀ ਡੂੰਘੀ, ਕਮੀਨੀ ਤੇ ਕਚਿਆਈ ਲਿਆਉਣ ਵਾਲੀ ਵੱਡੀ ਸਾਜ਼ਸ਼ ਦਾ ਇੱਕ ਹਿੱਸਾ ਸੀ ਜੀਹਦੇ ਮੁਤਾਬਕ ਇਜ਼ਰਾਈਲੀਆਂ ਨੇ ਫਲਸਤੀਨੀ ਲੋਕਾਂ ਦੀ ਵੱਡੇ ਪੱਧਰ 'ਤੇ ਨਸਲਕੁਸ਼ੀ ਕਰਨੀ ਹੈ। ਕਿਉਂਕਿ ਹਮਲੇ ਦਾ ਇਹ ਸਮਾਂ ਉਹ ਸਮਾਂ ਸੀ ਜਦੋਂ ਸਕੂਲੀ ਬੱਚਿਆਂ ਦੀ ਪਹਿਲੀ ਸ਼ਿਫਟ ਖਤਮ ਹੁੰਦੀ ਹੈ ਅਤੇ ਦੂਜੀ ਸ਼ੁਰੂ ਹੁੰਦੀ ਹੈ। ਯਾਨੀ ਕਿ ਇਸ ਸਮੇਂ 'ਚ ਬਹੁਤ ਹੀ ਵੱਡੀ ਤਾਦਾਦ 'ਚ ਫਲਸਤੀਨੀ ਬੱਚੇ ਸੜਕਾਂ 'ਤੇ ਅਤੇ ਸਕੂਲਾਂ ਦੇ ਨੇੜ-ਤੇੜ ਹੁੰਦੇ ਹਨ, ਯਾਨੀ ਕਿ ਬੱਚਿਆਂ ਨੂੰ ਮਾਰ ਮੁਕਾ ਕੇ ਫਲਸਤੀਨੀ ਕੌਮ ਨੂੰ ਹੀ ਨੇਸਤੇਨਬੂਦ ਕਰ ਦੇਣ ਦਾ ਇਜ਼ਰਾਈਲੀ ਹਾਕਮਾਂ ਦੇ ਮਨਸ਼ੇ ਜੱਗਜਾਹਰ ਹੁੰਦੇ ਹਨ। ਇਸ ਤੋਂ ਘਿਨਾਉਣੀ ਕੋਈ ਹੋਰ ਕਾਰਵਾਈ ਹੋ ਨਹੀਂ ਸਕਦੀ।

ਇਜ਼ਰਾਈਲ ਦੀ ਇੱਕ ਪੱਤਰਕਾਰ ਦਾ ਕਹਿਣਾ ਹੈ ਕਿ ਜਰਮਨੀ 'ਚ ਨਾਜ਼ੀਆਂ ਵੱਲੋਂ ਰਚਾਏ ਮਹਾਂ ਕਤਲੇਆਮ (ਹੋਲੋਕਾਸਟ) 'ਚ ਉਸਦੀ ਦਾਦੀ/ਨਾਨੀ ਦੇ ਸਾਰੇ ਪਰਿਵਾਰ ਦੇ ਮੈਂਬਰਾਂ ਦੇ ਮਾਰੇ ਜਾਣ ਉਪਰੰਤ ਉਹ ਬਚ ਬਚਾਕੇ ਇੱਕ ਯਹੂਦੀ ਅਜੰਸੀ ਕੋਲ ਆ ਗਈ ਅਤੇ ਉਸਨੇ ਉਹਨਾਂ ਪਾਸੋਂ ਰਹਿਣ ਲਈ ਇੱਕ ਘਰ ਮੰਗਿਆ। ਘਰ ਮਿਲਣ ਦੀ ਉਡੀਕ 'ਚ ਉਸਨੂੰ ਇੱਕ ਸ਼ਰਨਾਰਥੀ ਕੈਂਪ 'ਚ ਸਥਾਪਤ ਟੈਂਟ 'ਚ ਪਨਾਹ ਦਿੱਤੀਗਈ। ਕਾਫੀ ਚਿਰ ਬਾਅਦ ਉਸਨੂੰ ਦੱਸਿਆ ਗਿਆ ਕਿ ਉਸ ਲਈ ਘਰ ਦਾ ਇੰਤਜ਼ਾਮ ਕਰ ਲਿਆ ਗਿਆ ਹੈ ਅਤੇ ਉਸਨੂੰ ਆਪਣੇ ਨਾਲ ਲਿਜਾ ਕੇ ਉਹਨੂੰ ਸਮੁੰਦਰ ਕਿਨਾਰੇ ਇੱਕ ਬੀਚ ਹਾਊਸ 'ਚ ਲਿਜਾਇਆ ਗਿਆ ਤੇ ਕਿਹਾ ਕਿ ਇਹ ਹੈ ਤੇਰਾ ਘਰ। ਉਹ ਬਹੁਤ ਹੀ ਖੁਸ਼ੀ-ਖੁਸ਼ੀ ਉਸ ਘਰ ਦੇ ਅੰਦਰ ਗਈ ਤਾਂ ਜਦੋਂ ਅੰਦਰ ਜਾਕੇ ਇੱਕ ਕਮਰੇ ਅੰਦਰ ਪਏ ਇੱਕ ਮੇਜ਼ 'ਤੇ ਕੁੱਝ ਖਾਣੇ ਦੀ ਰਹਿੰਦ-ਖੂੰਹਦ ਨੂੰ ਦੇਖਿਆ ਤਾਂ ਉਹ ਸਮਝ ਗਈ ਕਿ ਅਸਲ ਮਾਜ਼ਰਾ ਕੀ ਹੈ। ਉਹ ਉਲਟੇ ਪੈਰੀਂ ਹੀ ਵਾਪਸ ਆ ਗਈ ਤੇ ਉਸਨੇ ਸੁਰੱਖਿਆ ਦਸਤਿਆਂ ਨੂੰ ਕਿਹਾ ਕਿ ਉਸਨੂੰ ਵਾਪਸ ਟੈਂਟ 'ਚ ਛੱਡ ਦਿੱਤਾ ਜਾਵੇ। ਕਿਉਂਕਿ ਉਸਨੂੰ ਦਿੱਤੇ ਜਾਣ ਵਾਲੇ ਘਰ 'ਚੋਂ ਹੁਣੇ-ਹੁਣੇ ਹੀ ਉਸ ਘਰ ਦੇ ਅਰਬੀ ਮਾਲਕਾਂ ਨੂੰ ਹਥਿਆਰਾਂ ਦੇ ਜ਼ੋਰ ਮਾਰ ਭਜਾਇਆ ਗਿਆ ਸੀ ਅਤੇ ਉਹ ਡਰਦੇ ਮਾਰੇ ਆਪਣਾ ਖਾਣਾ ਵੀ ਅੱਧ-ਵਿਚਾਲੇ ਪਲੇਟਾਂ 'ਚ ਪਿਆ ਛੱਡ ਕੇ ਆਪਣੀ ਜਾਨ ਬਚਾਉਂਦਿਆਂ ਭੱਜ ਨਿਕਲੇ ਸਨ। ਅਜਿਹੀਆਂ ਹੋਰ ਵੀ ਅਨੇਕਾਂ ਕਹਾਣੀਆਂ ਹਨ ਜਿਹੜੀਆਂ ਇਜ਼ਰਾਈਲੀ ਲੋਕਾਂ ਦੀ ਮਨੁੱਖਤਾਵਾਦੀ ਖਸਲਤ ਨੂੰ ਉਜਾਗਰ ਕਰਦੀਆਂ ਹਨ।

ਅਜੇ ਤਾਜ਼ਾ-ਤਾਜ਼ਾ ਆਈ ਇੱਕ ਰਿਪੋਰਟ 'ਚ ਇਹ ਇੰਕਸ਼ਾਫ ਹੋਇਆ ਹੈ ਕਿ ਇਜ਼ਰਾਈਲੀ ਹੁਕਮਰਾਨ ਜਿਸ ਦਿਨ ਹਵਾ ਦਾ ਰੁਖ ਆਪਣੇ ਕਬਜ਼ੇ ਹੇਠਲੇ ਖੇਤਰ ਗਾਜ਼ਾ ਪੱਟੀ ਵੱਲ ਹੁੰਦਾ ਹੈ ਤਾਂ ਉਹ ਆਪਣੇ ਅਮਲੇ ਰਾਹੀਂ ਗਲਾਈਫੋਸੇਟ ਨਾਮਕ ਪਾਬੰਦੀਸ਼ੁਦਾ ਕੀੜੇਮਾਰ ਦਵਾਈ ਸਮੇਤ ਹੋਰਨਾਂ ਖਤਰਨਾਕ ਕੀੜੇਮਾਰ ਦਵਾਈਆਂ ਦਾ ਛਿੜਕਾਅ ਇਸ ਢੰਗ ਨਾਲ ਕਰਦੇ ਹਨ ਤਾਂਕਿ ਉਹ ਹਵਾ ਨਾਲ ਰਲਕੇ ਗਾਜ਼ਾਪੱਟੀ 'ਚ ਮੌਜੂਦ ਪੱਕਣ 'ਤੇ ਆਈਆਂ ਫਸਲਾਂ ਨੂੰ ਤਬਾਹ ਕਰ ਦੇਵੇ ਅਤੇ ਲੋਕ/ਕਿਸਾਨ ਭੁੱਖਮਰੀ ਨਾਲ ਮਰ-ਮੁੱਕ ਜਾਣ। ਅਜਿਹੀਆਂ ਹੀ ਹੋਰ ਬੰਦਸ਼ਾਂ ਤੇ ਜ਼ਾਲਮ ਢੰਗ-ਤਰੀਕਿਆਂ ਨਾਲ ਨਸਲਕੁਸ਼ੀ 'ਤੇ ਉਤਾਰੂ ਹਨ- ਇਜ਼ਰਾਈਲੀ ਹੁਕਮਰਾਨ।

ਮੌਜੂਦਾ ਤਣਾਅ ਭਰੇ ਹਾਲਾਤ 'ਚ ਇਜ਼ਰਾਈਲੀ ਫੌਜ ਕੋਲ ਆਹਲਾ ਤਕਨੀਕ ਵਾਲੇ ਹਵਾਈ ਜਹਾਜ਼, ਰਸਾਇਣਕ ਹਥਿਆਰ, ਫਾਸਫੋਰਸ ਬੰਬ ਤੇ ਸਪੰਜ ਬੰਬ ਮੌਜੂਦ ਹਨ ਜਿਹਨਾਂ ਨੂੰ ਇਹ ਹਾਕਮ ਫਲਸਤੀਨੀ ਲੋਕਾਂ ਖਿਲਾਫ ਵਰਤੋਂ 'ਚ ਲਿਆ ਰਹੇ ਹਨ। ਨਸਲਕੁਸ਼ੀ ਦੀ ਇੱਕ ਹੋਰ ਮਿਸਾਲ ਹਸਪਤਾਲਾਂ 'ਤੇ ਅਤੇ ਖਾਸਕਰ ਬੱਚਿਆਂ ਦੇ ਹਸਪਤਾਲਾਂ ਉੱਪਰ ਬੰਬਾਰੀ ਕਰਨ ਦੀ ਹੈ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਇਹਨਾਂ ਥਾਵਾਂ 'ਤੇ ਹਮਸ ਦੇ ਅੱਤਵਾਦੀ ਛੁਪੇ ਹੋਏ ਹਨ। ਇਜ਼ਰਾਈਲੀ ਫੌਜਾਂ ਵੱਲੋਂ ਚਾਰੋਂ ਪਾਸਿਆਂ ਤੋਂ ਘੇਰਾਬੰਦੀ ਕੀਤੀ ਹੋਣ ਕਾਰਨ ਗਾਜ਼ਾ ਪੱਟੀ ਦੇ ਖੇਤਰ ਅੰਦਰ ਲੋਕਾਂ ਨੂੰ ਪੈਟਰੋਲ, ਡੀਜ਼ਲ, ਕੁਕਿੰਗ ਗੈਸ, ਦਵਾਈਆਂ, ਰਾਸ਼ਨ, ਫਲ, ਸਬਜ਼ੀਆਂ ਤੱਕ ਖ਼ਰੀਦਣ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਤੇ ਇਹ ਵੀ ਦੇਖਣ 'ਚ ਆਇਆ ਹੈ ਕਿ ਗਾਜ਼ਾ ਪੱਟੀ ਦੇ ਉੱਤਰੀ ਖੇਤਰ ਦੇ ਲੋਕ ਵੱਡੀ ਪੱਧਰ 'ਤੇ ਦੱਖਣੀ ਖੇਤਰ ਵੱਲ ਹਿਜ਼ਰਤ ਕਰਨ ਲਈ ਮਜਬੂਰ ਹੋ ਰਹੇ ਹਨ।

**ਹਿੰਦੋਸਤਾਨ ਦੇ ਲੋਕਾਂ ਨਾਲ ਕੀ ਰਿਸ਼ਤਾ ਹੈ ਇਸ ਜੰਗ ਦਾ?** : ਸੁਆਲ ਪੈਦਾ ਹੁੰਦਾ ਹੈ ਕਿ ਸਾਡੇ ਮੁਲਕ ਦੇ ਲੋਕਾਂ ਦਾ ਕੀ ਵਾਸਤਾ ਹੈ ਇਸ ਯੁੱਧ ਨਾਲ ਹੈ, ਬਹੁਤ ਹੀ ਨੇੜਲਾ ਸਬੰਧ। ਭਾਰਤ ਦੇ ਹਾਕਮਾਂ ਵੱਲੋਂ ਇਸ ਮਸਲੇ 'ਤੇ ਯੂਐੱਨਓ ਦੇ ਮਤੇ 'ਤੇ ਹੋਈ ਵੋਟਿੰਗ 'ਚੋਂ ਗੈਰਹਾਜ਼ਰ ਰਹਿਕੇ ਇਜ਼ਰਾਈਲ ਦੇ ਹੱਕ 'ਚ ਭੁਗਤਣਾ ਅਤੇ ਭਾਰਤ ਦੇ ਹੁਕਮਰਾਨਾਂ ਵੱਲੋਂ ਇਜ਼ਰਾਈਲੀ ਹਾਕਮਾਂ ਦੇ ਇਸ਼ਾਰਿਆਂ 'ਤੇ ਹਮਸ ਨੂੰ ਅੱਤਵਾਦੀ ਜੱਥੇਬੰਦੀ ਗਰਦਾਨਨਾ ਇਹ ਦਿਖਾਉਂਦਾ ਹੈ ਕਿ ਸਾਡੇ ਮੁਲਕ ਦੇ ਇਹਨਾਂ ਹਾਕਮਾਂ ਦੇ ਹਿੱਤ ਇਜ਼ਰਾਈਲ ਦੇ ਹਿੱਤਾਂ ਨਾਲ ਐਨ ਮੇਲ ਖਾਂਦੇ ਹਨ ਨਾ ਕਿ ਭਾਰਤ ਦੇ ਲੋਕਾਂ ਨਾਲ। ਭਾਰਤੀ ਹਾਕਮਾਂ ਨੇ ਵੱਖ-ਵੱਖ ਢੰਗਾਂ ਨਾਲ ਸਾਡੇ ਆਪਣੇ ਮੁਲਕ ਅੰਦਰ ਵੀ ਹਾਲਾਤ ਇਸ ਤਰ੍ਹਾਂ ਦੇ ਬਣਾ ਰੱਖੇ ਹਨ ਕਿ ਲੋਕਾਂ ਦੇ ਨੱਕ 'ਚ ਦਮ ਆਇਆ ਹੋਇਆ ਹੈ। ਮਨੀਪੁਰ ਦੀਆਂ ਮੈਤੇਈ-ਕੁੱਕੀ ਝੜਪਾਂ, ਝਾਰਖੰਡ ਤੇ ਮੱਧ ਭਾਰਤ 'ਚ ਆਦਿਵਾਸੀਆਂ ਨੂੰ ਜਲ-ਜੰਗਲ-ਜ਼ਮੀਨ ਤੋਂ ਬੇਦਖ਼ਲ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਇਹਨਾਂ ਖਜ਼ਾਨਿਆਂ ਨੂੰ ਲੁੱਟਣ ਦੀ ਖੁੱਲ੍ਹੀਆਂ ਛੁੱਟੀਆਂ ਦੇਣਾ, ਭਾਰਤ ਦੀ ਮਜ਼ਦੂਰ ਜਮਾਤ ਨੂੰ ਆਪਣੇ ਲੰਬੇ ਸੰਘਰਸ਼ਾਂ ਬਾਅਦ ਹਾਸਲ ਕੀਤੇ 40 ਲੇਬਰ ਕਾਨੂੰਨਾਂ ਦੀ ਥਾਂ 'ਤੇ 4 ਲੇਬਰ ਕੋਡ ਲਾਗੂ ਕਰਕੇ ਮਜ਼ਦੂਰਾਂ ਦੇ ਹੱਕਾਂ 'ਤੇ ਛਾਪੇ ਮਾਰਨ ਰਾਹੀਂ ਕਾਰਖਾਨਿਆਂ ਦੇ ਮਾਲਕਾਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਦੀ ਖੁੱਲ੍ਹੀ ਛੁੱਟੀ ਦੇਣਾ ਕੀ ਲੋਕਾਂ 'ਤੇ ਜ਼ੁਲਮ ਢਾਹੁਣਾ ਨਹੀਂ ਹੈ? ਇਸੇ ਤਰ੍ਹਾਂ ਹੀ ਮਜ਼ਦੂਰਾਂ ਦੇ ਕੰਮ ਦੇ ਘੰਟੇ 8 ਤੋਂ ਵਧਾ ਕੇ 12 ਘੰਟੇ ਕਰਨਾ ਕੀ ਉਹਨਾਂ ਦੇ ਲੋਕ ਪੱਖੀ ਹੋਣ ਦੇ ਸਬੂਤ ਹਨ? ਇਸੇ ਕਰਕੇ ਹੀ ਸਾਡੇ ਮੁਲਕ ਦੇ ਮਿਹਨਤਕਸ਼ ਲੋਕਾਂ ਨੂੰ ਫਲਸਤੀਨੀ ਲੋਕਾਂ 'ਤੇ ਹੋ ਰਹੇ ਜ਼ੁਲਮਾਂ ਅਤੇ ਫਲਸਤੀਨੀ ਲੋਕਾਂ ਦੀ ਕੀਤੀ ਜਾ ਰਹੀ ਨਸਲਕੁਸ਼ੀ ਖ਼ ?ਲਾਫ਼ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਅਤੇ ਸਾਡੇ ਮੁਲਕ ਦੀਆਂ ਜਮਹੂਰੀ ਤਾਕਤਾਂ ਨੂੰ ਇੱਕਮੁੱਠ ਹੋਕੇ ਫਲਸਤੀਨੀ ਲੋਕਾਂ ਨਾਲ ਯਕਜਹਿਤੀ ਦਾ ਮੁਜ਼ਾਹਰਾ ਕਰਨਾ ਚਾਹੀਦਾ ਹੈ। ਅਤੇ ਸਰਕਾਰ 'ਤੇ ਇਹ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਅੰਤਰਰਾਸ਼ਟਰੀ ਪਲੇਠਫਾਰਮਾਂ ਤੋਂ ਫਲਸਤੀਨੀ ਲੋਕਾਂ 'ਤੇ ਹੋ ਰਹੇ ਜਬਰ ਖਿਲਾਫ ਉਹਨਾਂ ਨਾਲ ਖੜ੍ਹੇ ਅਤੇ ਕੌਮਾਂਤਰੀ ਮੁਆਹਿਦਿਆਂ ਮੁਤਾਬਕ ਫਲਸਤੀਨੀ ਲੋਕਾਂ ਨੂੰ ਬਣਦਾ ਹੱਕ ਦੇਵੇ।

# ਅੰਧਵਿਸ਼ਵਾਸੀ ਤੇ ਰੂੜ੍ਹੀਵਾਦੀ ਵਿਚਾਰਧਾਰਾ ਤਿਆਗੇ ਬਿਨਾ ਤਰੱਕੀ ਸੰਭਵ ਨਹੀਂ



ਜਸਵੰਤ ਜੀਰਖ
98151-69825

ਦੁਨੀਆ ਭਰ ਦੇ ਮੁਲਕਾਂ ਵਿੱਚ ਜਿੱਥੇ ਵੀ ਰਾਜ-ਪ੍ਰਬੰਧ ਚਲਾਉਣ ਅਤੇ ਦੁਨਿਆਵੀ ਜ਼ਿੰਦਗੀ ਵਿੱਚ ਪਿਤਾ ਪੁਰਖੀ ਰੂੜ੍ਹੀਵਾਦੀ ਵਿਚਾਰਾਂ, ਰਸਮਾਂ ਰਿਵਾਜਾਂ ਨੂੰ, ਸੰਸਕ੍ਰਿਤੀ ਦੇ ਨਾਂ ਹੇਠ ਹੂਬ-ਹੂ ਅੰਧਾ ਧੁੰਦ ਬਿਨਾ ਵਿਚਾਰਿਆਂ ਜ਼ਿੰਦਗੀ ਦਾ ਹਿੱਸਾ ਬਣਾਇਆ ਜਾਂਦਾ ਰਿਹਾ, ਉੱਥੇ ਮਨੁੱਖੀ ਜ਼ਿੰਦਗੀ ਬੇ ਲੋੜੇ ਬੋਝ ਹੇਠ ਦੱਬਕੇ ਅੱਜ ਤੱਕ ਸਹਿਕਦੀ ਆ ਰਹੀ ਹੈ। ਅਜਿਹੇ ਮੁਲਕਾਂ ਦੀ ਗਿਣਤੀ ਕਰਨ ਲੱਗਿਆਂ ਸਾਡੇ ਦੇਸ਼ ਦਾ ਨਾਂ ਮੁੱਢਲੇ ਨੰਬਰਾਂ ਵਿੱਚ ਆਉਂਦਾ ਹੈ, ਜਿੱਥੇ ਹਜ਼ਾਰਾਂ ਸਾਲਾਂ ਤੋਂ ਪ੍ਰਚੱਲਤ ਧਾਰਮਿਕ ਧਾਰਨਾਵਾਂ ਨੂੰ ਲਕੀਰ ਦੇ ਫ਼ਕੀਰ ਬਣਕੇ ਜਿਉਂ ਦਾ ਤਿਉਂ ਜਾਰੀ ਰੱਖਿਆ ਜਾ ਰਿਹਾ ਹੈ। ਸਾਰੇ ਹੀ ਮਜ਼੍ਹਬਾਂ/ਧਰਮਾਂ ਵਿੱਚ ਆਪਣੇ ਆਪਣੇ ਤੀਰਥ ਅਸਥਾਨਾਂ ਦੀ ਮਹਾਨਤਾ ਪਿੱਛੇ ਕੋਈ ਨਾ ਕੋਈ ਕਰਾਮਾਤੀ ਕਹਾਣੀ ਜੋੜਕੇ ਉਸਦੀ ਮਹੱਤਤਾ ਬਰਕਰਾਰ ਰੱਖੀ ਜਾ ਰਹੀ ਹੈ, ਜਿਸ ਕਰਕੇ ਉੱਥੇ ਉਸ ਨਾਲ ਸਬੰਧਤ ਹਰ ਕੋਈ ਹਾਜ਼ਰ ਹੋ ਕੇ ਆਪਣੀ ਜ਼ਿੰਦਗੀ ਦੇ ਦੁੱਖ ਕਲੇਸ਼ ਖਤਮ ਕਰਨ ਦੀ ਆਸ ਨਾਲ ਨਤਮਸਤਕ ਹੁੰਦਾ ਹੈ। ਧਰਮਾਂ ਦੇ ਅਜਿਹੇ ਅਣ ਗਿਣਤ ਅਸਥਾਨਾਂ ਦੀ ਯਾਤਰਾ ਦੌਰਾਨ ਅਕਸਰ ਹੀ ਅਜਿਹੇ ਭਿਆਨਕ ਹਾਦਸੇ ਅਕਸਰ ਹੀ ਵਾਪਰ ਰਹੇ ਹਨ, ਜਿਹਨਾਂ ਦੁਆਰਾ ਘਰ ਦੇ ਦੁੱਖ-ਕਲੇਸ਼, ਤੰਗੀਆਂ ਤਰੋਸੀਆਂ ਖਤਮ ਹੋਣ ਦੀ ਬਜਾਏ ਕਈ ਪ੍ਰਵਾਰ ਹੀ ਖਤਮ ਹੋ ਜਾਂਦੇ ਹਨ। ਪਰ ਇਸ ਦੇ ਬਾਵਜੂਦ ਵੀ ਅਜਿਹੇ ਦਰਦਨਾਕ ਹਾਦਸਿਆਂ ਤੋਂ ਕੋਈ ਸਬਕ ਸਿੱਖਣ ਦੀ ਬਜਾਏ ਲੋਕਾਂ ਦੀਆਂ ਭੀੜਾਂ ਦਾ ਅਜਿਹੇ ਅਸਥਾਨਾਂ ਤੇ ਜਾਣ ਦਾ ਸਿਲਸਿਲਾ ਸਾਡੇ ਸਾਹਮਣੇ ਬਿਨਾ ਰੋਕ ਟੋਕ ਜਿਉਂ ਦਾ ਤਿਉਂ ਚੱਲ ਰਿਹਾ ਹੈ। ਸਾਡੀਆਂ ਸਰਕਾਰਾਂ ਵੀ ਲੋਕਾਂ ਦੀ ਅਜਿਹੀ ਅੰਧਿਵਿਸਵਾਸੀ ਮਾਨਸਿਕਤਾ ਨੂੰ ਖਤਮ ਕਰਨ ਦੀ ਥਾਂ ਅਜਿਹੀਆਂ ਯਾਤਰਾਵਾਂ ਨੂੰ ਉਤਸਾਹਿਤ ਕਰਨ ਲਈ ਵਿਸ਼ੇਸ਼ ਗੱਡੀਆਂ, ਬੱਸਾਂ ਆਦਿ ਦੇ ਪ੍ਰਬੰਧ ਕਰਕੇ ਲੋਕਾਂ ਦੇ ਰੂੜ੍ਹੀਵਾਦੀ ਵਿਚਾਰ ਬਣੇ ਰਹਿਣ, ਨੂੰ ਹੀ ਪਹਿਲ ਦਿੰਦੀਆਂ ਹਨ। ਅਜਿਹੇ ਹਰ ਧਰਮ ਅਸਥਾਨ ਦੀ ਮਹੱਤਤਾ/ਮਾਨਤਾਵਾਂ ਦੀਆਂ 'ਕਰਾਮਾਤੀ' ਕਹਾਣੀਆਂ ਨੂੰ ਬਿਨਾ ਸੋਚੇ ਸਮਝੇ ਮੰਨ ਲੈਣ ਦੀਆਂ ਸਿੱਖਿਆਵਾਂ ਦੇਣ ਵਾਲੇ ਤਰ੍ਹਾਂ ਤਰ੍ਹਾਂ ਦੇ ਭੇਖਧਾਰੀ, ਸਾਧ-ਸੰਤ 'ਮਹਾਂਪੁਰਸ਼' ਹਰ ਥਾਂ ਮੌਜੂਦ ਹਨ, ਜਿਹੜੇ ਸਰਧਾਲੂਆਂ ਦੀ ਕਿਰਤ ਕਮਾਈ ਵਿੱਚੋਂ ਦਾਨ ਦੇ ਰੂਪ 'ਚ ਲਏ ਜਾਂਦੇ ਚੜ੍ਹਾਵਿਆਂ ਦੇ ਸਹਾਰੇ ਸਵਰਗਮਈ ਜ਼ਿੰਦਗੀ ਬਸ਼ਰ ਕਰਦੇ ਹਨ। ਲੋਕਾਂ ਦੀ ਕਿਰਤ ਕਮਾਈ ਉੱਪਰ ਜਿਉਂ ਰਹੇ ਇਹ 'ਮਹਾਂਪੁਰਸ਼' ਲੋਕਾਂ ਨੂੰ ਮੁਕਤੀ ਦੇ ਨਾਂ ਤੇ, ਉਹਨਾਂ ਨੂੰ ਮੌਤ ਉਪਰੰਤ ਅਖੌਤੀ ਸਵਰਗ ਵਿੱਚ ਭੇਜਣ ਦਾ ਦਾਅਵਾ ਕਰਦੇ ਹਨ। ਭਾਵੇਂ ਸਾਡੇ ਦੇਸ਼ ਦਾ ਸੰਵਿਧਾਨ ਅਜਿਹੇ ਕਿਸੇ ਵੀ ਤਰ੍ਹਾਂ ਦੇ ਅੰਧਵਿਸ਼ਵਾਸ ਫੈਲਾਉਣ ਦੀ ਆਗਿਆ ਨਹੀਂ ਦਿੰਦਾ ਅਤੇ ਹਰ ਨਾਗਰਿਕ ਨੂੰ ਵਿਗਿਆਨਿਕ ਵਿਚਾਰਾਂ ਦਾ ਧਾਰਨੀ ਬਣਨ ਅਤੇ ਇਹਨਾਂ ਨੂੰ ਪ੍ਰਫੁੱਲਿਤ ਕਰਨ ਦਾ ਪਾਬੰਦ ਬਣਾਉਂਦਾ ਹੈ। ਪਰ ਇਸ ਦੇ ਬਾਵਜੂਦ ਵੀ ਕਰਾਮਾਤੀ ਗ਼ੈਰ ਵਿਗਿਆਨਿਕ ਪ੍ਰਚਾਰ, ਸੰਵਿਧਾਨ ਦੀ ਪਾਲਣਾ ਕਰਨ ਦੀ ਸੌਂਹ ਖਾ ਕੇ ਰਾਜ ਗੱਦੀਆਂ ਸਾਂਭਣ ਵਾਲੇ ਰਾਜਨੀਤੀਵਾਨਾ/ਹਾਕਮਾਂ ਦੀ ਛਤਰਛਾਇਆ ਹੇਠ ਨਿਰੰਤਰ ਜਾਰੀ ਹੈ। ਕਿਸੇ ਧਰਮ ਨੂੰ ਮੰਨਣਾ ਜਾਂ ਨਾ ਮੰਨਣਾ ਹਰ ਇੱਕ ਦਾ ਨਿੱਜੀ ਮਾਮਲਾ ਹੈ ਅਤੇ ਸੰਵਿਧਾਨਿਕ ਤੌਰ 'ਤੇ ਕਿਸੇ ਧਰਮ ਵਿਸ਼ੇਸ਼ ਲਈ ਸਰਕਾਰੀ ਖਜ਼ਾਨੇ ਵਿੱਚੋਂ ਪੈਸਾ ਖਰਚ ਕਰਨਾ ਵਰਜਿਤ ਹੈ। ਪਰ ਇਸ ਦੇ ਬਾਵਜੂਦ ਵੀ ਧਰਮਾਂ ਦੇ ਸੰਬੰਧ 'ਚ ਸਰਕਾਰੀ ਦਖ਼ਲ-ਅੰਦਾਜ਼ੀ ਅਤੇ ਖਜ਼ਾਨੇ ਦੀ ਵਰਤੋਂ ਅਕਸਰ ਹੀ ਵੇਖਣ ਨੂੰ ਮਿਲ ਜਾਂਦੀ ਹੈ। ਇਸ ਸੰਬੰਧੀ ਮੌਜੂਦਾ ਸਮੇਂ ਵਿੱਚ ਹੁਣੇ ਹੀ ਸਭ ਦੇ ਸਾਹਮਣੇ, ਜਦੋਂ ਇੱਕ ਪਾਸੇ ਦੇਸ਼ ਦੇ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਰੋਹ ਦੌਰਾਨ ਅਨੇਕਾਂ ਹੀ ਅਜਿਹੇ ਸਾਧਾਂ ਸੰਤਾਂ ਦਾ ਸੁਆਗਤ ਸਰਕਾਰੀ ਸਟੇਜ ਤੋਂ ਬੜੀ ਧੂਮ ਧਾਮ ਨਾਲ ਕੀਤਾ ਗਿਆ, ਜਿਹਨਾਂ ਦਾ ਦੇਸ਼ ਦੀ ਤਰੱਕੀ ਵਿੱਚ ਭੋਰਾ ਭਰ ਵੀ ਕੋਈ ਯੋਗਦਾਨ ਨਹੀਂ ਹੈ। ਪਰ ਦੂਜੇ ਪਾਸੇ ਉਸੇ ਵੇਲੇ ਦੇਸ਼ ਦਾ ਮਾਣ ਵਧਾਉਣ ਅਤੇ ਨਾਮ ਰੌਸ਼ਨ ਕਰਨ ਲਈ ਖ਼ੂਨ ਪਸੀਨਾ ਇੱਕ ਕਰਕੇ ਮੈਡਲ ਪ੍ਰਾਪਤ ਕਰਨ ਵਾਲੀਆਂ ਪਹਿਲਵਾਨ ਲੜਕੀਆਂ ਨਾਲ ਦਿੱਲੀ ਪੁਲਿਸ ਦੁਆਰਾ ਸੜਕਾਂ ਤੇ ਹੁੰਦਾ ਦੁਰ ਵਿਵਹਾਰ ਸਭ ਨੇ ਵੇਖਿਆ। ਇਕ ਪਾਸੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀਆਂ ਇਨਸਾਫ਼ ਮੰਗਦੀਆਂ ਲੜਕੀਆਂ ਨੂੰ ਸਜ਼ਾ ਅਤੇ ਦੂਜੇ ਪਾਸੇ ਕਿਰਤੀ ਵਰਗ ਦੀ ਖ਼ੂਨ ਪਸੀਨੇ ਦੀ ਕਮਾਈ ਨਾਲ ਭਰੇ ਖ਼ਜ਼ਾਨੇ ਨਾਲ ਅਖੌਤੀ ਸਾਧਾਂ ਦਾ ਸਤਿਕਾਰ ਦੇਸ਼ ਨੂੰ ਕਿਸ ਪਾਸੇ ਲਜਾਵੇਗਾ, ਗੰਭੀਰਤਾ ਨਾਲ ਵਿਚਾਰਨ ਦੀ ਮੰਗ ਕਰਦਾ ਹੈ। ਮੰਤਰਾਂ ਦੀ ਸ਼ਕਤੀ ਦਾ ਵਿਖਿਆਨ ਕਰਨ ਵਾਲੇ ਨਾਂਗਿਆਂ, ਪਾਂਡਿਆਂ, ਬ੍ਰਾਹਮਣਵਾਦੀਆਂ ਅਤੇ ਰਿੱਧੀਆਂ ਸਿੱਧੀਆਂ ਦਾ ਝੂਠਾ ਭੰਡੀ ਪ੍ਰਚਾਰ ਕਰਨ ਵਾਲਿਆਂ ਕੋਲ ਅੱਜ ਵੀ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਕਿ ਜਦੋਂ ਇਹਨਾਂ ਦੇ ਵਡੇਰੇ ਮਹਿਮੂਦ ਗਜ਼ਨਵੀ ਵਰਗੇ ਧਾੜਵੀਆਂ ਦਾ ਮੁਕਾਬਲਾ ਆਪਣੇ ਮੰਤਰਾਂ ਦੇ ਜਾਪ ਦੀ ਸ਼ਕਤੀ ਲਾਲ ਕਰਨ ਦਾ ਦਾਅਵਾ ਕਰ ਰਹੇ ਸਨ, ਓਦੋਂ ਕੀ ਵਾਪਰਿਆ? ਉਹ ਗਜ਼ਨਵੀ ਦੀਆਂ ਫ਼ੌਜਾਂ ਨੂੰ ਅੰਨ੍ਹਿਆਂ ਕਰਨ, ਭਸਮ ਕਰਨ ਦੇ ਅਡੰਬਰ ਅਤੇ ਦਾਅਵੇ ਕਰਦੇ ਰਹੇ, ਪਰ ਫ਼ੌਜਾਂ ਮੰਦਰਾਂ ਦਾ ਧਨ ਦੌਲਤ , ਸੋਨਾ, ਚਾਂਦੀ ਲੁੱਟਕੇ ਉਹਨਾਂ ਦੇ ਸਾਹਮਣੇ ਹੀ ਲੈ ਜਾਂਦੀਆਂ ਰਹੀਆਂ, ਪਰ ਇਹਨਾਂ ਦੇ ਮੰਤਰ ਕਿਸੇ ਕੰਮ ਨਾ ਆਏ ਸਗੋਂ ਅਜਿਹੇ ਸਾਰੇ ਅਡੰਬਰ ਦੇਸ਼ ਦੀ ਬਰਬਾਦੀ ਕਰਨ ਦਾ ਸਾਧਨ ਬਣਦੇ ਰਹੇ। ਅੱਜ ਵੀ ਸਾਡੇ ਸਿਆਸਤਦਾਨ/ਹਾਕਮ ਇਹਨਾਂ ਵਰਤਾਰਿਆਂ ਤੋਂ ਸਬਕ ਨਾ ਸਿੱਖਕੇ ਅਜਿਹੇ ਵਿਹਲੜ ਪੁਜਾਰੀ ਵਰਗ ਦੇ ਅਡੰਬਰਾਂ ਨੂੰ ਬੰਦ ਕਰਨ ਦੀ ਭੂਮਿਕਾ ਨਿਭਾਉਣ ਦੀ ਥਾਂ ਉਹਨਾਂ ਨੂੰ ਹੋਰ ਉਤਸਾਹਿਤ ਕਰਨ ਦਾ ਵਸੀਲਾ ਬਣ ਰਹੇ ਹਨ। ਕੀ ਦੇਸ਼ ਦੀ ਤਰੱਕੀ ਦਾ ਅਜਿਹੇ ਵਰਤਾਰਿਆਂ ਨਾਲ ਕੋਈ ਸੰਬੰਧ ਹੈ? ਇਸ ਸਾਰੀ ਖੇਡ ਦੇ ਪਿੱਛੇ ਜੋ ਅਸਲੀਅਤ ਸਮਝਣ ਵਾਲੀ ਹੈ, ਉਸ ਬਾਰੇ ਦੇਸ਼ ਦੀ ਦੁੱਖ ਸੰਤਾਪ ਭੋਗ ਰਹੀ ਵੱਡੀ ਗਿਣਤੀ ਜਨਸੰਖਿਆ ਲਈ ਸਮਝਣਾ ਬੇਹੱਦ ਜ਼ਰੂਰੀ ਹੈ।



ਧਰਮਾਂ ਦੀ ਸਿਆਸਤ ਨੇ ਇਸ ਵੱਡੀ ਗਿਣਤੀ ਲੋਕਾਂ ਨੂੰ ਦੰਗੇ ਫਸਾਦਾਂ ਦੀ ਭਰਾ ਮਾਰ ਜੰਗ ਦੀ ਕਤਲੋਗਾਰਦ ਤੋਂ ਬਿਨਾ ਹੁਣ ਤੱਕ ਦਿੱਤਾ ਹੀ ਕੀ ਹੈ? 1947 ਵਿੱਚ ਧਰਮ ਅਧਾਰਤ ਦੇਸ਼ ਦੀ ਵੰਡ ਸਮੇਂ ਅਨੇਕਾਂ ਲੋਕਾਂ ਦੇ ਕਤਲ, ਔਰਤਾਂ ਦੀਆਂ ਬੇਪੱਤੀਆਂ, ਬੱਚਿਆਂ ਨੂੰ ਲਾ ਵਾਰਸੀ ਤੇ ਘਰਾਂ ਦੇ ਉਜਾੜੇ ਤੋਂ ਬਿਨਾ ਕੀ ਮਿਲਿਆ? ਦੂਜੇ ਪਾਸੇ ਦੋਨਾਂ ਮੁਲਕਾਂ ਦੇ ਧਰਮਾਂ ਅਧਾਰਤ ਲੀਡਰਾਂ ਨੂੰ ਰਾਜ ਗੱਦੀਆਂ ਪ੍ਰਾਪਤ ਹੋਈਆਂ। ਇਸੇ ਤਰ੍ਹਾਂ ਗੁਜਰਾਤ ਅਤੇ ਦਿੱਲੀ ਸਮੇਤ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ, ਧਰਮਾਂ ਦੇ ਆਗੂਆਂ ਦੀ ਸੌੜੀ ਅਤੇ ਇਨਸਾਨੀਅਤ ਵਿਰੋਧੀ ਵਿਚਾਰਧਾਰਾ ਹੀ ਮਨੁੱਖੀ ਕਤਲੇਆਮ ਦਾ ਮੁੱਖ ਕਾਰਣ ਬਣੀ ਅਤੇ ਰਾਜ ਕਰਦਾ ਸ਼੍ਰੇਣੀ ਨੇ ਬੇਕਸੂਰ ਲੋਕਾਂ ਦਾ ਖ਼ੂਨ ਵਹਾਕੇ ਆਪਣੀਆਂ ਰਾਜ ਗੱਦੀਆਂ ਪੱਕੀਆਂ ਕੀਤੀਆਂ। ਇਸ ਤੋਂ ਸਪਸਟ ਹੈ ਕਿ ਲੋਕਾਂ ਦੀ ਅਗਿਆਨਤਾ ਕਾਰਣ ਰਾਜ ਸੱਤ੍ਹਾ ਹਥਿਆਉਣ ਵਾਲਿਆਂ ਦੀ ਗੰਦੀ ਰਾਜਨੀਤੀ ਰਾਹੀਂ , ਲੋਕਾਂ ਦੇ ਧਰਮ ਪ੍ਰਤੀ ਜਜਬਾਤਾਂ ਨੂੰ ਰਾਜ ਗੱਦੀ ਤੱਕ ਪਹੁਚਣ ਲਈ ਪੌੜੀ ਵਜੋਂ ਵਰਤਿਆ ਜਾਂਦਾ ਹੈ।

ਹਰ ਧਰਮ ਦਾ ਪੁਜਾਰੀ ਵਰਗ ਅਤੇ ਸਿਆਸੀ ਵਰਗ ਇਹ ਭਲੀ ਭਾਂਤ ਜਾਣਦਾ ਹੈ ਕਿ ਕਿਸੇ ਵੀ ਧਰਮ ਦੇ ਜੰਤਰ-ਮੰਤਰ ਅਤੇ ਪਾਠ ਪੂਜਾ ਨਾਲ ਨਾ ਤਾਂ ਕਿਸੇ ਮਨੁੱਖ ਦਾ ਕੁੱਝ ਸੰਵਾਰਿਆ ਜਾ ਸਕਦਾ ਹੈ ਅਤੇ ਨਾ ਹੀ ਵਿਗਾੜਿਆ ਜਾ ਸਕਦਾ ਹੈ। ਸਿਰਫ ਉਸ ਦੀ ਧਰਮ ਪ੍ਰਤੀ ਰੂੜੀ ਵਾਦੀ ਵਿਚਾਰਧਾਰਾ ਅਤੇ ਅਗਿਆਨਤਾ ਨੂੰ ਆਪਣੇ ਪੱਖ ਵਿੱਚ ਵਰਤਿਆ ਜ਼ਰੂਰ ਜਾ ਸਕਦਾ ਹੈ। ਇਸੇ ਕਰਕੇ ਆਮ ਜਨਤਾ ਨੂੰ ਇਸ ਜਾਲ ਵਿੱਚ ਉਲਝਾਕੇ ਰੱਖਣਾ ਦੋਵੇਂ ਧਿਰਾਂ (ਹਾਕਮ ਵਰਗ ਅਤੇ ਪੁਜਾਰੀ ਵਰਗ) ਦੀ ਇਸ ਕਰਕੇ ਲੋੜ ਹੈ, ਕਿਉਂਕਿ ਦੋਵਾਂ ਦੀ ਹੋਂਦ ਲੋਕਾਂ ਨੂੰ ਰੂੜ੍ਹੀਵਾਦੀ ਅੰਧਵਿਸ਼ਵਾਸਾਂ ਵਿੱਚ ਉਲਝਾਈ ਰੱਖਣ ਨਾਲ ਹੀ ਬਰਕਰਾਰ ਰਹਿੰਦੀ ਹੈ। ਇਹਨਾਂ ਨੂੰ ਪਤਾ ਹੈ ਕਿ ਲੋਕ ਜਿੰਨੇ ਵੱਧ ਅਨਪੜ੍ਹ, ਅੰਧਵਿਸ਼ਵਾਸੀ ਅਤੇ ਕਿਸਮਤਵਾਦੀ ਬਣੇ ਰਹਿਣਗੇ, ਉਨ੍ਹੇ ਹੀ ਸਰਕਾਰਾਂ ਲਈ ਘੱਟ ਸਿਰਦਰਦੀ ਬਨਣਗੇ। ਇਸੇ ਕਰਕੇ ਸਰਕਾਰਾਂ ਅਤੇ ਸਾਧਾਂ ਸੰਤਾਂ ਦੀ ਸਾਂਝ ਭਿਆਲੀ ਯੋਜਨਾਬੱਧ ਢੰਗ ਨਾਲ ਲੋਕਾਂ ਨੂੰ ਮੂਰਖ ਬਣਾਕੇ ਰੱਖਣ ਲਈ ਇੱਕ ਮਿੱਕ ਹਨ। ਲੋਕਾਂ ਦੇ ਰੂੜ੍ਹੀਵਾਦੀ ਤੇ ਕਿਸਮਤਵਾਦੀ ਵਿਚਾਰ ਬਣੇ ਰਹਿਣ ਲਈ ਪੁਜਾਰੀ ਵਰਗ ਹਰ ਧਾਰਮਿਕ ਅਦਾਰੇ ਵਿੱਚ ਬਿਰਾਜਮਾਨ ਹੈ। ਇਹਨਾਂ ਵੱਲੋਂ ਦਿੱਤੇ ਜਾ ਰਹੇ ਉਪਦੇਸ਼ਾਂ ਅਨੁਸਾਰ ਜੇ ਲੋਕ ਆਪਣੀ ਜ਼ਿੰਦਗੀ ਦੇ ਮਾੜੇ ਹਾਲਾਤਾਂ ਨੂੰ ਆਪਣੀ ਕਿਸਮਤ ਵਿੱਚ ਲਿਖਿਆ ਸਮਝਦੇ ਰਹਿਣਗੇ, ਤਾਂ ਉਹਨਾਂ ਦੀ ਮਾੜੀ ਜ਼ਿੰਦਗੀ ਲਈ ਜ਼ਿੰਮੇਵਾਰ ਰਾਜ ਪ੍ਰਬੰਧ ਚਲਾ ਰਹੀਆਂ ਸਰਕਾਰਾਂ ਆਪਣੀ ਜ਼ੁੰਮੇਵਾਰੀ ਪ੍ਰਤੀ ਜਵਾਬਦੇਹੀ ਤੋਂ ਮੁਕਤ ਹੁੰਦੀਆਂ ਰਹਿਣਗੀਆਂ। ਇਸ ਤਰ੍ਹਾਂ ਪੁਜਾਰੀ ਵਰਗ ਅਤੇ ਸਰਕਾਰਾਂ ਇੱਕ ਦੂਜੇ ਦੇ ਪੂਰਕ ਬਣਕੇ ਚੱਲ ਰਹੇ ਹਨ। ਹੁਣ ਜੇਕਰ ਕੁੱਝ ਲੋਕ ਵਿਚਾਧਾਰਕ ਤੌਰ 'ਤੇ ਇਸ ਖੇਡ ਨੂੰ ਸਮਝਣ ਲੱਗੇ ਹਨ ਤਾਂ ਸਰਕਾਰ ਨੇ ਵਿੱਦਿਅਕ ਸਿਲੇਬਸ ਵਿੱਚੋਂ ਵਿਗਿਆਨਿਕ ਸੋਝੀ ਦੇਣ ਵਾਲੇ ਹਿੱਸੇ ਹੀ ਕੱਢੇ ਜਾ ਰਹੇ ਹਨ ਤਾਂ ਕਿ ਲੋਕਾਂ ਦਾ ਸੋਚਣ ਢੰਗ ਵਿਕਸਤ ਨਾ ਹੋ ਸਕੇ। ਉਸ ਵੱਲੋਂ ਪੜ੍ਹਾਈ ਨੂੰ ਇਸ ਤਰ੍ਹਾਂ ਦਾ ਬਣਾਇਆ ਜਾ ਰਿਹਾ ਹੈ ਜੋ ਕਿ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਲੇਬਰ ਮਹੱਈਆ ਹੋਣ ਦਾ ਮੰਤਵ ਹੀ ਪੂਰਾ ਕਰੇ। ਇਸ ਤਰ੍ਹਾਂ ਰੂੜ੍ਹੀਵਾਦੀ ਵਿਚਾਰਾਂ ਦਾ ਬੋਲਬਾਲਾ ਬਰਕਰਾਰ ਰੱਖਣ ਦੇ ਸਰਕਾਰੀ ਯਤਨ ਜਾਰੀ ਹਨ ਜਿਸ ਦਾ ਤਰੱਕੀ ਪਸੰਦ ਲੋਕਾਂ ਵੱਲੋਂ ਵਿਰੋਧ ਵੀ ਜਾਰੀ ਹੈ ਜੋ ਚੰਗੇ ਭਵਿੱਖ ਦੇ ਸੰਕੇਤ ਵਜੋਂ ਓਦੋਂ ਤੱਕ ਜਾਰੀ ਰਹਿਣਾ ਜ਼ਰੂਰੀ ਹੈ, ਜਦੋਂ ਤੱਕ ਮਨੁੱਖ ਦੇ ਹਰ ਪੱਖ ਦੇ ਅੰਧਵਿਸ਼ਵਾਸੀ ਵਿੱਚ ਜਕੜੇ ਰੂੜ੍ਹੀਵਾਦੀ ਵਿਚਾਰ ਸਹੀ ਉਸਾਰੂ ਦਿਸ਼ਾ ਵੱਲ ਮੋੜਾ ਨਹੀਂ ਕੱਟ ਲੈਂਦੇ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

HOMELIFE SILVERCITY
REALTY INC.,BROKERAGE
(Independently Owned and Operated)

HOMELIFE HIGHER STANDARDS

# #7 CANADA WIDE
BROKERAGE WITH HOMELIFE BRAND
2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 450 REALTORS

HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton







DEBT PROBLEMS?
ਵਿੱਤੀ ਸਮੱਸਿਆਵਾਂ ਨੂੰ ਅਲਵਿਦਾ ਕਹੋ, ਚੰਗੇ ਸਮਿਆਂ ਨੂੰ ਜੀ ਆਇਆਂ ਕਹੋ
with Steve Talwar
"Our Thoughts Are Beyond Your Limits"
Goodbye Problems.com
Help in Consumer Proposal
Help in Bankruptcy
Help in Credit Repair
Help in Debt Consolidation
Helping Small Business Owners
Free Consultation
Will Motivate You Thur The Dark Phases
Check out our Website for More Information and Our Testimonials
23 Years Experienced Credit Counselor
Feeling Stressed By your Debts
We Help In
Harassing Calls from Creditors?
Students loan & Payday loans
Missing EMI Payment?
Looking for debt settlements?
Legal action due to your debts?
CRA issues & Salary Garnishment
Corporate Bankruptcy
Corporate Proposal
Debt management
We are here to resolve all your Debt Problems
Avoid Bankruptcy We can help
ਕਿਸੇ ਟਰੱਸਟੀ ਨਾਲ ਗੱਲ ਕਰਨ ਤੋਂ ਪਹਿਲਾਂ
ਆਪਣੇ ਅਧਿਕਾਰਾਂ ਨੂੰ ਸਮਝੋ
Steve Talwar
Credit Consultant
(905) 272 0090
2 County Ct Blvd Suite : 434, Brampton, On L6W 3W8
steve@goodbyeproblems.com | www.GoodByeProblems.com




Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX REALTY INNOVATIONS




Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6